ਕੌਮਾਂਤਰੀ www.amritsartimes.com
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 234| 1 to 7 July 2026 | Ph.: (510) 240-5949 | Email: asrtimes@gmail.com

### ਜਾਗਤ ਜੋਤਿ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2026 ਦਾ ਮਾਮਲਾ

# ਕੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਸਖ਼ਤ ਰੁਖ਼ ਤੋਂ ਬਾਅਦ ਬੈਕਫੁੱਟ ’ਤੇ ਆਵੇਗੀ ਭਗਵੰਤ ਮਾਨ ਸਰਕਾਰ ?

## ਸਰਕਾਰ ਨੂੰ ਇੱਕ ਮਹੀਨੇ ਦਾ ਅਲਟੀਮੇਟਮ, ਕਾਨੂੰਨ ’ਚ ਸੋਧ ਹੋਣ ਤੱਕ ਐਕਟ ਮੁਲਤਵੀ ਰੱਖਣ ਦੇ ਆਦੇਸ਼

## ਸਿਆਸੀ ਬੌਧਿਕਤਾ ਦਾ ਦੀਵਾਲੀਆਪਨ ! ‘ਆਪ’ ਵਿਧਾਇਕਾਂ ਨੇ ਮੰਨਿਆ ‘ਬਿਨਾਂ ਪੜ੍ਹੇ ਹੀ ਕਾਹਲੀ ’ਚ ਪਾਸ ਕੀਤਾ ਸੀ ਕਾਨੂੰਨ’



ਪੰਜਾਬ ਸਰਕਾਰ ਵੱਲੋਂ ਬਿਨਾਂ ਪੰਥਕ ਸਹਿਮਤੀ ਦੇ ਪਾਸ ਕੀਤੇ ਗਏ ‘ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਕਾਨੂੰਨ-2026’ ਨੂੰ ਲੈ ਕੇ ਪੈਦਾ ਹੋਇਆ ਵਿਵਾਦ ਹੁਣ ਇੱਕ ਨਵੇਂ ਮੋੜ ’ਤੇ ਪਹੁੰਚ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ’ਤੇ ਤਲਬ ਕੀਤੇ ਜਾਣ ਤੋਂ ਬਾਅਦ ਬੀਤੇ ਦਿਨੀਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਸਿੱਖ ਕੈਬਨਿਟ ਮੰਤਰੀਆਂ ਅਤੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਕਰੀਬ 87 ਵਿਧਾਇਕਾਂ ਨੇ ਅਕਾਲ ਤਖ਼ਤ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਹੋ ਕੇ ਆਪਣਾ ਪੱਖ ਰੱਖਿਆ। ਇਸ ਪੂਰੇ ਘਟਨਾਕ੍ਰਮ ਦਾ ਸੰਚਾਲਨ ਕਰਨ ਵਾਲੇ ਪੰਜ ਸਿੰਘ ਸਾਹਿਬਾਨ ਵਿੱਚ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ (ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ), ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਤੇ ਗਿਆਨੀ ਕੇਵਲ ਸਿੰਘ ਅਤੇ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰਿਆਂ ਵਿੱਚੋਂ ਗਿਆਨੀ ਮੰਗਲ ਸਿੰਘ ਸ਼ਾਮਿਲ ਸਨ।

ਸਿਆਸੀ ਮਾਹਿਰਾਂ ਅਨੁਸਾਰ ਇਸ ਪਿੱਛੇ ਬਾਦਲ ਦਲ ਦੀ ਇੱਕ ਸਪੱਸ਼ਟ ਅਤੇ ਡੂੰਘੀ ਸਿਆਸਤ ਨਜ਼ਰ ਆਉਂਦੀ ਹੈ। ਅਕਾਲੀ ਦਲ ਇਸ ਸੰਵੇਦਨਸ਼ੀਲ ਬਿੱਲ ’ਤੇ ਵਿਧਾਨ ਸਭਾ ਅੰਦਰ ਸਿੱਧਾ ਸਟੈਂਡ ਲੈਣ ਤੋਂ ਬਚਣਾ ਚਾਹੁੰਦਾ ਸੀ। ਜੇਕਰ ਉਹ ਹਾਊਸ ਵਿੱਚ ਇਸ ਦਾ ਖੁੱਲ੍ਹ ਕੇ ਵਿਰੋਧ ਕਰਦੇ, ਤਾਂ ਸੱਤਾਧਾਰੀ ਧਿਰ (ਆਪ) ਉਨ੍ਹਾਂ ’ਤੇ ਬੇਅਦਬੀ ਦੇ ਮਾਮਲਿਆਂ ਵਿੱਚ ਰੋੜਾ ਅਟਕਾਉਣ ਅਤੇ ਡੇਰਾ ਸਮਰਥਕਾਂ ਨੂੰ ਬਚਾਉਣ ਦੇ ਸਿਆਸੀ ਦੋਸ਼ ਮੜ੍ਹ ਸਕਦੀ ਸੀ। ਇਸ ਲਈ ਵਿਧਾਨ ਸਭਾ ਦੇ ਸੈਸ਼ਨ ਤੋਂ ਦੂਰੀ ਬਣਾ ਕੇ ਰੱਖਣਾ ਅਤੇ ਬਾਅਦ ਵਿੱਚ ਧਾਰਮਿਕ ਮੰਚ ’ਤੇ ਆ ਕੇ ਹਮਦਰਦੀ ਜਿੱਤਣਾ, ਬਾਦਲ ਦਲ ਦੀ ਇੱਕ ਸੁਰੱਖਿਅਤ ‘ਵੇਟ ਐਂਡ ਵਾਚ’ (ਦੇਖੋ ਤੇ ਇੰਤਜ਼ਾਰ ਕਰੋ) ਦੀ ਨੀਤੀ ਦਾ ਹਿੱਸਾ ਸੀ।

ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਅਗਵਾਈ ਹੇਠ ਹੋਈ ਇਸ ਵਿਸ਼ੇਸ਼ ਇਕੱਤਰਤਾ ਦੌਰਾਨ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਸਰਕਾਰ ਨੂੰ ਕਾਨੂੰਨ ਵਿਚਲੀਆਂ ਤਰੁੱਟੀਆਂ ਅਤੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਸ਼ਬਦਾਵਲੀ ਨੂੰ ਦਰੁਸਤ ਕਰਨ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਜਥੇਦਾਰ ਨੇ ਸਖ਼ਤ ਹਦਾਇਤ ਕੀਤੀ ਹੈ ਕਿ ਜਿੰਨਾ ਚਿਰ ਇਸ ਕਾਨੂੰਨ ਵਿੱਚ ਲੋੜੀਂਦੀਆਂ ਸੋਧਾਂ ਨਹੀਂ ਹੁੰਦੀਆਂ, ਉਦੋਂ ਤੱਕ ਇਸ ਐਕਟ ਦੀ ਕਾਰਵਾਈ ਨੂੰ ਪੂਰੀ ਤਰ੍ਹਾਂ ਮੁਲਤਵੀ (ਹੋਲਡ) ਰੱਖਿਆ ਜਾਵੇ। ਇਸ ਫ਼ੈਸਲੇ ’ਤੇ ਹਾਜ਼ਰ ਸਮੂਹ ਮੰਤਰੀਆਂ ਅਤੇ ਵਿਧਾਇਕਾਂ ਨੇ ਬਾਹਵਾਂ ਖੜ੍ਹੀਆਂ ਕਰਕੇ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਆਪਣੀ ਸਹਿਮਤੀ ਪ੍ਰਗਟਾਈ।

**ਵਿਧਾਇਕਾਂ ਦੀ ਬੌਧਿਕ ਨਿਘਾਰ ਸਾਹਮਣੇ ਆਇਆ**

ਇਸ ਘਟਨਾਕ੍ਰਮ ਨੇ ਨਾ ਸਿਰਫ਼ ਸਾਡੇ ਚੁਣੇ ਹੋਏ ਨੁਮਾਇੰਦਿਆਂ ਦੀ ਬੌਧਿਕ ਕੰਗਾਲੀ, ਕਾਹਲੀਪਨ ਅਤੇ ਗੰਭੀਰਤਾ ਦੀ ਕਮੀ ਨੂੰ ਜਗ-ਜ਼ਾਹਰ ਕੀਤਾ ਹੈ, ਬਲਕਿ ਸਿੱਖ ਸਿਧਾਂਤਾਂ ਪ੍ਰਤੀ ਉਨ੍ਹਾਂ ਦੀ ਅਗਿਆਨਤਾ ਦਾ ਪਰਦਾਫਾਸ਼ ਵੀ ਕਰ ਦਿੱਤਾ ਹੈ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਜਿਸ ਕਾਨੂੰਨ ਨੂੰ ਬਿਨਾਂ ਪੜ੍ਹੇ, ਬਿਨਾਂ ਵਿਚਾਰੇ ਅਤੇ ਬਿਨਾਂ ਕਿਸੇ ਠੋਸ ਬਹਿਸ ਦੇ ਵਿਧਾਨ ਸਭਾ ਵਿੱਚ ਪਾਸ ਕਰ ਦਿੱਤਾ ਗਿਆ, ਉਹ ਸਿਰਫ਼ ਇੱਕ ਕਾਨੂੰਨੀ ਜਾਂ ਪ੍ਰਸ਼ਾਸਨਿਕ ਨਾਕਾਮੀ ਨਹੀਂ ਹੈ, ਬਲਕਿ ਪੰਜਾਬ ਦੇ ਵਿਧਾਇਕਾਂ ਦੀ ਸੋਝੀ ਦੇ ਨਿਘਾਰ ਦਾ ਇੱਕ ਚਿੰਤਾਜਨਕ ਸਬੂਤ ਹੈ।

ਪੰਥਕ ਮਾਹਿਰਾਂ ਦਾ ਕਹਿਣਾ ਹੈ ਕਿ ਕਈ ਸੀਨੀਅਰ ਵਿਧਾਇਕਾਂ ਵੱਲੋਂ ਇਹ ਬਿਆਨ ਦੇਣਾ ਕਿ ‘ਐਕਟ ਬਹੁਤ ਕਾਹਲੀ ਵਿੱਚ ਪਾਸ ਹੋਇਆ ਅਤੇ ਸਮਾਂ ਨਹੀਂ ਮਿਲਿਆ,’ ਕੋਈ ਵਾਜਬ ਬਹਾਨਾ ਨਹੀਂ ਹੋ ਸਕਦਾ। ਇਹ ਇਸ ਹਕੀਕਤ ਦੀ ਪੁਸ਼ਟੀ ਹੈ ਕਿ ਪੰਜਾਬ ਦੀ ਲੀਡਰਸ਼ਿਪ ਇੰਨੇ ਨਾਜ਼ੁਕ ਮੁੱਦਿਆਂ ’ਤੇ ਵੀ ਅੱਖਾਂ ਮੀਟ ਕੇ ਦਸਤਖਤ ਕਰਨ ਦੀ ਆਦੀ ਹੋ ਚੁੱਕੀ ਹੈ। ਜੇਕਰ ਚੁਣੇ ਹੋਏ ਨੁਮਾਇੰਦਿਆਂ ਨੂੰ ਠੀਕ-ਗਲਤ ਦੀ ਇੰਨੀ ਬੁਨਿਆਦੀ ਸੋਝੀ ਵੀ ਨਹੀਂ, ਤਾਂ ਇਹ ਬੌਧਿਕਤਾ ਦਾ ਦੀਵਾਲੀਆਪਨ ਹੈ। ਇਹ ਕੋਈ ਆਮ ਸਰਕਾਰੀ ਬਿੱਲ ਨਹੀਂ ਸੀ; ਇਹ ਸਿੱਖਾਂ ਦੇ ਸਰਵਉੱਚ ਅਧਿਆਤਮਿਕ ਰਹਿਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਥਾਰਟੀ ਅਤੇ ਮਰਯਾਦਾ ਦਾ ਸਵਾਲ ਸੀ।

**ਇਸ ਘਟਨਾ ਦਾ ਸਿਆਸੀ ਲਾਭ ਕਿਸਨੂੰ ਹੋਵੇਗਾ ?**

ਹੁਣ ਸਭ ਤੋਂ ਅਹਿਮ ਸਵਾਲ ਇਹ ਹੈ ਕਿ ਪੰਜਾਬ ਦੀ ਰਾਜਨੀਤੀ ਵਿੱਚ ਇਸ ਪੂਰੇ ਘਟਨਾਕ੍ਰਮ ਦਾ ਸਿਆਸੀ ਫਾਇਦਾ ਕਿਸ ਨੂੰ ਹੋਵੇਗਾ ? ਪਹਿਲੀ ਨਜ਼ਰੇ, ਇਸ ਦਾ ਸਭ ਤੋਂ ਵੱਡਾ ਨੁਕਸਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੋਇਆ ਹੈ। ਮੁੱਖ ਮੰਤਰੀ ਭਗਵੰਤ ਮਾਨ ਜੋ ਪਹਿਲਾਂ ਇਸ ਕਾਨੂੰਨ ਵਿੱਚ ਕਿਸੇ ਵੀ ਬਦਲਾਅ ਨਾ ਕਰਨ ਦੇ ਅੜੀਅਲ ਸਟੈਂਡ ’ਤੇ ਸਨ, ਹੁਣ ਪੂਰੀ ਤਰ੍ਹਾਂ ਬੈਕਫੁੱਟ ’ਤੇ ਆ ਗਏ ਹਨ ਅਤੇ ਉਨ੍ਹਾਂ ਦੇ ਵਿਧਾਇਕ ਜਨਤਕ ਤੌਰ ’ਤੇ ਬੌਧਿਕ ਤੌਰ ’ਤੇ ਨਿਘਰੇ ਸਾਬਿਤ ਹੋਏ ਹਨ। ਦੂਜੇ ਪਾਸੇ, ਇਸ ਦਾ ਸਿੱਧਾ ਸਿਆਸੀ ਲਾਭ ਕਾਂਗਰਸ ਅਤੇ ਵਿਰੋਧੀ ਧਿਰ ਨੂੰ ਮਿਲਦਾ ਦਿਖਾਈ ਦੇ ਰਿਹਾ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਸੁਖਪਾਲ ਸਿੰਘ ਖਹਿਰਾ ਨੇ ਇਸ ਮੁੱਦੇ ਨੂੰ ਭੁੰਨਾਉਂਦੇ ਹੋਏ ਸਰਕਾਰ ਨੂੰ ‘ਗ਼ੈਰ-ਤਜਰਬੇਕਾਰ’ ਅਤੇ ਪੰਥ-ਵਿਰੋਧੀ ਸਾਬਿਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਕਾਂਗਰਸ ਨੇ ਇਸ ਮੁੱਦੇ ’ਤੇ ਬਹੁਤ ਹੀ ਹੁਸ਼ਿਆਰੀ ਨਾਲ ਸਿਆਸੀ ਸਿੱਕਾ ਜਮਾਇਆ। ਵਿਧਾਨ ਸਭਾ ਵਿੱਚ ਬਿੱਲ ਪਾਸ ਹੋਣ ਵੇਲੇ ਭਾਵੇਂ ਵਿਰੋਧੀ ਧਿਰ ਵੀ ਇਸ ਦੀ ਬਾਰੀਕੀ ਨੂੰ ਨਹੀਂ ਫੜ ਸਕੀ ਸੀ, ਪਰ ਅਕਾਲ ਤਖ਼ਤ ਸਾਹਿਬ ’ਤੇ ਪੇਸ਼ੀ ਦੌਰਾਨ ਕਾਂਗਰਸ ਨੇ ਖ਼ੁਦ ਨੂੰ ‘ਪੰਥ ਅਤੇ ਮਰਯਾਦਾ ਦੇ ਰਾਖੇ’ ਵਜੋਂ ਪੇਸ਼ ਕੀਤਾ ਤੇ ਜਥੇਦਾਰ ਦਾ ਸਮਰਥਨ ਕੀਤਾ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਵੀ ਆਪਣੀ ਖੁੱਸ ਰਹੀ ਪੰਥਕ ਜ਼ਮੀਨ ਨੂੰ ਮੁੜ ਹਾਸਲ ਕਰਨ ਦਾ ਇੱਕ ਮੌਕਾ ਮਿਲਿਆ ਹੈ। ਅਕਾਲੀ ਹਲਕੇ ਮੰਨਦੇ ਹਨ ਕਿ ਆਪ ਦਾ ਸਿਆਸੀ ਗ੍ਰਾਫ ਹੇਠਾਂ ਆਉਣ ਨਾਲ ਅਕਾਲੀ ਦਲ ਨੂੰ ਹੋਵੇਗਾ। ਪੰਥਕ ਵੋਟ ਬੈਂਕ ਜੋ ਆਪ ਨਾਲ ਜੁੜਿਆ ਸੀ ਉਹ ਮੁੜ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੇਗਾ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਜਦੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਵਿਰੋਧੀ ਧਿਰ ਦੇ ਨੇਤਾ ਇਕੱਠੇ ਨੰਗੇ ਪੈਰੀਂ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਹੇਠਾਂ ਪੇਸ਼ ਹੋਏ, ਤਾਂ ਉਨ੍ਹਾਂ ਨੇ ਦੁਨਿਆਵੀ ਸਿਆਸੀ ਤਾਕਤ ਨੂੰ ਧਾਰਮਿਕ ਸਰਵਉੱਚਤਾ ਅੱਗੇ ਪੂਰੀ ਤਰ੍ਹਾਂ ਝੁਕਾ ਦਿੱਤਾ।

ਸੱਚਾਈ ਇਹ ਵੀ ਹੈ ਕਿ ਜਦੋਂ ਜਥੇਦਾਰ ਨੇ ਕਾਨੂੰਨ ਦੀਆਂ ਖ਼ਾਮੀਆਂ ਗਿਣਾਈਆਂ, ਤਾਂ ਕਿਸੇ ਵੀ ਪਾਰਟੀ ਦੇ ਵਿਧਾਇਕ ਨੇ ਬਹਿਸ ਨਹੀਂ ਕੀਤੀ। ਸਾਰਿਆਂ ਨੇ ‘ਬੋਲੇ ਸੋ ਨਿਹਾਲ’ ਦੇ ਜੈਕਾਰਿਆਂ ਨਾਲ ਬਾਹਵਾਂ ਖੜ੍ਹੀਆਂ ਕਰਕੇ ਜਥੇਦਾਰ ਦੇ ਹੁਕਮ ’ਤੇ ਸਹੀ ਪਾਈ। ਇਸ ਸਮਰਪਣ ਨੇ ਜਥੇਦਾਰ ਨੂੰ ਇਹ ਤਾਕਤ ਦਿੱਤੀ ਕਿ ਉਹ ਚੁਣੀ ਹੋਈ ਸਰਕਾਰ ਦੇ ਕਾਨੂੰਨ ਨੂੰ ਇੱਕ ਮਹੀਨੇ ਲਈ ‘ਹੋਲਡ’ (ਮੁਲਤਵੀ) ਕਰਨ ਦਾ ਐਲਾਨ ਕਰ ਸਕੇ।

ਪੰਜਾਬ ਦੀ ਸਿਆਸਤ ਦਾ ਇਹ ਇਤਿਹਾਸ ਰਿਹਾ ਹੈ ਕਿ ਜਿਹੜੀ ਵੀ ਸਰਕਾਰ ਅਕਾਲ ਤਖ਼ਤ ਸਾਹਿਬ ਜਾਂ ਸਿੱਖ ਭਾਵਨਾਵਾਂ ਨਾਲ ਸਿੱਧਾ ਟਕਰਾਅ ਸਹੇੜਦੀ ਹੈ, ਉਸ ਨੂੰ ਭਾਰੀ ਸਿਆਸੀ ਖ਼ਾਮਿਆਜ਼ਾ ਭੁਗਤਣਾ ਪੈਂਦਾ ਹੈ।

‘ਆਪ’ ਲੀਡਰਸ਼ਿਪ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਜੇਕਰ ਉਨ੍ਹਾਂ ਨੇ ਜਥੇਦਾਰ ਦੇ ਸਾਹਮਣੇ ਅੜੀਅਲ ਰੁਖ਼ ਅਪਣਾਇਆ, ਤਾਂ ਵਿਰੋਧੀ ਧਿਰ ਉਨ੍ਹਾਂ ’ਤੇ ‘ਪੰਥ ਵਿਰੋਧੀ’ ਹੋਣ ਦਾ ਠੱਪਾ ਲਗਾ ਦੇਵੇਗੀ।

ਪੰਜਾਬ ਦੇ ਪੇਂਡੂ ਅਤੇ ਸਿੱਖ ਵੋਟ ਬੈਂਕ ਨੂੰ ਬਚਾਉਣ ਲਈ ਵਿਧਾਇਕਾਂ ਕੋਲ ਨਿਮਰਤਾ ਧਾਰਨ ਕਰਨ ਅਤੇ ਜਥੇਦਾਰ ਦੀ ਹਰ ਗੱਲ ਨੂੰ ‘ਸਤਿ ਬਚਨ’ ਕਹਿ ਕੇ ਮੰਨਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਦਾ ਸਟੈਂਡ ਬੇਹੱਦ ਸਖ਼ਤ ਸੀ ਕਿ ਕਾਨੂੰਨ ਵਿੱਚ ਕੋਈ ਸੋਧ ਨਹੀਂ ਹੋਵੇਗੀ। ਪਰ ਜਦੋਂ 87 ਵਿਧਾਇਕਾਂ ਨੂੰ ਸਿੱਧਾ ਤਲਬ ਕੀਤਾ ਗਿਆ, ਤਾਂ ਮੁੱਖ ਮੰਤਰੀ ਦੇ ਸਖ਼ਤ ਸਟੈਂਡ ਦਾ ਬੋਝ ਇਨ੍ਹਾਂ ਵਿਧਾਇਕਾਂ ਨੂੰ ਚੁੱਕਣਾ ਪਿਆ। ਉਹ ਨਾ ਤਾਂ ਆਪਣੇ ਮੁੱਖ ਮੰਤਰੀ ਦੇ ਸਟੈਂਡ ਦਾ ਬਚਾਅ ਕਰ ਸਕੇ ਅਤੇ ਨਾ ਹੀ ਜਥੇਦਾਰ ਦੇ ਦਬਕਿਆਂ ਦਾ ਸਾਹਮਣੇ ਕਰ ਸਕੇ, ਜਿਸ ਕਾਰਨ ਉਹ ਪੂਰੀ ਤਰ੍ਹਾਂ ਲਾਚਾਰ ਦਿਖਾਈ ਦਿੱਤੇ।

**ਸਿੱਟਾ**

ਪਰ ਇਸ ਸਾਰੀ ਸਿਆਸਤ ਤੋਂ ਪਰੇ, ਸਭ ਤੋਂ ਵੱਡੀ ਜਿੱਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚ ਅਥਾਰਟੀ ਦੀ ਹੋਈ ਹੈ। ਪਿਛਲੇ ਕੁਝ ਸਮੇਂ ਤੋਂ ਸਰਕਾਰ ਅਤੇ ਧਾਰਮਿਕ ਸੰਸਥਾਵਾਂ ਵਿਚਾਲੇ ਚੱਲ ਰਹੇ ਟਕਰਾਅ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਸ਼ਬਦ-ਗੁਰੂ ਦੀ ਮਰਯਾਦਾ ਅਤੇ ਪੰਥਕ ਰਵਾਇਤਾਂ ਕਿਸੇ ਵੀ ਦੁਨਿਆਵੀ ਸਰਕਾਰ ਜਾਂ ਵੋਟ-ਬੈਂਕ ਦੀ ਸਿਆਸਤ ਤੋਂ ਬਹੁਤ ਉੱਪਰ ਹਨ। ਪੰਜਾਬ ਦੇ ਸਿਆਸਤਦਾਨਾਂ ਲਈ ਹੁਣ ਇਹ ਸਬਕ ਹੈ ਕਿ ਉਹ ਧਾਰਮਿਕ ਸੰਵੇਦਨਸ਼ੀਲਤਾ ਵਾਲੇ ਮੁੱਦਿਆਂ ਨੂੰ ਸਿਆਸੀ ਮੱਲਾਂ ਮਾਰਨ ਦਾ ਜ਼ਰੀਆ ਨਾ ਬਣਾਉਣ, ਬਲਕਿ ਸਦਨ ਵਿੱਚ ਬੈਠ ਕੇ ਕਿਸੇ ਵੀ ਕਾਨੂੰਨ ’ਤੇ ਦਸਤਖ਼ਤ ਕਰਨ ਤੋਂ ਪਹਿਲਾਂ ਉਸ ਨੂੰ ਪੜ੍ਹਨ, ਸਮਝਣ ਅਤੇ ਆਤਮ-ਚਿੰਤਨ ਕਰਨ ਦੀ ਆਦਤ ਪਾਉਣ।

### ਜਥੇਦਾਰ ਦੇ ਫ਼ੈਸਲੇ ਤੋਂ ਬਾਅਦ ‘ਆਪ’ ਸਰਕਾਰ ਕੋਲ ਕੀ ਹੈ ਰਾਹ ?

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਇਸ ਐਕਟ ਦੀਆਂ ਤਰੁੱਟੀਆਂ ਨੂੰ ਲੈ ਕੇ ਸਰਕਾਰ ਨੂੰ ਇੱਕ ਮਹੀਨੇ ਦਾ ਸਮਾਂ ਦੇਣਾ ਅਤੇ ਉਦੋਂ ਤੱਕ ਕਾਨੂੰਨ ਨੂੰ ‘ਹੋਲਡ’ (ਮੁਲਤਵੀ) ਰੱਖਣ ਦਾ ਆਦੇਸ਼ ਦੇਣਾ ਇੱਕ ਅਹਿਮ ਮੋੜ ਹੈ। ਮੀਟਿੰਗ ਤੋਂ ਬਾਅਦ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਬੜੀ ਅਧੀਨਗੀ ਨਾਲ ਕਿਹਾ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਦਾ ਪੂਰਾ ਸਤਿਕਾਰ ਕਰਦੇ ਹਨ ਅਤੇ ਜਥੇਦਾਰ ਸਾਹਿਬ ਵੱਲੋਂ ਮਿਲਣ ਵਾਲੀ ਸੁਝਾਵਾਂ ਦੀ ਕਾਪੀ ’ਤੇ ਸਰਕਾਰ ਵਿਚਾਰ ਕਰਕੇ ਇੱਕ ਮਹੀਨੇ ਦੇ ਅੰਦਰ ਯੋਗ ਫ਼ੈਸਲਾ ਲਵੇਗੀ। ਫਿਲਹਾਲ,ਇਸ ਸਦਭਾਵਨਾਪੂਰਨ ਮੀਟਿੰਗ ਤੋਂ ਬਾਅਦ ਸਰਕਾਰ ਅਤੇ ਅਕਾਲ ਤਖ਼ਤ ਸਾਹਿਬ ਵਿਚਾਲੇ ਚੱਲ ਰਿਹਾ ਸਿੱਧਾ ਤਣਾਅ ਕੁਝ ਘਟਦਾ ਨਜ਼ਰ ਆ ਰਿਹਾ ਹੈ, ਪਰ ਸਰਕਾਰ ਦਾ ਅਗਲਾ ਕਦਮ ਹੀ ਪੰਜਾਬ ਦੀ ਸਿਆਸਤ ਦੀ ਅਗਲੀ ਦਿਸ਼ਾ ਤੈਅ ਕਰੇਗਾ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਸ ਨੂੰ ਸਰਕਾਰ ਦਾ ‘ਗ਼ੈਰ-ਤਜਰਬੇਕਾਰਪਨ’ ਦੱਸਿਆ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਹਿਲਾਂ ਕਾਨੂੰਨ ਵਿੱਚ ਕੋਈ ਬਦਲਾਅ ਨਾ ਕਰਨ ਦੇ ਸਟੈਂਡ ’ਤੇ ਸੀ, ਪਰ ਅਕਾਲ ਤਖ਼ਤ ਸਾਹਿਬ ਦੇ ਸਖ਼ਤ ਰੁਖ਼ ਅਤੇ ਜਨਤਕ ਤੌਰ ’ਤੇ ਵਿਧਾਇਕਾਂ ਦੇ ਬੇਨਕਾਬ ਹੋਣ ਤੋਂ ਬਾਅਦ ਸਰਕਾਰ ਪੂਰੀ ਤਰ੍ਹਾਂ ਬੈਕਫੁੱਟ ’ਤੇ ਨਜ਼ਰ ਆ ਰਹੀ ਹੈ। ਸਰਕਾਰ ਕੋਲ ਮੁੱਖ ਤੌਰ ’ਤੇ ਤਿੰਨ ਰਾਹ ਹਨ: ਕਾਨੂੰਨ ਨੂੰ ਰੱਦ ਕਰਨਾ, ਪੈਂਡਿੰਗ (ਲੰਬਿਤ) ਪਾ ਦੇਣਾ, ਜਾਂ ਇਸ ਵਿੱਚ ਵੱਡੀਆਂ ਸੋਧਾਂ ਕਰਨਾ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0 (Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

# ਕੀ ਪਾਸਪੋਰਟ ਨੂੰ 'ਜ਼ੀਰੋ' ਕਰਕੇ ਭਾਜਪਾ ਪੰਜਾਬ ਜਿੱਤ ਸਕੇਗੀ?

## ➢ ਪੰਜਾਬ ਦੇ ਵੱਡੀ ਗਿਣਤੀ ਲੋਕਾਂ ਕੋਲ ਹਨ ਭਾਰਤੀ ਪਾਸਪੋਰਟ ➢ਐਸ.ਆਈ.ਆਰ. 'ਚ ਭਾਰਤੀ ਨਾਗਰਿਕਤਾ ਦਾ ਸਬੂਤ ਨਹੀਂ ਮੰਨਿਆ ਜਾਵੇਗਾ ਪਾਸਪੋਰਟ

ਅੰਮ੍ਰਿਤਸਰ ਟਾਈਮਜ਼ ਬਿਊਰੋ

**ਭਾਜਪਾ ਦੇਸ਼ ਦੀ ਮੁੱਖ ਰਾਸ਼ਟਰੀ ਪਾਰਟੀ ਹੈ ਅਤੇ ਇਸ ਨੂੰ ਭਾਰਤ ਦੀ ਸਭ ਤੋਂ ਵੱਧ ਅਨੁਸ਼ਾਸਿਤ ਸਿਆਸੀ ਪਾਰਟੀ ਮੰਨਿਆ ਜਾਂਦਾ ਹੈ। ਹਰ ਰਾਜ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵੱਲੋਂ ਉਸ ਰਾਜ ਸਬੰਧੀ ਵਿਸ਼ੇਸ਼ ਰਣਨੀਤੀ ਬਣਾਈ ਜਾਂਦੀ ਹੈ। ਹੁਣ ਅਗਲੇ ਸਾਲ ਦੀ ਸ਼ੁਰੂਆਤ ਵਿੱਚ ਪੰਜਾਬ ਵਿਧਾਨ ਸਭਾ ਚੋਣਾਂ ਹੋਣ ਦੀ ਸੰਭਾਵਨਾ ਹੈ ਅਤੇ ਭਾਜਪਾ ਪੰਜਾਬ ਵਿਧਾਨ ਸਭਾ ਪੂਰੀ ਤਰ੍ਹਾਂ ਸੁਚੇਤ ਹੋ ਕੇ ਨਵੇਂ ਨਵੇਂ ਫੈਸਲੇ ਲੈ ਰਹੀ ਹੈ, ਜਿਸ ਵਿੱਚ ਪਾਸਪੋਰਟ ਸਬੰਧੀ ਦਿੱਤਾ ਗਿਆ ਨਵਾਂ ਫੈਸਲਾ ਵੀ ਸ਼ਾਮਲ ਹੈ।**







14ਵੇਂ ਪਾਸਪੋਰਟ ਸੇਵਾ ਦਿਵਸ ਦੇ ਮੌਕੇ 'ਤੇ, ਭਾਰਤੀ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਕਿਹਾ ਕਿ ਪਾਸਪੋਰਟ ਇੱਕ ਸਰਕਾਰੀ ਦਸਤਾਵੇਜ਼ ਹੈ ਜੋ ਅੰਤਰਰਾਸ਼ਟਰੀ ਯਾਤਰਾ ਦੀ ਸਹੂਲਤ ਲਈ ਜਾਰੀ ਕੀਤਾ ਜਾਂਦਾ ਹੈ, ਪਰ ਇਹ ਆਪਣੇ ਆਪ ਵਿੱਚ ਨਾਗਰਿਕਤਾ ਦਾ ਠੋਸ ਸਬੂਤ ਨਹੀਂ ਹੈ। ਇਸ ਨਾਲ ਇਹ ਸਵਾਲ ਉੱਠੇ ਕਿ ਕੀ ਮੋਦੀ ਸਰਕਾਰ ਕੁਝ ਨਵੀਂ ਖਿੱਚੜੀ ਬਣਾ ਰਹੀ ਹੈ। ਹਾਲ ਹੀ ਵਿੱਚ, ਜਦੋਂ ਐਸ.ਆਈ.ਆਰ.ਦੀ ਸੁਣਵਾਈ ਹੋ ਰਹੀ ਸੀ, ਤਾਂ ਆਧਾਰ ਕਾਰਡ ਨੂੰ ਨਾਗਰਿਕਤਾ ਦਾ ਸਬੂਤ ਨਹੀਂ ਮੰਨਿਆ ਗਿਆ ਸੀ।

ਪੰਜਾਬ ਵਿੱਚ ਇਸ ਸਮੇਂ ਐਸ.ਆਈ.ਆਰ. ਭਾਵ ਵੋਟਾਂ ਦੀ ਵਿਸ਼ੇਸ਼ ਸੁਧਾਈ ਹੋ ਰਹੀ ਹੈ। ਐਸ.ਆਈ.ਆਰ. ਦਾ ਫਾਰਮ ਭਰਨ ਸਮੇਂ ਲੋਕਾਂ ਤੋਂ ਉਹਨਾਂ ਦੀ ਭਾਰਤੀ ਨਾਗਰਿਕਤਾ ਦਾ ਸਬੂਤ ਮੰਗਿਆ ਜਾ ਰਿਹਾ ਹੈ। ਵੱਡੀ ਗਿਣਤੀ ਪੰਜਾਬੀਆਂ ਕੋਲ ਭਾਰਤੀ ਪਾਸਪੋਰਟ ਹਨ ਅਤੇ ਉਹ ਭਾਰਤੀ ਪਾਸਪੋਰਟ ਨੂੰ ਅਕਸਰ ਸਰਕਾਰੇ ਦਰਬਾਰੇ ਆਪਣੇ ਕੰਮ ਧੰਦਿਆਂ ਨੂੰ ਕਰਵਾਉਣ ਵੇਲੇ ਆਪਣੇ ਭਾਰਤੀ ਨਾਗਰਿਕਤਾ ਦੇ ਸਬੂਤ ਵਜੋਂ ਪੇਸ਼ ਕਰਦੇ ਹਨ ਪਰ ਹੁਣ ਐਸ.ਆਈ.ਆਰ. ਭਾਵ ਵੋਟਾਂ ਦੀ ਸੁਧਾਈ ਵੇਲੇ ਫਾਰਮ ਭਰਦਿਆਂ ਪਾਸਪੋਰਟ ਨੂੰ ਭਾਰਤੀ ਨਾਗਰਿਕਤਾ ਦਾ ਸਬੂਤ ਨਹੀਂ ਮੰਨਿਆ ਜਾਵੇਗਾ, ਜਿਸ ਕਾਰਨ ਕਈ ਵੱਡੇ ਸਵਾਲ ਖੜ੍ਹੇ ਹੋ ਰਹੇ ਹਨ।

ਕਿਹਾ ਜਾ ਰਿਹਾ ਹੈ ਕਿ ਭਾਰਤੀ ਪਾਸਪੋਰਟ ਦੀ ਮਹੱਤਤਾ ਸਮਾਪਤ ਹੋ ਗਈ ਹੈ ਅਤੇ ਭਾਰਤ ਵਿੱਚ ਪਾਸਪੋਰਟ ਹੁਣ 'ਬਿੱਗ ਜ਼ੀਰੋ' ਬਣ ਗਿਆ ਹੈ। ਭਾਰਤੀ ਪਾਸਪੋਰਟ ਹੁਣ ਦੂਜੇ ਦੇਸ਼ਾਂ ਦੀ ਵੀਜ਼ਾ ਟਿਕਟ ਲੈਣ ਦਾ ਇੱਕ ਰਸਮੀ ਦਸਤਾਵੇਜ਼ ਬਣ ਕੇ ਰਹਿ ਗਿਆ ਹੈ।

ਭਾਰਤ ਵਿੱਚ ਪਾਸਪੋਰਟ ਬਣਾਉਣ ਦੀ ਪ੍ਰਕਿਰਿਆ ਬਹੁਤ ਗੁੰਝਲਦਾਰ ਹੈ ਅਤੇ ਇਸ ਨੂੰ ਬਣਾਉਣ ਲਈ ਹਰ ਵਿਅਕਤੀ ਨੂੰ ਕਈ ਔਖੇ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ। ਭਾਰਤੀ ਪਾਸਪੋਰਟ ਜਾਰੀ ਕਰਨ ਤੋਂ ਪਹਿਲਾਂ ਹਰ ਵਿਅਕਤੀ ਦੀ ਚੰਗੀ ਤਰ੍ਹਾਂ ਪੁਲਿਸ ਵੈਰੀਫਿਕੇਸ਼ਨ ਕੀਤੀ ਜਾਂਦੀ ਹੈ ਅਤੇ ਉਸ ਵਿਅਕਤੀ ਬਾਰੇ ਹਰ ਤਰ੍ਹਾਂ ਦੀ ਜ਼ਰੂਰੀ ਜਾਣਕਾਰੀ ਇਕੱਤਰ ਕੀਤੀ ਜਾਂਦੀ ਹੈ। ਸਰਕਾਰ ਵੱਲੋਂ ਪੂਰੀ ਜਾਂਚ ਪੜਤਾਲ ਤੋਂ ਬਾਅਦ ਹੀ ਕਿਸੇ ਵਿਅਕਤੀ ਨੂੰ ਪਾਸਪੋਰਟ ਜਾਰੀ ਕੀਤਾ ਜਾਂਦਾ ਹੈ। ਇਹੋ ਕਾਰਨ ਹੈ ਕਿ ਭਾਰਤ ਅਤੇ ਵਿਦੇਸ਼ਾਂ ਵਿੱਚ ਲੰਬੇ ਸਮੇਂ ਤੋਂ ਪਾਸਪੋਰਟ ਨੂੰ ਬਹੁਤ ਮਹੱਤਵਪੂਰਨ ਸਰਕਾਰੀ ਦਸਤਾਵੇਜ਼ ਮੰਨਿਆ ਜਾਂਦਾ ਹੈ ਪਰ ਹੁਣ ਭਾਰਤ ਵਿੱਚ ਪਾਸਪੋਰਟ ਸਿਰਫ਼ ਕਾਗ਼ਜ਼ ਦਾ ਇੱਕ ਟੁਕੜਾ ਬਣ ਕੇ ਰਹਿ ਗਿਆ ਹੈ।

ਕੁਝ ਸਿੱਖ ਆਗੂ ਦੋਸ਼ ਲਗਾ ਰਹੇ ਹਨ ਕਿ ਪੰਜਾਬ ਵਿੱਚ ਕੋਈ ਨਾ ਕੋਈ ਬਹਾਨਾ ਲਗਾ ਕੇ ਸਿੱਖਾਂ ਅਤੇ ਪੰਜਾਬੀਆਂ ਦੀਆਂ ਵੋਟਾਂ ਕੱਟੀਆਂ ਜਾ ਸਕਦੀਆਂ ਹਨ ਅਤੇ ਦੂਜੇ ਰਾਜਾਂ ਤੋਂ ਆਏ ਪਰਵਾਸੀ ਲੋਕਾਂ ਦੀਆਂ ਵੋਟਾਂ ਬਣਾਈਆਂ ਜਾ ਸਕਦੀਆਂ ਹਨ, ਜਿਸ ਦਾ ਲਾਭ ਭਾਜਪਾ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੈ ਸਕਦੀ ਹੈ। ਕੁਝ ਸਿਆਸੀ ਮਾਹਿਰ ਕਹਿੰਦੇ ਹਨ ਕਿ ਪੱਛਮੀ ਬੰਗਾਲ ਨੂੰ ਜਿੱਤਣ ਲਈ ਵੀ ਭਾਜਪਾ ਨੇ ਉਥੇ ਚੋਣਾਂ ਤੋਂ ਪਹਿਲਾਂ ਵੋਟਾਂ ਦੀ ਸੁਧਾਈ ਕਰਵਾਈ ਸੀ, ਜਿਸ ਤੋਂ ਬਾਅਦ ਮਮਤਾ ਬੈਨਰਜੀ ਅਤੇ ਉਸ ਦੀ ਪਾਰਟੀ ਦੇ ਅਨੇਕਾਂ ਆਗੂਆਂ ਨੇ ਦੋਸ਼ ਲਗਾਇਆ ਸੀ ਕਿ ਉਹਨਾਂ ਦੀ ਪਾਰਟੀ ਦੇ ਲੱਖਾਂ ਸਮਰਥਕਾਂ ਦੀਆਂ ਵੋਟਾਂ ਕੱਟ ਦਿੱਤੀਆਂ ਗਈਆਂ ਹਨ। ਪੱਛਮੀ ਬੰਗਾਲ ਜਿੱਤਣ ਤੋਂ ਬਾਅਦ ਭਾਜਪਾ ਪੰਜਾਬ ਜਿੱਤਣ ਦੇ ਸੁਪਨੇ ਵੇਖਣ ਲੱਗ ਪਈ ਹੈ। ਸਿਆਸੀ ਮਾਹਿਰ ਕਹਿੰਦੇ ਹਨ ਕਿ ਪੰਜਾਬ ਜਿੱਤਣ ਲਈ ਭਾਜਪਾ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਵੱਲੋਂ ਪੰਜਾਬ ਵਿੱਚ ਵੋਟਾਂ ਦੀ ਸੁਧਾਈ ਸ਼ੁਰੂ ਹੋਣ ਤੋਂ ਸਿਰਫ਼ ਇੱਕ ਦਿਨ ਪਹਿਲਾਂ ਪਾਸਪੋਰਟ ਨੂੰ ਭਾਰਤੀ ਨਾਗਰਿਕਤਾ ਦਾ ਸਬੂਤ ਨਾ ਕਹਿਣਾ ਇਸੇ ਕੜੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਪੰਜਾਬ ਦੇ ਲੋਕ ਹੋਰ ਜ਼ਰੂਰੀ ਸਰਕਾਰੀ ਕਾਗ਼ਜ਼ਾਤ ਬਣਾਉਣ ਦੀ ਥਾਂ ਪਾਸਪੋਰਟ ਬਣਾਉਣ ਨੂੰ ਪਹਿਲ ਦਿੰਦੇ ਹਨ, ਇਸੇ ਕਾਰਨ ਵੱਡੀ ਗਿਣਤੀ ਪੰਜਾਬੀਆਂ ਦੇ ਪਾਸਪੋਰਟ ਬਣੇ ਹੋਏ ਹਨ। ਪਾਸਪੋਰਟ ਬਣਾਉਣ ਵਿੱਚ ਪੰਜਾਬੀ ਵੱਡਾ ਮਾਣ ਮਹਿਸੂਸ ਕਰਦੇ ਹਨ ਅਤੇ ਪਿਛਲੇ ਸਮੇਂ ਦੌਰਾਨ ਬੈਂਕਾਂ ਅਤੇ ਹੋਰ ਸਰਕਾਰੀ ਅਦਾਰਿਆਂ ਵਿੱਚ ਪਾਸਪੋਰਟ ਭਾਰਤੀ ਨਾਗਰਿਕਤਾ ਦਾ ਸਬੂਤ ਹੋਣ ਦਾ ਜ਼ਰੂਰੀ ਅਤੇ ਮਹੱਤਵਪੂਰਨ ਦਸਤਾਵੇਜ਼ ਮੰਨਿਆ ਜਾਂਦਾ ਰਿਹਾ ਹੈ ਪਰ ਹੁਣ ਹਾਲਾਤ ਬਦਲ ਰਹੇ ਹਨ। ਪਾਸਪੋਰਟ ਹੋਣ ਕਾਰਨ ਹਰ ਵਿਅਕਤੀ ਕਿਸੇ ਵੀ ਦੇਸ਼ ਦਾ ਵੀਜ਼ਾ ਟਿਕਟ ਲੈ ਕੇ ਉਸ ਦੇਸ਼ ਦੀ ਯਾਤਰਾ ਕਰ ਸਕਦਾ ਹੈ।

ਭਾਜਪਾ ਨੇ ਭਾਰਤ ਦੇ ਵੱਖ- ਵੱਖ ਸੂਬਿਆਂ ਵਿੱਚ ਚੋਣਾਂ ਜਿੱਤਣ ਲਈ ਚੋਣਾਂ ਤੋਂ ਪਹਿਲਾਂ ਜਿੱਥੇ ਵੋਟਾਂ ਦੀ ਵਿਸ਼ੇਸ਼ ਸੁਧਾਈ ਕਰਵਾਈ ਹੈ, ਉਥੇ ਉਥੋਂ ਦੀ ਵੋਟ ਸਥਿਤੀ ਨੂੰ ਵੇਖਦਿਆਂ ਵੋਟ ਸੁਧਾਈ ਲਈ ਸ਼ਰਤਾਂ ਖੜ੍ਹੀਆਂ ਕੀਤੀਆਂ, ਜਿਵੇਂ ਬਿਹਾਰ ਵਿੱਚ ਚੋਣਾਂ ਜਿੱਤਣ ਲਈ ਵੋਟਾਂ ਦੀ ਸੁਧਾਈ ਲਈ ਹੋਰ ਨਿਯਮ ਤੇ ਸ਼ਰਤਾਂ ਬਣਾਈਆਂ, ਪੱਛਮੀ ਬੰਗਾਲ ਅਤੇ ਅਸਾਮ ਵਰਗੇ ਰਾਜਾਂ ਵਿੱਚ ਉੱਥੋਂ ਦੀਆਂ ਵੋਟ ਪ੍ਰਸਥਿਤੀਆਂ ਅਨੁਸਾਰ ਵੋਟ ਸੁਧਾਈ ਨਿਯਮ ਨਿਰਧਾਰਿਤ ਕਰ ਦਿੱਤੇ, ਹੁਣ ਪੰਜਾਬ ਦੀ ਵੋਟ ਸਥਿਤੀ ਅਨੁਸਾਰ ਪਾਸਪੋਰਟ ਦੀ ਮਹੱਤਤਾ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਗਿਆ ਹੈ।

ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਦੇ ਨਵੇਂ ਦਾਅਵਿਆਂ ਨਾਲ ਵੱਡੀ ਗਿਣਤੀ ਪੰਜਾਬੀ ਖੁਸ਼ ਨਹੀਂ ਹਨ ਤੇ ਨਾ ਹੀ ਉਹ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ ਹੁਕਮ ਨਾਲ ਸਹਿਮਤ ਹਨ। ਪੰਜਾਬੀਆਂ ਨੂੰ ਇਹ ਵੀ ਅਹਿਸਾਸ ਹੋ ਰਿਹਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਇਹ ਹੁਕਮ ਸਿਰਫ਼ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਹੀ ਜਾਰੀ ਕੀਤੇ ਹਨ ਤੇ ਚੋਣਾਂ ਤੋਂ ਬਾਅਦ ਇਹ ਹੁਕਮ ਵਾਪਸ ਵੀ ਲਏ ਜਾ ਸਕਦੇ ਹਨ। ਪੰਜਾਬੀਆਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਭਾਜਪਾ ਹਰ ਹੀਲੇ ਪੰਜਾਬ ਨੂੰ ਜਿੱਤਣਾ ਚਾਹੁੰਦੀ ਹੈ ਅਤੇ ਜਾਣ-ਬੁੱਝ ਕੇ ਕੇਂਦਰੀ ਪੱਧਰ 'ਤੇ ਅਜਿਹੇ ਫੈਸਲੇ ਲੈ ਰਹੀ ਹੈ, ਜਿਸ ਨਾਲ ਪੰਜਾਬ ਵਿੱਚ ਭਾਜਪਾ ਨੂੰ ਅਗਲੀਆਂ ਚੋਣਾਂ ਦੌਰਾਨ ਲਾਭ ਮਿਲ ਸਕੇ।

ਭਾਰਤ ਦੇ ਕੇਂਦਰ ਵਿੱਚ ਇਸ ਸਮੇਂ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਹੈ। ਇਸ ਦੇ ਨਾਲ ਹੀ ਭਾਰਤ ਦੇ ਵੱਖ ਵੱਖ 22 ਸੂਬਿਆਂ ਵਿੱਚ ਵੀ ਭਾਜਪਾ ਜਾਂ ਭਾਜਪਾ ਗਠਜੋੜ ਦੀਆਂ ਸਰਕਾਰਾਂ ਰਾਜ ਕਰ ਰਹੀਆਂ ਹਨ। ਅਜੇ ਕੁਝ ਸਮਾਂ ਪਹਿਲਾਂ ਹੀ ਭਾਜਪਾ ਨੇ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜ਼ੀ ਦਾ ਕਿਲਾ ਢਹਿ ਢੇਰੀ ਕਰਕੇ ਉੱਥੇ ਆਪਣੀ ਸਰਕਾਰ ਬਣਾਈ ਹੈ। ਹੁਣ ਪੰਜਾਬ ਦੀ ਅੱਖ ਪੰਜਾਬ ਦੀ ਸੱਤਾ ਪ੍ਰਾਪਤ ਕਰਨ 'ਤੇ ਹੈ, ਜਿਸ ਲਈ ਭਾਜਪਾ ਪੱਬਾਂ ਭਾਰ ਹੋਈ ਪਈ ਹੈ। ਭਾਜਪਾ ਦੀ ਹਾਈ ਕਮਾਂਡ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਪੰਜਾਬ ਨੂੰ ਜਿੱਤਣਾ ਉਸ ਲਈ ਆਸਾਨ ਨਹੀਂ ਹੈ ਕਿਉਂਕਿ ਪੰਜਾਬ ਦੇ ਚੋਣ ਨਤੀਜ਼ੇ ਹਮੇਸ਼ਾ ਪੂਰੇ ਦੇਸ਼ ਨਾਲੋਂ ਵੱਖਰੇ ਹੀ ਹੁੰਦੇ ਹਨ।

(ਬਾਕੀ ਸਫ਼ਾ 26 'ਤੇ)

# ਪਾਕਿਸਤਾਨ ਵਿੱਚ 125 ਸਾਲ ਪੁਰਾਣੇ ਗੁਰਦੁਆਰਾ ਸਿੰਘ ਸਭਾ ਦੀ ਇਮਾਰਤ ਢਾਹੀ, ਸਿੱਖ ਭਾਈਚਾਰੇ 'ਚ ਭਾਰੀ ਰੋਸ

## ਫ਼ਾਰੂਕਾਬਾਦ ਦੇ ਗੁਰੂ-ਘਰ 'ਤੇ ਹਮਲਾ: 1 ਕਰੋੜ ਦੀ ਰਿਸ਼ਵਤ ਬਦਲੇ ਇਤਿਹਾਸਕ ਇਮਾਰਤ ਨੂੰ ਖੰਡਰ ਬਣਾਉਣ ਦੇ ਦੋਸ਼

### ਭੂ-ਮਾਫ਼ੀਆ ਦਾ ਕਹਿਰ: ਫ਼ਾਰੂਕਾਬਾਦ ਦਾ ਇਤਿਹਾਸਕ ਗੁਰਦੁਆਰਾ ਸੀਲ, ਮਰੀਅਮ ਨਵਾਜ਼ ਤੋਂ ਜਾਂਚ ਦੀ ਮੰਗ

ਪਾਕਿਸਤਾਨ ਦੇ ਸੂਬਾ ਪੰਜਾਬ ਅਧੀਨ ਆਉਂਦੇ ਸ਼ਹਿਰ ਫ਼ਾਰੂਕਾਬਾਦ (ਪੁਰਾਣਾ ਨਾਮ ਚੂਹੜਕਾਣਾ) ਵਿੱਚ ਸਥਿਤ 125 ਸਾਲ ਪੁਰਾਣੇ ਗੁਰਦੁਆਰਾ ਸਿੰਘ ਸਭਾ ਦੀ ਇਮਾਰਤ ਨੂੰ ਬੁਰੀ ਤਰ੍ਹਾਂ ਢਾਹੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। 24 ਅਤੇ 25 ਜੂਨ ਦੀ ਦਰਮਿਆਨੀ ਰਾਤ ਨੂੰ ਹੋਈ ਇਸ ਤੋੜ-ਫੋੜ ਦੀ ਘਟਨਾ ਤੋਂ ਬਾਅਦ ਵਿਸ਼ਵ ਭਰ ਦੇ ਸਿੱਖ ਭਾਈਚਾਰੇ ਵਿੱਚ ਸਖ਼ਤ ਰੋਸ ਪਾਇਆ ਜਾ ਰਿਹਾ ਹੈ।

ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਵੀਡੀਓਜ਼ ਵਿੱਚ ਇਤਿਹਾਸਕ ਇਮਾਰਤ ਖੰਡਰਾਤ ਵਿੱਚ ਤਬਦੀਲ ਹੋਈ ਦਿਖਾਈ ਦੇ ਰਹੀ ਹੈ, ਜਦਕਿ ਪਾਕਿਸਤਾਨੀ ਅਧਿਕਾਰੀਆਂ ਦਾ ਦਾਅਵਾ ਸੀ ਕਿ ਸ਼ਰਾਰਤੀ ਅਨਸਰਾਂ ਵੱਲੋਂ ਸਿਰਫ਼ ਗੁੰਬਦ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ।

**ਭੂ-ਮਾਫ਼ੀਆ ਅਤੇ ਰਿਸ਼ਵਤਖੋਰੀ ਦੇ ਦੋਸ਼**

ਸਥਾਨਕ ਪ੍ਰਸ਼ਾਸਨ ਮੁਤਾਬਕ ਇਸ ਹਮਲੇ ਪਿੱਛੇ ਭੂ-ਮਾਫ਼ੀਆ ਦਾ ਹੱਥ ਹੈ, ਜਿਸ ਤੋਂ ਬਾਅਦ ਕਾਰਵਾਈ ਨੂੰ ਰੁਕਵਾ ਕੇ ਇਮਾਰਤ ਨੂੰ ਸੀਲ ਕਰ ਦਿੱਤਾ ਗਿਆ ਹੈ। ਦੂਜੇ ਪਾਸੇ, ਸੋਸ਼ਲ ਮੀਡੀਆ 'ਤੇ ਇਹ ਦੋਸ਼ ਵੀ ਲੱਗ ਰਹੇ ਹਨ ਕਿ ਮਿਉਂਸਪਲ ਅਫ਼ਸਰਾਂ ਨੇ 1 ਕਰੋੜ ਰੁਪਏ ਦੀ ਕਥਿਤ ਰਿਸ਼ਵਤ ਬਦਲੇ ਗੁਰਦੁਆਰਾ ਢਾਹੇ ਜਾਣ ਦੀ ਇਜਾਜ਼ਤ ਦਿੱਤੀ। ਹਾਲਾਂਕਿ, ਅਧਿਕਾਰੀਆਂ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਸਾਂਭ-ਸੰਭਾਲ ਦੀ ਘਾਟ ਕਾਰਨ ਇਮਾਰਤ ਪਹਿਲਾਂ ਹੀ ਜਰਜਰ ਹਾਲਤ ਵਿੱਚ ਸੀ। ਪ੍ਰਸ਼ਾਸਨ ਨੇ ਇਹ ਜ਼ਰੂਰ ਮੰਨਿਆ ਹੈ ਕਿ ਇਮਾਰਤ ਢਾਹੁਣ ਦਾ ਯਤਨ ਗ਼ੈਰ-ਕਾਨੂੰਨੀ ਸੀ, ਪਰ ਇਸ ਦੇ ਬਾਵਜੂਦ ਹਾਲੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ।

**ਮੁੱਖ ਮੰਤਰੀ ਮਰੀਅਮ ਨਵਾਜ਼ ਤੋਂ ਉੱਚ-ਪੱਧਰੀ ਜਾਂਚ ਦੀ ਮੰਗ**





ਪਾਕਿਸਤਾਨੀ ਸਿੱਖਾਂ ਦੇ ਨੁਮਾਇੰਦਿਆਂ ਨੇ ਸੂਬਾ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਤੋਂ ਮੰਗ ਕੀਤੀ ਹੈ ਕਿ ਇਸ ਸਮੁੱਚੇ ਮਾਮਲੇ ਦੀ ਉੱਚ-ਪੱਧਰੀ ਪੜਤਾਲ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।?

**ਇਤਿਹਾਸਕ ਪਿਛੋਕੜ ਅਤੇ ਨਾਮ-ਬਦਲੀ ਦਾ ਵਿਵਾਦ**

ਫ਼ਾਰੂਕਾਬਾਦ ਦਾ ਅਸਲ ਨਾਮ 'ਚੂਹੜਕਾਣਾ' ਸੀ, ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਸਰਦਾਰ ਚੂਹੜ ਸਿੰਘ ਨੇ ਵਸਾਇਆ ਸੀ। ਇਹ ਸਥਾਨ ਸਿੱਖ ਇਤਿਹਾਸ ਵਿੱਚ ਪ੍ਰਸਿੱਧ 'ਗੁਰਦੁਆਰਾ ਸੱਚਾ ਸੌਦਾ' ਲਈ ਜਾਣਿਆ ਜਾਂਦਾ ਹੈ, ਜੋ ਕਿ ਇਸ ਢਾਹੇ ਗਏ ਗੁਰਦੁਆਰਾ ਸਿੰਘ ਸਭਾ ਤੋਂ ਮਹਿਜ਼ 3.1 ਕਿਲੋਮੀਟਰ ਦੀ ਦੂਰੀ 'ਤੇ ਹੈ। ਸਾਲ 1983 ਵਿੱਚ ਜਨਰਲ ਜ਼ਿਆ-ਉਲ-ਹੱਕ ਦੀ ਹਕੂਮਤ ਦੌਰਾਨ ਹਿੰਦੂ-ਸਿੱਖ ਭਾਈਚਾਰੇ ਦੇ ਤਿੱਖੇ ਵਿਰੋਧ ਦੇ ਬਾਵਜੂਦ ਇਸ ਦਾ ਨਾਮ ਬਦਲ ਕੇ ਫ਼ਾਰੂਕਾਬਾਦ ਰੱਖਿਆ ਗਿਆ ਸੀ। ਸਿੱਖ ਸੰਗਤ ਦਾ ਮੰਨਣਾ ਹੈ ਕਿ ਗੁਰੂ-ਘਰ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਉਣਾ 1983 ਵਾਲੇ ਜ਼ਖ਼ਮਾਂ ਨੂੰ ਮੁੜ ਹਰਾ ਕਰਨ ਦੀ ਸਾਜ਼ਿਸ਼ ਹੈ।

**ਪਾਕਿਸਤਾਨ ਸਰਕਾਰ ਦੇ ਦਾਅਵਿਆਂ 'ਤੇ ਪ੍ਰਸ਼ਨ-ਚਿੰਨ੍ਹ**

ਖ਼ੈਬਰ-ਪਖ਼ਤੂਨਖ਼ਵਾ ਦੇ ਮਰਦਾਨ ਸ਼ਹਿਰ ਵਿੱਚ ਗੁਰਦੁਆਰਾ ਬਾਬੂ ਮੁਹੱਲਾ 'ਚ ਲੁੱਟ-ਖੋਹ ਅਤੇ ਬਿਰਧ ਸੇਵਾਦਾਰ ਜੋੜੇ ਦੀ ਹੱਤਿਆ ਦੇ ਮਹਿਜ਼ 10 ਦਿਨਾਂ ਅੰਦਰ ਦੂਜੀ ਘਟਨਾ ਵਾਪਰਨਾ ਪਾਕਿਸਤਾਨੀ ਹੁਕਮਰਾਨਾਂ ਦੇ ਸੁਰੱਖਿਆ ਦੇ ਦਾਅਵਿਆਂ 'ਤੇ ਵੱਡੇ ਸਵਾਲ ਖੜ੍ਹੇ ਕਰਦੀ ਹੈ।

(ਬਾਕੀ ਸਫ਼ਾ 26 'ਤੇ)

# ਯੂਰੋਪੀਅਨ ਦੇਸ਼ਾਂ 'ਤੇ ਅਮਰੀਕਾ ਲਗਾ ਸਕਦਾ ਹੈ 100 ਫ਼ੀਸਦੀ ਟੈਕਸ: ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਉਨ੍ਹਾਂ ਸਾਰੇ ਦੇਸ਼ਾਂ ਨੂੰ 100 ਫ਼ੀਸਦੀ ਦਰਾਮਦ ਟੈਰਿਫ਼ ਲਗਾਉਣ ਦੀ ਸਖ਼ਤ ਧਮਕੀ ਦਿੱਤੀ ਹੈ ਜੋ ਅਮਰੀਕੀ ਕੰਪਨੀਆਂ ਦੀਆਂ ਡਿਜੀਟਲ ਸੇਵਾਵਾਂ 'ਤੇ ਟੈਕਸ ਲਗਾਉਣ ਦੀ ਯੋਜਨਾ ਬਣਾ ਰਹੇ ਹਨ। ਸੋਸ਼ਲ ਮੀਡੀਆ 'ਤੇ ਪੋਸਟ ਕਰਦੇ ਹੋਏ, ਟਰੰਪ ਨੇ ਖਾਸ ਤੌਰ 'ਤੇ ਉਨ੍ਹਾਂ ਯੂਰਪੀ ਦੇਸ਼ਾਂ 'ਤੇ ਨਿਸ਼ਾਨਾ ਵਿੰਨ੍ਹਿਆ ਜੋ ਅਮਰੀਕੀ ਤਕਨੀਕੀ ਦਿੱਗਜਾਂ 'ਤੇ ਜਲਦ ਹੀ ਨਵੇਂ ਟੈਕਸ ਲਾਗੂ ਕਰਨ



ਦੀ ਚਰਚਾ ਕਰ ਰਹੇ ਹਨ।ਟਰੰਪ ਨੇ ਸਪੱਸ਼ਟ ਕੀਤਾ ਕਿ ਇਹ ਨਵਾਂ ਟੈਕਸ ਪਹਿਲਾਂ ਤੋਂ ਕੀਤੇ ਗਏ ਕਿਸੇ ਵੀ ਵਪਾਰਕ ਸਮਝੌਤੇ ਦੀ ਜਗ੍ਹਾ ਲਵੇਗਾ ਅਤੇ ਉਸ ਤੋਂ ਉੱਪਰ ਮੰਨਿਆ ਜਾਵੇਗਾ।ਉਨ੍ਹਾਂ ਲਿਖਿਆ, 'ਕੋਈ ਵੀ ਦੇਸ਼ ਜੋ ਅਜਿਹਾ ਟੈਕਸ ਲਗਾਏਗਾ, ਉਸ ਨੂੰ ਤੁਰੰਤ ਅਮਰੀਕਾ ਭੇਜੀਆਂ ਜਾਣ ਵਾਲੀਆਂ ਸਾਰੀਆਂ ਚੀਜ਼ਾਂ 'ਤੇ 100 ਫ਼ੀਸਦੀ ਟੈਰਿਫ਼ ਦਾ ਸਾਹਮਣਾ ਕਰਨਾ ਪਵੇਗਾ।ਇਹ ਕਾਰਵਾਈ ਉਨ੍ਹਾਂ ਸਾਰੇ ਦੇਸ਼ਾਂ ਵਿਰੁੱਧ ਕੀਤੀ ਜਾਵੇਗੀ ਜੋ ਇਸ ਦਿਸ਼ਾ ਵਿੱਚ ਅੱਗੇ ਵਧਣਗੇ, ਪਰ ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਯੂਰਪੀ ਰਾਸ਼ਟਰਾਂ ਦਾ ਜ਼ਿਕਰ ਕੀਤਾ ਰਾਸ਼ਟਰਪਤੀ ਟਰੰਪ ਲਗਾਤਾਰ ਅਮਰੀਕੀ ਟੈਕਨਾਲੋਜੀ ਕੰਪਨੀਆਂ 'ਤੇ ਵਿਦੇਸ਼ੀ ਟੈਕਸਾਂ ਅਤੇ ਨਿਯਮਾਂ ਦੇ ਵਿਰੁੱਧ ਰਹੇ ਹਨ।ਉਨ੍ਹਾਂ ਦਾ ਮੰਨਣਾ ਹੈ ਕਿ ਅਜਿਹੇ ਡਿਜੀਟਲ ਟੈਕਸ ਅਤੇ ਨਿਯਮ ਸਿਰਫ਼ ਅਮਰੀਕੀ ਤਕਨਾਲੋਜੀ ਨੂੰ ਨੁਕਸਾਨ ਪਹੁੰਚਾਉਣ ਜਾਂ ਉਨ੍ਹਾਂ ਨਾਲ ਵਿਤਕਰਾ ਕਰਨ ਲਈ ਹੀ ਬਣਾਏ ਗਏ ਹਨ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਅਗਸਤ ਵਿੱਚ ਵੀ ਉਨ੍ਹਾਂ ਨੇ ਅਜਿਹੇ ਕਦਮ ਚੁੱਕਣ ਵਾਲੇ ਦੇਸ਼ਾਂ ਵਿਰੁੱਧ ਨਵੇਂ ਟੈਰਿਫ਼ ਲਗਾਉਣ ਦੀ ਚਿਤਾਵਨੀ ਦਿੱਤੀ ਸੀ।

## ਅਮਰੀਕਾ ਵਿੱਚ ਮਹਿੰਗਾਈ ਪਿਛਲੇ 3 ਸਾਲਾਂ ਦੌਰਾਨ ਸਭ ਤੋਂ ਉੱਚੇ ਪੱਧਰ 'ਤੇ



ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਵਣਜ ਵਿਭਾਗ ਵੱਲੋਂ ਜਾਰੀ ਕੀਤੇ ਗਏ ਮਈ ਦੇ ਅੰਕੜਿਆਂ ਅਨੁਸਾਰ ਗੈਸ ਦੀਆਂ ਵਧੀਆਂ ਕੀਮਤਾਂ ਨੇ ਸਾਲਾਨਾ ਮਹਿੰਗਾਈ ਦਰ ਨੂੰ ਪਿਛਲੇ ਤਿੰਨ ਸਾਲਾਂ ਵਿੱਚ ਸਭ ਤੋਂ ਉੱਚੇ ਪੱਧਰ 'ਤੇ ਪਹੁੰਚਾ ਦਿੱਤਾ ਹੈ। ਨਿੱਜੀ ਖਪਤ ਖਰਚ ਕੀਮਤ ਸੂਚਕ ਅੰਕ ਮਈ ਵਿੱਚ ਵੱਧ ਕੇ 4.1% ਹੋ ਗਿਆ ਹੈ ਜੋ ਅਪ੍ਰੈਲ ਵਿੱਚ 3.8% ਸੀ।

ਫ਼ੈਕਟਸੈੱਟ ਸਹਿਮਤੀ ਅਨੁਮਾਨਾਂ ਦੇ ਅਨੁਸਾਰ, ਮਹਿੰਗਾਈ ਦਰ ਵਿੱਚ ਵਾਧਾ ਅਰਥਸ਼ਾਸਤਰੀਆਂ ਦੀਆਂ ਉਮੀਦਾਂ ਦੇ ਅਨੁਸਾਰ ਹੀ ਹੈ।

ਇਹ ਡੇਟਾ ਸੰਘੀ ਨੀਤੀ ਨਿਰਮਾਤਾਵਾਂ ਲਈ ਮਹੱਤਵਪੂਰਨ ਸਮੇਂ ਤੇ ਆਇਆ ਹੈ, ਜਿਨ੍ਹਾਂ ਨੇ ਅਸਥਿਰ ਮਹਿੰਗਾਈ ਬਾਰੇ ਚਿੰਤਾਵਾਂ ਦੇ ਵਿਚਕਾਰ ਵਿਆਜ ਦਰਾਂ ਵਿੱਚ ਕਟੌਤੀ ਦਾ ਸੰਕੇਤ ਦਿੱਤਾ ਹੈ। ਵਿੱਤੀ ਬਾਜ਼ਾਰ ਇਸ ਸਮੇਂ ਇਸ ਸਾਲ ਦੇ ਅੰਤ ਵਿੱਚ ਵਿਆਜ ਦਰ ਵਿੱਚ ਵਾਧੇ ਦੀ ਸੰਭਾਵਨਾ ਦਰਮਿਆਨ ਕੀਮਤ ਨਿਰਧਾਰਤ ਕਰ ਰਹੇ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੇਂਦਰੀ

ਬੈਂਕ ਨੂੰ ਦਰਾਂ ਵਿੱਚ ਕਟੌਤੀ ਕਰਨ ਲਈ ਵਾਰ-ਵਾਰ ਜ਼ੋਰ ਦਿੱਤਾ ਹੈ ਅਤੇ ਹਾਲ ਹੀ ਵਿੱਚ ਇੱਕ ਨਵਾਂ ਫ਼ੈੱਡ ਚੇਅਰਮੈਨ ਨਿਯੁਕਤ ਕੀਤਾ ਹੈ ਜੋ ਉਸ ਦੀ ਸੋਚ ਨਾਲ ਵਧੇਰੇ ਮੇਲ ਖਾਂਦਾ ਹੈ ਪਰ ਉਮੀਦ ਨਾਲੋਂ ਮਜ਼ਬੂਤ ਮੁਦਰਾ ਸਫ਼ੀਤੀ ਚਿੰਤਾ ਦਾ ਕਾਰਨ ਹੈ। ਇਸ ਦੌਰਾਨ, ਖਰਚ ਅਤੇ ਆਮਦਨ ਪਿਛਲੇ ਮਹੀਨੇ ਅਰਥਸ਼ਾਸਤਰੀਆਂ ਦੇ ਅਨੁਮਾਨ ਨਾਲੋਂ ਤੇਜ਼ੀ ਨਾਲ ਵਧੇ ਹਨ। ਅਪ੍ਰੈਲ ਵਿੱਚ ਉਪਲਬੱਧ ਆਮਦਨ 0.7% ਤੱਕ ਵਧ ਗਈ, ਅਪ੍ਰੈਲ ਵਿੱਚ ਉਪਲਬੱਧ ਆਮਦਨ 0.3% ਵਧੀ ਤੇ ਖਰਚ ਵੀ 0.3% ਵਧਿਆ। ਇਸ ਦੇ ਨਾਲ ਹੀ ਖਪਤਕਾਰਾਂ ਦੁਆਰਾ ਗੈਸ 'ਤੇ ਜ਼ਿਆਦਾ ਖਰਚ ਕਰਨ ਕਾਰਨ ਕਈ ਮਹੀਨੇ ਘਟਣ ਤੋਂ ਬਾਅਦ ਮਈ ਵਿੱਚ ਨਿੱਜੀ ਬੱਚਤਾਂ ਵਿੱਚ ਥੋੜ੍ਹਾ ਵਾਧਾ ਹੋਇਆ ਹੈ। ਵਣਜ ਵਿਭਾਗ ਦੀ ਇੱਕ ਵੱਖਰੀ ਰਿਪੋਰਟ ਵਿੱਚ ਅਮਰੀਕੀ ਕੁੱਲ ਘਰੇਲੂ ਉਤਪਾਦ, ਜੋ ਕਿ ਅਰਥਵਿਵਸਥਾ ਵਿੱਚ ਪੈਦਾ ਹੋਣ ਵਾਲੀਆਂ ਸਾਰੀਆਂ ਵਸਤਾਂ ਅਤੇ ਸੇਵਾਵਾਂ ਦਾ ਮਾਪਦੰਡ ਹੈ, ਨੂੰ ਤੀਜੇ ਅਨੁਮਾਨ ਵਿੱਚ 1.6% ਤੋਂ ਵੱਧਾ ਕੇ 2.1% ਤੱਕ ਸੋਧਿਆ ਗਿਆ ਹੈ ਜੋ ਕਿ ਇੱਕ ਚੰਗਾ ਸੰਕੇਤ ਹੈ।

# ਟਰੰਪ ਪ੍ਰਸ਼ਾਸਨ ਨੇ ਹਟਾਏ ਸੈਨਾ ਦੇ 20 ਤੋਂ ਵੱਧ ਵੱਡੇ ਅਫ਼ਸਰ

## ਅਮਰੀਕਾ 'ਚ ਸਰਕਾਰ ਅਤੇ ਸੈਨਾ ਦੇ ਸਬੰਧਾਂ 'ਤੇ ਉੱਠੇ ਸਵਾਲ

ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਵੱਲੋਂ ਸੈਨਾ ਦੇ ਉੱਚ ਅਧਿਕਾਰੀਆਂ ਖ਼ਿਲਾਫ਼ ਕੀਤੀ ਜਾ ਰਹੀ ਵੱਡੀ ਕਾਰਵਾਈ ਨੇ ਹਲਚਲ ਮਚਾ ਦਿੱਤੀ ਹੈ। ਪਿਛਲੇ 15 ਮਹੀਨਿਆਂ ਦੌਰਾਨ ਟਰੰਪ ਪ੍ਰਸ਼ਾਸਨ ਨੇ 20 ਤੋਂ ਵੱਧ ਸੈਨਿਕ ਜਨਰਲਾਂ ਅਤੇ ਐਡਮਿਰਲਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾ ਦਿੱਤਾ ਸੀ। ਇਸ ਕਾਰਵਾਈ ਤੋਂ ਬਾਅਦ ਹੁਣ ਅਮਰੀਕਾ ਵਿੱਚ ਸਰਕਾਰ ਅਤੇ ਸੈਨਾ ਦੇ ਆਪਸੀ ਸਬੰਧਾਂ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋਣ ਲੱਗੇ ਹਨ।



ਰਿਪੋਰਟਾਂ ਅਨੁਸਾਰ, ਅਮਰੀਕਾ ਦੇ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਲਗਾਤਾਰ ਸੈਨਿਕ ਜਨਰਲਾਂ ਅਤੇ ਕਮਾਂਡਰਾਂ 'ਤੇ ਗਾਜ਼ ਡੇਗੀ ਹੈ। ਇਸ ਲਿਸਟ ਵਿੱਚ ਸਭ ਤੋਂ ਨਵਾਂ ਨਾਂ ਫੋਰ-ਸਟਾਰ ਜਨਰਲ ਕ੍ਰਿਸ ਡੋਨਹੂ ਦਾ ਹੈ, ਜੋ ਕਿ 2024 ਤੋਂ ਯੂਨਾਈਟਿਡ ਸਟੇਟਸ ਆਰਮੀ ਯੂਰਪ ਅਤੇ ਅਫ਼ਰੀਕਾ ਦੇ ਕਮਾਂਡਿੰਗ ਜਨਰਲ ਵਜੋਂ ਸੇਵਾਵਾਂ ਨਿਭਾ ਰਹੇ ਸਨ। ਜਨਰਲ ਡੋਨਹੂ ਦੇ ਸ਼ਾਨਦਾਰ ਰਿਕਾਰਡ ਨੂੰ ਵੇਖਦਿਆਂ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਸੀ ਕਿ ਉਹ ਆਉਣ ਵਾਲੇ ਸਮੇਂ ਵਿੱਚ ਪੂਰੀ ਸੈਨਾ ਦੀ ਕਮਾਨ ਸੰਭਾਲ ਸਕਦੇ ਹਨ, ਪਰ ਪ੍ਰਸ਼ਾਸਨ ਦੇ ਇਸ ਅਚਾਨਕ ਫੈਸਲੇ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ।

**ਅਮਰੀਕੀ ਰਾਸ਼ਟਰਪਤੀ ਕੋਲ ਹੁੰਦਾ ਹੈ ਅਧਿਕਾਰ**

ਤੁਹਾਨੂੰ ਦੱਸ ਦੇਈਏ ਕਿ ਅਮਰੀਕੀ ਸੰਵਿਧਾਨ ਦੇ ਤਹਿਤ ਮਿਲਟਰੀ ਅਧਿਕਾਰੀਆਂ ਨੂੰ ਕੋਈ 'ਨੌਕਰੀ ਦੀ ਗਾਰੰਟੀ' ਨਹੀਂ ਮਿਲਦੀ। ਸੰਵਿਧਾਨ ਦੇ ਆਰਟੀਕਲ 99, ਸੈਕਸ਼ਨ 2 ਦੇ ਤਹਿਤ ਦੇਸ਼ ਦਾ ਰਾਸ਼ਟਰਪਤੀ ਹੀ ਸੈਨਾ ਦਾ 'ਕਮਾਂਡਰ-ਇਨ-ਚੀਫ਼' ਹੁੰਦਾ ਹੈ। ਇਸ ਨਾਤੇ ਉਨ੍ਹਾਂ ਕੋਲ ਅਧਿਕਾਰ ਹੁੰਦਾ ਹੈ ਕਿ ਉਹ ਕਿਸੇ ਵੀ ਅਧਿਕਾਰੀ ਨੂੰ ਨੌਕਰੀ ਤੋਂ ਕੱਢ ਸਕਦੇ ਹਨ ਜਾਂ ਉਨ੍ਹਾਂ ਨੂੰ ਹੇਠਲੇ ਅਹੁਦਿਆਂ 'ਤੇ ਭੇਜ ਸਕਦੇ ਹਨ।

**ਜਨਰਲਾਂ ਨੂੰ ਹਟਾਉਣ ਦੇ ਪਿੱਛੇ ਕੀ ਹੈ ਕਾਰਨ?**

ਟਰੰਪ ਪ੍ਰਸ਼ਾਸਨ ਅਤੇ ਰੱਖਿਆ ਮੰਤਰੀ ਪੀਟ ਹੇਗਸੇਥ ਦਾ ਮੰਨਣਾ ਹੈ ਕਿ ਇਹ ਜਨਰਲ ਬਾਈਡੇਨ ਪ੍ਰਸ਼ਾਸਨ ਦੀਆਂ 'ਵਿਭਿੰਨਤਾ, ਸਮਾਨਤਾ ਅਤੇ ਸਮਾਵੇਸ਼' ਵਰਗੀਆਂ ਨੀਤੀਆਂ ਨੂੰ ਸੈਨਾ ਵਿੱਚ ਉਤਸ਼ਾਹਿਤ ਕਰ ਰਹੇ ਸਨ, ਜਿਸ ਨਾਲ ਸੈਨਾ ਦੀ ਯੁੱਧ ਸਮਰੱਥਾ ਕਮਜ਼ੋਰ ਹੋ ਰਹੀ ਸੀ। ਪ੍ਰਸ਼ਾਸਨ ਸੈਨਾ ਨੂੰ ਮੁੜ ਤੋਂ ਸਿਰਫ਼ ਯੁੱਧ ਜਿੱਤਣ ਅਤੇ ਸਰੀਰਕ ਤੰਦਰੁਸਤੀ 'ਤੇ ਕੇਂਦਰਿਤ ਕਰਨ ਵਾਲੀ 'ਵਾਰੀਅਰ ਮਾਨਸਿਕਤਾ' ਦੇ ਹਿਸਾਬ ਨਾਲ ਢਾਲਣਾ ਚਾਹੁੰਦਾ ਹੈ। ਇਸ ਤੋਂ ਇਲਾਵਾ, ਜਿਹੜੇ ਅਧਿਕਾਰੀ ਟਰੰਪ ਪ੍ਰਸ਼ਾਸਨ ਦੀਆਂ ਹਮਲਾਵਰ ਵਿਦੇਸ਼ ਨੀਤੀਆਂ (ਜਿਵੇਂ ਕਿ ਇਰਾਨ ਨਾਲ ਤਣਾਅ) ਨਾਲ ਅਸਹਿਮਤ ਸਨ, ਉਨ੍ਹਾਂ ਨੂੰ ਵੀ ਬਾਹਰ ਦਾ ਰਸਤਾ ਦਿਖਾਇਆ ਗਿਆ ਹੈ। ਪ੍ਰਸ਼ਾਸਨ ਸੈਨਿਕ ਢਾਂਚੇ ਨੂੰ ਛੋਟਾ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਫੋਰ-ਸਟਾਰ ਜਨਰਲਾਂ ਦੀ ਗਿਣਤੀ ਵਿੱਚ 20 ਫ਼ੀਸਦੀ ਤੱਕ ਦੀ ਕਟੌਤੀ ਕਰਨ ਦੀ ਯੋਜਨਾ 'ਤੇ ਵੀ ਕੰਮ ਕਰ ਰਿਹਾ ਹੈ।

**ਸਿਵਲ-ਮਿਲਟਰੀ ਸਬੰਧਾਂ ਨੂੰ ਲੈ ਕੇ ਕਿਉਂ ਵਧੀ ਚਿੰਤਾ?**

ਰੱਖਿਆ ਮਾਹਿਰਾਂ ਅਤੇ ਵਿਰੋਧੀ ਨੇਤਾਵਾਂ ਵੱਲੋਂ ਇਸ ਕਾਰਵਾਈ ਦੀ ਤਿੱਖੀ ਆਲੋਚਨਾ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਸੈਨਾ ਹਮੇਸ਼ਾ ਗੈਰ-ਰਾਜਨੀਤਿਕ ਰਹੀ ਹੈ ਅਤੇ ਉਹ ਕਿਸੇ ਪਾਰਟੀ ਜਾਂ ਰਾਸ਼ਟਰਪਤੀ ਦੀ ਬਜਾਏ ਦੇਸ਼ ਦੇ ਸੰਵਿਧਾਨ ਪ੍ਰਤੀ ਵਫ਼ਾਦਾਰ ਹੁੰਦੀ ਹੈ। ਆਲੋਚਕਾਂ ਅਨੁਸਾਰ, ਰਾਜਨੀਤਿਕ ਅਧਾਰ 'ਤੇ ਕੀਤੀ ਜਾ ਰਹੀ ਇਸ ਛਾਂਟੀ ਅਤੇ ਅਧਿਕਾਰੀਆਂ ਦੀ ਸਮੀਖਿਆ ਲਈ ਬਣਾਏ ਗਏ 'ਵਾਰੀਅਰ ਬੋਰਡ' ਕਾਰਨ ਰੱਖਿਆ ਵਿਭਾਗ ਦੇ ਅੰਦਰ ਡਰ ਦਾ ਮਾਹੌਲ ਪੈਦਾ ਹੋ ਰਿਹਾ ਹੈ।

# 6.5 ਅਰਬ ਡਾਲਰ ਦੇ ਸਿਹਤ ਸਕੀਮਾਂ ਘੁਟਾਲੇ ਵਿੱਚ 90 ਡਾਕਟਰਾਂ ਸਣੇ 455 ਵਿਰੁੱਧ ਦੋਸ਼ ਆਇਦ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਨਿਆਂ ਵਿਭਾਗ ਨੇ ਐਲਾਨ ਕੀਤਾ ਕਿ 45 ਰਾਜਾਂ ਵਿੱਚ ਡਾਕਟਰਾਂ ਅਤੇ ਨਰਸ ਪ੍ਰੈਕਟੀਸ਼ਨਰਾਂ ਸਮੇਤ 450 ਤੋਂ ਵੱਧ ਲੋਕਾਂ 'ਤੇ ਵਿਸ਼ਵਵਿਆਪੀ ਸਿਹਤ ਸੰਭਾਲ ਧੋਖਾਧੜੀ ਸਕੀਮਾਂ ਦੇ ਸਬੰਧ ਵਿੱਚ ਦੋਸ਼ ਲਗਾਏ ਗਏ ਹਨ ਜੋ ਕਿ ਕੁੱਲ 6.5 ਅਰਬ ਡਾਲਰਾਂ ਦੀ ਧੋਖਾਧੜੀ ਹੈ। ਨਿਆਂ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ 45 ਰਾਜਾਂ ਵਿੱਚ 455 ਵਿਅਕਤੀਆਂ ਜਿਨ੍ਹਾਂ ਵਿੱਚ 90 ਤੋਂ ਵੱਧ ਡਾਕਟਰ ਸ਼ਾਮਲ ਹਨ ਤੇ ਝੂਠੇ ਮੈਡੀਕੇਅਰ ਅਤੇ ਮੈਡੀਕੇਡ ਦਾਅਵਿਆਂ ਦੇ ਦੋਸ਼ ਲਗਾਏ ਗਏ ਹਨ ਜਿਨ੍ਹਾਂ ਕਾਰਨ ਮਰੀਜ਼ਾਂ ਨੂੰ ਨੁਕਸਾਨ ਪਹੁੰਚਿਆ। 2026 ਨੈਸ਼ਨਲ ਹੈਲਥ ਕੇਅਰ ਫ਼ਰਾਡ ਟੇਕਡਾਊਨ ਨਾਮਕ ਇਸ ਕਾਰਵਾਈ ਵਿੱਚ ਐਰੀਜ਼ੋਨਾ ਵਿੱਚ 1ਅਰਬ



ਡਾਲਰ ਦੀ ਸਕੀਮ, ਵਰਜੀਨੀਆ ਵਿੱਚ ਬੇਘਰਿਆਂ ਨੂੰ ਨਿਸ਼ਾਨਾ ਬਣਾਉਣ ਵਾਲੀ 4.9 ਲੱਖ ਡਾਲਰ ਦੀ ਮੈਡੀਕੇਡ ਸਕੀਮ, ਅਤੇ ਕੈਲੀਫ਼ੋਰਨੀਆ ਵਿੱਚ 27.7 ਲੱਖ ਡਾਲਰ ਦੀ ਮੈਡੀਕੇਅਰ ਹਸਪਾਈਸ ਧੋਖਾਧੜੀ ਸ਼ਾਮਲ ਹੈ। ਅਧਿਕਾਰੀਆਂ ਨੇ ਕਿਹਾ ਕਿ ਇਹ ਅਮਰੀਕੀ ਇਤਿਹਾਸ ਵਿੱਚ ਸਿਹਤ-ਸੰਭਾਲ ਧੋਖਾਧੜੀ ਵਿਰੁੱਧ ਸਰਕਾਰ ਦੀ ਸਭ ਤੋਂ ਵੱਡੀ ਕਾਰਵਾਈ ਹੈ। ਇਸ ਧੋਖਾਧੜੀ ਕਾਰਨ ਕੁਝ ਮਰੀਜ਼ਾਂ ਦੀ ਮੌਤ ਵੀ ਹੋਈ ਹੈ। ਐਫ਼ ਬੀ ਆਈ ਡਾਇਰੈਕਟਰ ਕਾਸ਼ ਪਟੇਲ ਨੇ ਵਾਸ਼ਿੰਗਟਨ, ਡੀ ਸੀ ਵਿੱਚ ਰੌਬਰਟ ਐਫ਼. ਕੈਨੇਡੀ ਡਿਪਾਰਟਮੈਂਟ ਆਫ਼ ਜਸਟਿਸ ਬਿਲਡਿੰਗ ਵਿਖੇ ਇੱਕ ਪੱਤਰਕਾਰ ਕਾਨਫ਼ਰੰਸ ਵਿੱਚ ਸਿਹਤ ਸੰਭਾਲ ਨਾਲ ਸਬੰਧਿਤ ਧੋਖਾਧੜੀ ਵਿਰੁੱਧ ਹਾਲ ਹੀ ਵਿੱਚ ਕੀਤੀਆਂ ਗਈਆਂ ਕਾਰਵਾਈਆਂ ਬਾਰੇ ਵੇਰਵੇ ਸਹਿਤ ਦੱਸਿਆ।

ਉਨ੍ਹਾਂ ਕਿਹਾ ਕਿ ਧੋਖਾਧੜੀ ਵਿੱਚ ਹਰ ਗ੍ਰਿਫ਼ਤਾਰੀ ਅਮਰੀਕੀ ਟੈਕਸਦਾਤਾਵਾਂ ਨੂੰ ਲੁੱਟਣ ਵਾਲੇ ਅਧਿਕਾਰੀਆਂ ਲਈ ਇੱਕ ਸਪੱਸ਼ਟ ਸੰਦੇਸ਼ ਹੈ ਕਿ ਉਹ ਆਪਣੇ ਅਪਰਾਧਾਂ ਤੋਂ ਬਚ ਨਹੀਂ ਸਕਣਗੇ।

## ਵੀਜ਼ਾ ਪ੍ਰਕ੍ਰਿਆ ਤੇਜ ਕਰਨ ਲਈ ਏ.ਆਈ. ਦੀ ਵਰਤੋਂ ਕੀਤੀ ਜਾਵੇਗੀ: ਮੁਲਿਨ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਟਰੰਪ ਪ੍ਰਸ਼ਾਸਨ ਵੀਜ਼ਾ ਪ੍ਰਕਿਆ ਤੇਜ਼ ਕਰਨ ਲਈ ਏ. ਆਈ. ਦੀ ਵਰਤੋਂ ਕਰੇਗਾ ਹੋਮਲੈਂਡ ਸੁਰੱਖਿਆ ਸਕੱਤਰ ਮਾਰਕਵੇਨ ਮੁਲਿਨ ਨੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਅਮਰੀਕੀ ਵੀਜ਼ਾ ਪ੍ਰੋਸੈਸਿੰਗ ਅਤੇ ਕਾਨੂੰਨੀ ਇਮੀਗ੍ਰੇਸ਼ਨ ਸੇਵਾਵਾਂ ਵਿੱਚ ਸੁਧਾਰ ਲਈ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਅਧਾਰਿਤ ਇੱਕ ਯੋਜਨਾ ਬਣਾ ਰਿਹਾ ਹੈ, ਜਿਸ ਤਹਿਤ ਪ੍ਰਵਾਨਗੀਆਂ ਨੂੰ ਤੇਜ਼ ਕਰਨ, ਕਾਗਜ਼ੀ ਕਾਰਵਾਈ ਨੂੰ ਘਟਾਉਣ ਅਤੇ ਕੁਸ਼ਲਤਾ ਵਿੱਚ ਸੁਧਾਰ ਕਰਨ ਦੇ ਉਦੇਸ਼ ਨਾਲ ਇੱਕ ਨਵੀਂ ਮੋਬਾਈਲ ਐਪਲੀਕੇਸ਼ਨ ਸ਼ਾਮਲ ਕੀਤੀ ਜਾਵੇਗੀ। ਹੋਮਲੈਂਡ ਸੁਰੱਖਿਆ ਤੇ ਹਾਊਸ

(ਬਾਕੀ ਸਫ਼ਾ 26 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਵਰਲਡ ਸਿੱਖ ਪਾਰਲੀਮੈਂਟ ਵੱਲੋਂ ਸੰਯੁਕਤ ਰਾਸ਼ਟਰ ਵਿਖੇ ਸਿੱਖਾਂ ਵਿਰੁੱਧ 'ਸਰਹੱਦੋਂ ਪਾਰ ਦਮਨ' ਦਾ ਮੁੱਦਾ ਉਠਾਇਆ

## ਭਾਈ ਨਿੱਝਰ ਅਤੇ ਅਵਤਾਰ ਸਿੰਘ ਖੰਡਾ ਦੀ ਹੱਤਿਆ ਦਾ ਮਾਮਲਾ ਚੁੱਕਿਆ, '84 ਦੇ ਦੁਖਾਂਤ ਨੂੰ 'ਸਿੱਖ ਨਸਲਕੁਸ਼ੀ' ਵਜੋਂ ਅੰਤਰਰਾਸ਼ਟਰੀ ਮਾਨਤਾ ਦੇਣ ਦੀ ਕੀਤੀ ਮੰਗ

ਵਰਲਡ ਸਿੱਖ ਪਾਰਲੀਮੈਂਟ ਨੇ ਸਿੱਖਾਂ ਵਿਰੁੱਧ ਸਰਹੱਦੋਂ ਪਾਰ ਦਮਨ (ਟਰਾਂਸਨੈਸ਼ਨਲ ਰਿਪ੍ਰੈਸ਼ਨ) ਦਾ ਗੰਭੀਰ ਮੁੱਦਾ ਜਨੇਵਾ (ਸਵਿੱਟਜ਼ਰਲੈਂਡ) ਵਿਖੇ ਸੰਯੁਕਤ ਰਾਸ਼ਟਰ ਦੇ ਸਾਹਮਣੇ ਜ਼ੋਰਦਾਰ ਢੰਗ ਨਾਲ ਉਠਾਇਆ। ਜਨੇਵਾ ਵਿਖੇ ਇਹ ਮੁੱਦਾ ਜੂਨ 1984 ਦੇ ਘੱਲੂਘਾਰੇ ਦੀ 42ਵੀਂ ਵਰ੍ਹੇਗੰਢ ਦੇ ਮੌਕੇ 'ਤੇ ਚੁੱਕਿਆ ਗਿਆ ਸੀ। ਇਸ ਇਤਿਹਾਸਕ ਦਿਹਾੜੇ ਦੇ ਸਬੰਧ ਵਿੱਚ ਸੰਯੁਕਤ ਰਾਸ਼ਟਰ ਦੇ ਬਿਲਕੁਲ ਸਾਹਮਣੇ ਜੂਨ 1984 ਦੇ ਘੱਲੂਘਾਰੇ ਨੂੰ ਹੀ ਸਮਰਪਿਤ ਇੱਕ ਵਿਸ਼ੇਸ਼ ਯਾਦਗਾਰੀ ਪ੍ਰਦਰਸ਼ਨੀ ਵੀ ਲਗਾਈ ਗਈ।



ਵਰਲਡ ਸਿੱਖ ਪਾਰਲੀਮੈਂਟ ਦੇ ਵਫ਼ਦ ਨੇ ਕੈਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਅਤੇ ਯੂਨਾਈਟਿਡ ਕਿੰਗਡਮ ਵਿੱਚ ਭਾਈ ਅਵਤਾਰ ਸਿੰਘ ਖੰਡਾ ਦੀ ਹੋਈ ਭੇਤਭਰੀ ਮੌਤ/ਹੱਤਿਆ ਦਾ ਮੁੱਦਾ ਅੰਤਰਰਾਸ਼ਟਰੀ ਮੰਚ 'ਤੇ ਚੁੱਕਿਆ। ਇਸ ਦੇ ਨਾਲ ਹੀ ਵਫ਼ਦ ਨੇ ਵਿਸ਼ੇਸ਼ ਤੌਰ 'ਤੇ ਸਿੱਖ ਕਾਰਕੁਨ ਗੁਰਪ੍ਰੀਤ ਸਿੰਘ ਰੀਹਲ ਦਾ ਮਾਮਲਾ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ, ਜੋ ਕਿ ਸਿੱਧੇ ਤੌਰ 'ਤੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਮਨੁੱਖੀ ਅਧਿਕਾਰ ਰੱਖਿਅਕਾਂ ਦੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ। ਵਫ਼ਦ ਅਨੁਸਾਰ, ਵਿਦੇਸ਼ਾਂ ਵਿੱਚ ਸ਼ਾਂਤੀਪੂਰਨ ਢੰਗ ਨਾਲ ਸਿੱਖ ਹੱਕਾਂ ਅਤੇ ਖ਼ਾਲਿਸਤਾਨ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਵਾਲੇ ਸਿੱਖ ਕਾਰਕੁਨਾਂ, ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰ ਰੱਖਿਅਕਾਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਜਨੇਵਾ ਦੌਰੇ ਦੌਰਾਨ ਸਿੱਖ ਵਫ਼ਦ ਨੇ ਸੰਯੁਕਤ ਰਾਸ਼ਟਰ ਦੇ ਪ੍ਰਵਾਸੀਆਂ ਦੇ ਮਨੁੱਖੀ ਅਧਿਕਾਰਾਂ ਬਾਰੇ ਵਿਸ਼ੇਸ਼ ਰਿਪੋਰਟਰ ਸ੍ਰੀ ਗੇਹਾਦ ਮਾਦੀ ਨਾਲ ਅਹਿਮ ਮੁਲਾਕਾਤ ਕੀਤੀ। ਵਫ਼ਦ ਵੱਲੋਂ ਮਨੁੱਖੀ ਅਧਿਕਾਰ ਕਮਿਸ਼ਨਰ ਨੂੰ ਇੱਕ ਵਿਸ਼ੇਸ਼ ਯਾਦ-ਪੱਤਰ ਵੀ ਸੌਂਪਿਆ ਗਿਆ, ਜਿਸ ਵਿੱਚ 1984 ਤੋਂ ਬਾਅਦ ਪੰਜਾਬ ਵਿੱਚ ਹੋਈਆਂ ਕਥਿਤ ਜਬਰੀ ਗੁੰਮਸ਼ੁਦਗੀਆਂ ਅਤੇ ਝੂਠੇ ਪੁਲਸ ਮੁਕਾਬਲਿਆਂ ਵਰਗੇ ਮਨੁੱਖੀ ਅਧਿਕਾਰਾਂ ਦੇ ਘੋਰ ਉਲੰਘਣਾਵਾਂ ਦੇ ਪੁਖ਼ਤਾ ਦਸਤਾਵੇਜ਼ ਪੇਸ਼ ਕੀਤੇ ਗਏ।

ਇਸ ਦੌਰਾਨ ਵਫ਼ਦ ਨੇ ਸਿੱਖ ਕੌਮ ਦੇ ਸਵੈ-ਨਿਰਣੇ ਦੇ ਹੱਕ ਅਤੇ ਇਸ ਨਾਲ ਜੁੜੇ ਸ਼ਾਂਤੀਪੂਰਨ ਰਾਜਨੀਤਿਕ ਪ੍ਰਗਟਾਵੇ ਨੂੰ ਅੱਤਵਾਦ ਨਾਲ ਜੋੜਨ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ 'ਤੇ ਡੂੰਘੀ ਚਿੰਤਾ ਪ੍ਰਗਟਾਈ। 1984 ਦੀਆਂ ਦੁਖਾਂਤਕ ਘਟਨਾਵਾਂ ਦੇ ਸਬੰਧ ਵਿੱਚ ਵਫ਼ਦ ਨੇ ਸੰਯੁਕਤ ਰਾਸ਼ਟਰ ਤੋਂ ਮੰਗ ਕੀਤੀ ਕਿ ਇਨ੍ਹਾਂ ਘਟਨਾਵਾਂ ਨੂੰ ਸਿੱਖ ਨਸਲਕੁਸ਼ੀ ਵਜੋਂ ਅੰਤਰਰਾਸ਼ਟਰੀ ਮਾਨਤਾ ਦਿੱਤੀ ਜਾਵੇ। ਇਸ ਦੇ ਨਾਲ ਹੀ, ਵਫ਼ਦ ਨੇ ਵੱਖ-ਵੱਖ ਜੇਲ੍ਹਾਂ ਵਿੱਚ ਆਪਣੀਆਂ ਕਾਨੂੰਨੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਰਾਜਸੀ ਸਿੱਖ ਕੈਦੀਆਂ (ਬੰਦੀ ਸਿੰਘਾਂ) ਦੀ ਤੁਰੰਤ ਰਿਹਾਈ ਦਾ ਅਹਿਮ ਅਤੇ ਮਨੁੱਖੀ ਮੁੱਦਾ ਵੀ ਜ਼ੋਰਦਾਰ ਢੰਗ ਨਾਲ ਉਠਾਇਆ। ਵਫ਼ਦ ਵਿੱਚ ਭਾਈ ਹਿੰਮਤ ਸਿੰਘ (ਅਮਰੀਕਾ), ਭਾਈ ਪ੍ਰਭ ਸਿੰਘ (ਕੈਨੇਡਾ), ਭਾਈ ਜੋਗਾ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਅਮਰੀਕ ਸਿੰਘ ਸਹੋਤਾ (ਇੰਗਲੈਂਡ), ਭਾਈ ਪ੍ਰਿਤਪਾਲ ਸਿੰਘ (ਸਵਿਟਜ਼ਰਲੈਂਡ), ਭਾਈ ਸ਼ਿੰਗਾਰਾ ਸਿੰਘ, ਭਾਈ ਸਤਨਾਮ ਸਿੰਘ (ਫ਼ਰਾਂਸ), ਭਾਈ ਗੁਰਚਰਨ ਸਿੰਘ ਗੁਰਾਇਆ, ਭਾਈ ਗੁਰਪਾਲ ਸਿੰਘ, ਦਲ ਖ਼ਾਲਸਾ ਦੇ ਪ੍ਰਧਾਨ ਭਾਈ ਹਰਮੀਤ ਸਿੰਘ, ਭਾਈ ਜਤਿੰਦਰ ਸਿੰਘ ਅਤੇ ਭਾਈ ਬਹਾਦਰ ਸਿੰਘ (ਜਰਮਨੀ) ਸ਼ਾਮਲ ਸਨ। ਵਫ਼ਦ ਨੇ ਸੰਯੁਕਤ ਰਾਸ਼ਟਰ ਦੇ ਵੱਖ-ਵੱਖ ਮਨੁੱਖੀ ਅਧਿਕਾਰ ਮਕੈਨਿਜ਼ਮਾਂ, ਕੂਟਨੀਤਿਕ ਪ੍ਰਤੀਨਿਧੀਆਂ ਅਤੇ ਅੰਤਰਰਾਸ਼ਟਰੀ ਮੀਡੀਆ ਨਾਲ ਮੁਲਾਕਾਤਾਂ ਕਰਕੇ ਸਿੱਖਾਂ ਨਾਲ ਸਬੰਧਿਤ ਮਨੁੱਖੀ ਅਧਿਕਾਰਾਂ ਦੇ ਮੁੱਦਿਆਂ ਨੂੰ ਵਿਸਥਾਰ ਨਾਲ ਉਠਾਇਆ।

### ਕੀ ਸੰਯੁਕਤ ਰਾਸ਼ਟਰ ਕੋਈ ਸਿੱਧੀ ਕਾਰਵਾਈ ਕਰੇਗਾ ?

ਜਿਵੇਂ ਸਿੱਖ ਵਫ਼ਦ ਨੇ ਪ੍ਰਵਾਸੀਆਂ ਦੇ ਮਨੁੱਖੀ ਅਧਿਕਾਰਾਂ ਬਾਰੇ ਵਿਸ਼ੇਸ਼ ਰਿਪੋਰਟਰ ਸ੍ਰੀ ਗੇਹਾਦ ਮਾਦੀ ਨਾਲ ਮੁਲਾਕਾਤ ਕੀਤੀ, ਇਹ ਰਿਪੋਰਟਰ ਸੁਤੰਤਰ ਮਾਹਿਰ ਹੁੰਦੇ ਹਨ। ਉਹ ਇਨ੍ਹਾਂ ਦੋਸ਼ਾਂ ਦੀ ਪੜਤਾਲ ਕਰ ਸਕਦੇ ਹਨ ਅਤੇ ਜੇਕਰ ਉਨ੍ਹਾਂ ਨੂੰ ਤੱਥ ਸਹੀ ਲੱਗਦੇ ਹਨ, ਤਾਂ ਉਹ ਸਬੰਧਿਤ ਦੇਸ਼ਾਂ (ਜਿਵੇਂ ਭਾਰਤ, ਕੈਨੇਡਾ, ਯੂਕੇ) ਨੂੰ ਸਵਾਲ-ਜਵਾਬ ਜਾਂ ਚਿੱਠੀ ਭੇਜ ਕੇ ਜਵਾਬ ਮੰਗ ਸਕਦੇ ਹਨ।

ਯੂ.ਐਨ. ਮਨੁੱਖੀ ਅਧਿਕਾਰ ਕੌਂਸਲ ਆਪਣੀ ਸਾਲਾਨਾ ਰਿਪੋਰਟ ਵਿੱਚ 'ਟਰਾਂਸਨੈਸ਼ਨਲ ਰਿਪ੍ਰੈਸ਼ਨ' (ਸਰਹੱਦੋਂ ਪਾਰ ਦਮਨ) ਦੇ ਮਾਮਲਿਆਂ ਨੂੰ ਸ਼ਾਮਲ ਕਰ ਸਕਦੀ ਹੈ।1984 ਦੀਆਂ ਘਟਨਾਵਾਂ ਨੂੰ 'ਸਿੱਖ ਨਸਲਕੁਸ਼ੀ' ਵਜੋਂ ਅੰਤਰਰਾਸ਼ਟਰੀ ਮਾਨਤਾ ਦਿਵਾਉਣ ਦੀ ਮੰਗ ਬਹੁਤ ਵੱਡੀ ਹੈ। ਇਸ ਲਈ ਯੂ.ਐਨ. ਦੀ ਜਨਰਲ ਅਸੈਂਬਲੀ ਜਾਂ ਸੁਰੱਖਿਆ ਕੌਂਸਲ ਵਿੱਚ ਬਹੁਮਤ ਦੀ ਲੋੜ ਹੁੰਦੀ ਹੈ, ਜਿੱਥੇ ਭਾਰਤ ਵਰਗੇ ਮਜ਼ਬੂਤ ਦੇਸ਼ ਦੇ ਖਿਲਾਫ਼ ਅਜਿਹਾ ਮਤਾ ਪਾਸ ਹੋਣਾ ਕੂਟਨੀਤਿਕ ਤੌਰ 'ਤੇ ਬਹੁਤ ਮੁਸ਼ਕਿਲ ਹੁੰਦਾ ਹੈ।

ਭਾਵੇਂ ਯੂ.ਐਨ. ਕੋਈ ਸਿੱਧੀ ਸਜ਼ਾ ਨਾ ਦੇਵੇ, ਪਰ ਅਜਿਹੇ ਵਿਸ਼ਵ ਪੱਧਰੀ ਮੰਚ 'ਤੇ ਮੁੱਦਾ ਉਠਾਉਣ ਦੇ ਡੂੰਘੇ ਪ੍ਰਭਾਵ ਪੈਂਦੇ ਹਨ।

ਸਭ ਤੋਂ ਵੱਡਾ ਪ੍ਰਭਾਵ ਇਹ ਹੁੰਦਾ ਹੈ ਕਿ ਸਿੱਖਾਂ ਦੀ ਸੁਰੱਖਿਆ, ਪ੍ਰਗਟਾਵੇ ਦੀ ਆਜ਼ਾਦੀ ਅਤੇ ਬੰਦੀ ਸਿੰਘਾਂ ਦੀ ਰਿਹਾਈ ਵਰਗੇ ਮੁੱਦੇ ਅੰਤਰਰਾਸ਼ਟਰੀ ਮੀਡੀਆ ਅਤੇ ਕੂਟਨੀਤਿਕ ਹਲਕਿਆਂ ਦੀ ਨਜ਼ਰ ਵਿੱਚ ਆ ਜਾਂਦੇ ਹਨ।ਜਦੋਂ ਯੂ.ਐਨ. ਦੇ ਅਧਿਕਾਰੀਆਂ ਕੋਲ ਜਬਰੀ ਗੁੰਮਸ਼ੁਦਗੀਆਂ ਜਾਂ ਵਿਦੇਸ਼ਾਂ ਵਿੱਚ ਹੱਤਿਆਵਾਂ (ਜਿਵੇਂ ਭਾਈ ਹਰਦੀਪ ਸਿੰਘ ਨਿੱਝਰ ਦਾ ਮਾਮਲਾ) ਦੇ ਦਸਤਾਵੇਜ਼ ਜਾਂਦੇ ਹਨ, ਤਾਂ ਸਬੰਧਿਤ ਦੇਸ਼ਾਂ 'ਤੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਕਰਨ ਅਤੇ ਨਿਰਪੱਖ ਜਾਂਚ ਕਰਵਾਉਣ ਦਾ ਨੈਤਿਕ ਦਬਾਅ ਬਣਦਾ ਹੈ ਕਿਉਂਕਿ ਕੈਨੇਡਾ ਵਰਗੇ ਦੇਸ਼ ਪਹਿਲਾਂ ਹੀ ਭਾਈ ਨਿੱਝਰ ਦੇ ਮਾਮਲੇ (ਬਾਕੀ ਸਫ਼ਾ 26 'ਤੇ)

# ਵਿਨੀਪੈੱਗ ਦੀ ਗੁਰਦੁਆਰਾ ਕਮੇਟੀ ਨੇ ਹੁਕਮਨਾਮੇ 'ਤੇ ਉਠਾਏ ਸਵਾਲ



ਵਿਨੀਪੈੱਗ/ਏ.ਟੀ.ਨਿਊਜ਼: ਵਿਨੀਪੈੱਗ ਦੇ ਸਾਊਥ ਸਿੱਖ ਸੈਂਟਰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕਮੇਟੀ ਮੈਂਬਰਾਂ ਨੂੰ ਤਨਖ਼ਾਹੀਆ ਕਰਾਰ ਦੇਣ ਸਬੰਧੀ ਹੁਕਮਨਾਮੇ ਨੂੰ ਇਕਪਾਸੜ ਕਰਾਰ ਦਿੱਤਾ ਹੈ। ਗੁਰਦੁਆਰਾ ਸਾਹਿਬ ਵਿਖੇ ਕਰਵਾਈ ਪ੍ਰੈੱਸ ਕਾਨਫਰੰਸ ਦੌਰਾਨ ਕਮੇਟੀ ਅਹੁਦੇਦਾਰਾਂ ਨੇ ਕਿਹਾ ਕਿ ਉਨ੍ਹਾਂ ਦਾ ਪੱਖ ਸੁਣੇ ਬਗ਼ੈਰ ਹੀ ਫ਼ੈਸਲਾ ਸੁਣਾਇਆ ਗਿਆ ਹੈ। ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਨੇ ਦੱਸਿਆ ਕਿ ਗੁਰਦੁਆਰਾ ਪ੍ਰਬੰਧਾਂ ਸਬੰਧੀ ਕੁਝ ਵਿਅਕਤੀਆਂ ਵੱਲੋਂ ਲੰਮੇ ਸਮੇਂ ਤੋਂ ਇਤਰਾਜ਼ ਉਠਾਏ ਜਾ ਰਹੇ ਹਨ। ਇਹ ਮਾਮਲਾ ਸਥਾਨਕ ਅਦਾਲਤਾਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਵੀ ਵਿਚਾਰ ਅਧੀਨ ਰਿਹਾ ਹੈ। ਕਮੇਟੀ ਦਾ ਦਾਅਵਾ ਹੈ ਕਿ ਉਸ ਵੱਲੋਂ ਸਮੇਂ-ਸਮੇਂ 'ਤੇ ਈ-ਮੇਲਾਂ ਅਤੇ ਹੋਰ ਦਸਤਾਵੇਜ਼ਾਂ ਰਾਹੀਂ ਆਪਣਾ ਪੱਖ ਪੇਸ਼ ਕੀਤਾ ਜਾਂਦਾ ਰਿਹਾ ਹੈ, ਪਰ ਕੁਝ ਕਾਰਨਾਂ ਕਰ ਕੇ ਮੈਂਬਰ ਨਿੱਜੀ ਤੌਰ 'ਤੇ ਪੇਸ਼ ਨਹੀਂ ਹੋ ਸਕੇ। ਅਹੁਦੇਦਾਰਾਂ ਨੇ ਦੋਸ਼ ਲਾਇਆ ਕਿ ਵਿਰੋਧੀ ਧਿਰ ਵੱਲੋਂ ਗੁਰਦੁਆਰਾ ਪ੍ਰਬੰਧਾਂ ਸਬੰਧੀ ਗ਼ਲਤ ਜਾਣਕਾਰੀ ਫੈਲਾ ਕੇ ਸੰਗਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਫ਼ੀਫ਼ਾ ਵਿਸ਼ਵ ਕੱਪ ਦੇ ਬਹਾਨੇ ਕੈਨੇਡਾ ਜਾਣ ਦਾ ਸੁਪਨਾ ਚਕਨਾਚੂਰ

## ਭਾਰਤ ਦੀਆਂ 70 ਫ਼ੀਸਦੀ ਤੋਂ ਵੱਧ ਵੀਜ਼ਾ ਅਰਜ਼ੀਆਂ ਖਾਰਜ

ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜੇ ਅੱਖਾਂ ਖੋਲ੍ਹਣ ਵਾਲੇ ਵੀ ਹਨ ਅਤੇ ਚਿੰਤਾਜਨਕ ਵੀ। ਫ਼ੀਫ਼ਾ ਵਿਸ਼ਵ ਕੱਪ ਦੇ ਮੈਚ ਦੇਖਣ ਦੇ ਬਹਾਨੇ ਕੈਨੇਡਾ ਜਾਣ ਦੀ ਇੱਛਾ ਰੱਖਣ ਵਾਲੇ ਭਾਰਤੀਆਂ, ਖ਼ਾਸ ਕਰਕੇ ਪੰਜਾਬੀ ਨੌਜਵਾਨਾਂ ਨੂੰ ਵੱਡਾ ਝਟਕਾ ਲੱਗਾ ਹੈ। ਰਿਪੋਰਟਾਂ ਮੁਤਾਬਕ, ਵਿਸ਼ਵ ਕੱਪ ਦੇ ਨਾਂਅ 'ਤੇ ਵੀਜ਼ਾ ਅਪਲਾਈ ਕਰਨ ਵਾਲੇ 70 ਫ਼ੀਸਦੀ ਤੋਂ ਵੱਧ ਭਾਰਤੀਆਂ ਦੀਆਂ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ। 1,225 ਭਾਰਤੀਆਂ ਵਿੱਚੋਂ ਸਿਰਫ਼ 355 ਲੋਕਾਂ ਦੇ ਹੀ ਵੀਜ਼ੇ ਲੱਗੇ ਹਨ। ਇਹ ਅੰਕੜਾ ਸਿੱਧੇ ਤੌਰ 'ਤੇ ਉਸ ਭੁਲੇਖੇ ਦੀ ਹਵਾ ਕੱਢਦਾ ਹੈ, ਜੋ ਸੋਸ਼ਲ ਮੀਡੀਆ ਅਤੇ ਇਮੀਗ੍ਰੇਸ਼ਨ ਏਜੰਟਾਂ ਦੁਆਰਾ ਸਿਰਜਿਆ ਗਿਆ ਸੀ।




**ਅਰਜ਼ੀਆਂ ਰੱਦ ਹੋਣ ਦੇ ਅਸਲ ਕਾਰਨ**

ਕੈਨੇਡਾ ਸਰਕਾਰ ਵੱਲੋਂ ਇੰਨੀ ਵੱਡੀ ਗਿਣਤੀ ਵਿੱਚ ਵੀਜ਼ੇ ਰੱਦ ਕਰਨ ਪਿੱਛੇ ਮੁੱਖ ਕਾਰਨ 'ਇਮੀਗ੍ਰੇਸ਼ਨ ਦਾ ਖ਼ਦਸ਼ਾ' ਅਤੇ 'ਗਲਤ ਜਾਣਕਾਰੀ' ਹੈ। ਚੰਡੀਗੜ੍ਹ ਅਤੇ ਪੰਜਾਬ ਦੇ ਕਈ ਇਮੀਗ੍ਰੇਸ਼ਨ ਏਜੰਟਾਂ ਨੇ ਇੰਸਟਾਗ੍ਰਾਮ ਅਤੇ ਹੋਰ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਫ਼ੀਫ਼ਾ ਵਿਸ਼ਵ ਕੱਪ ਨੂੰ 'ਕੈਨੇਡਾ ਵਿੱਚ ਪੱਕੇ ਤੌਰ 'ਤੇ ਵਸਣ ਦਾ ਸੁਨਹਿਰੀ ਮੌਕਾ' ਵਜੋਂ ਵੇਚਣਾ ਸ਼ੁਰੂ ਕਰ ਦਿੱਤਾ ਸੀ। ਕੈਨੇਡਾ ਸਰਕਾਰ ਨੇ ਸਾਫ਼ ਕੀਤਾ ਹੈ ਕਿ 'ਫ਼ੀਫ਼ਾ ਵੀਜ਼ਾ' ਨਾਂਅ ਦੀ ਕੋਈ ਵਿਸ਼ੇਸ਼ ਸ਼੍ਰੇਣੀ ਨਹੀਂ ਹੈ ਜੋ ਉੱਥੇ ਕੰਮ ਕਰਨ ਜਾਂ ਪੱਕੇ ਹੋਣ ਦੀ ਇਜਾਜ਼ਤ ਦਿੰਦੀ ਹੋਵੇ। ਇਹ ਸਿਰਫ਼ ਇੱਕ ਆਮ ਟੂਰਿਸਟ ਵੀਜ਼ਾ ਹੈ।ਜਾਅਲੀ ਦਸਤਾਵੇਜ਼: ਏਜੰਟਾਂ ਦੇ ਚੱਕਰ ਵਿੱਚ ਫ਼ਸ ਕੇ ਕਈ ਬਿਨੈਕਾਰਾਂ ਨੇ ਜਾਅਲੀ ਫ਼ੰਡ ਜਾਂ ਦਸਤਾਵੇਜ਼ ਲਗਾਏ, ਜਿਸ ਕਾਰਨ ਵੀਜ਼ਾ ਅਧਿਕਾਰੀਆਂ ਨੇ ਅਰਜ਼ੀਆਂ ਸਿੱਧੀਆਂ ਖਾਰਜ ਕਰ ਦਿੱਤੀਆਂ।

**ਪੰਜਾਬੀਆਂ ਨੂੰ ਕੀ ਹੋਵੇਗਾ ਨੁਕਸਾਨ ?**

ਇਸ ਪੂਰੇ ਮਾਮਲੇ ਦਾ ਸਭ ਤੋਂ ਦੁਖਦ ਪਹਿਲੂ ਪੰਜਾਬੀਆਂ ਸਿਰ ਪੈਣ ਵਾਲੀ ਆਰਥਿਕ ਅਤੇ ਮਾਨਸਿਕ ਮਾਰ ਹੈ। ਏਜੰਟਾਂ ਨੂੰ ਦਿੱਤੀਆਂ ਮੋਟੀਆਂ ਰਕਮਾਂ, ਫ਼ਾਈਲ ਚਾਰਜਿਸ ਅਤੇ ਵੀਜ਼ਾ ਫ਼ੀਸਾਂ ਪਾਣੀ ਵਿੱਚ ਬਹਿ ਗਈਆਂ ਹਨ। ਪੰਜਾਬ ਦੇ ਲੱਖਾਂ-ਕਰੋੜਾਂ ਰੁਪਏ ਇਸ ਠੱਗੀ ਦੀ ਭੇਟ ਚੜ੍ਹ ਚੁੱਕੇ ਹਨ। (ਬਾਕੀ ਸਫ਼ਾ 26 'ਤੇ)

# ਆਸਟ੍ਰੇਲੀਆ 'ਚ ਪਾਬੰਦੀ ਦੇ ਬਾਵਜੂਦ 85 ਫ਼ੀਸਦੀ ਬੱਚੇ ਚਲਾ ਰਹੇ ਨੇ ਸੋਸ਼ਲ ਮੀਡੀਆ

ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਤੋਂ ਬਾਅਦ ਮਲੇਸ਼ੀਆ, ਇੰਗਲੈਂਡ ਸਣੇ ਕਈ ਦੇਸ਼ਾਂ ਦੀਆਂ ਸਰਕਾਰਾਂ ਨੇ ਬੱਚਿਆਂ ਦੇ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਈ ਹੋਈ ਹੈ। ਸਰਕਾਰ ਨੇ ਇਹ ਫ਼ੈਸਲਾ ਬੱਚਿਆਂ ਦਾ ਪੜ੍ਹਾਈ ਵੱਲ ਧਿਆਨ ਮੋੜਨ ਅਤੇ ਉਨ੍ਹਾਂ ਦੇ ਸਰੀਰਕ ਵਿਕਾਸ ਨੂੰ ਹੁਲਾਰਾ ਦੇਣ ਲਈ ਚੁੱਕਿਆ ਹੈ, ਕਿਉਂਕਿ ਸੋਸ਼ਲ ਮੀਡੀਆ 'ਤੇ ਐਕਟਿਵ ਬੱਚੇ ਅਸਲ ਦੁਨੀਆ ਨਾਲੋਂ ਟੁੱਟ ਜਾਂਦੇ ਹਨ ਤੇ ਉਨ੍ਹਾਂ ਦਾ ਸਰੀਰਕ ਵਿਕਾਸ ਵੀ ਹੌਲੀ ਹੋ ਜਾਂਦਾ ਹੈ। ਬੱਚਿਆਂ ਦੀ ਇਸ ਆਦਤ ਨੂੰ ਬਦਲਣ ਲਈ ਕਈ ਦੇਸ਼ਾਂ ਦੀ ਸਰਕਾਰ ਨੇ 16 ਸਾਲ ਤੱਕ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਵਰਤਣ 'ਤੇ ਪਾਬੰਦੀ ਲਗਾ ਦਿੱਤੀ ਹੈ।

ਇਸੇ ਦੌਰਾਨ ਆਸਟ੍ਰੇਲੀਆ 'ਚ ਤੋਂ ਇਕ ਹੈਰਾਨ ਕਰਨ ਵਾਲੀ ਖ਼ਬਰ ਮਿਲੀ ਹੈ, ਜਿੱਥੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਾਗੂ ਹੋਣ ਦੇ 6 ਮਹੀਨਿਆਂ ਬਾਅਦ ਵੀ 85 ਫ਼ੀਸਦੀ ਤੋਂ ਵੱਧ ਬੱਚੇ ਇਨ੍ਹਾਂ ਪਲੇਟਫ਼ਾਰਮਾਂ ਦੀ ਵਰਤੋਂ ਕਰ ਰਹੇ ਹਨ। ਹਾਲਾਂਕਿ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਕਾਨੂੰਨ ਦੀ ਸਫ਼ਲਤਾ ਨੂੰ ਸਿਰਫ਼ ਇਸ ਆਧਾਰ 'ਤੇ ਨਹੀਂ ਪਰਖਿਆ ਜਾ ਸਕਦਾ ਕਿ ਬੱਚੇ ਹੁਣ ਵੀ ਸੋਸ਼ਲ ਮੀਡੀਆ ਤੱਕ ਪਹੁੰਚ ਬਣਾ ਰਹੇ ਹਨ।

ਨਿਊਕੈਸਲ ਯੂਨੀਵਰਸਿਟੀ ਦੀ ਜਨਤਕ ਸਿਹਤ ਵਿਗਿਆਨੀ ਕੋਰਟਨੀ ਬਾਰਨੇਸ ਦੀ ਅਗਵਾਈ 'ਚ ਕੀਤੇ ਗਏ ਅਤੇ ਬ੍ਰਿਟਿਸ਼ ਮੈਡੀਕਲ ਜਰਨਲ ਵਿਚ ਪ੍ਰਕਾਸ਼ਿਤ ਇਕ ਅਧਿਐਨ ਵਿਚ ਪਾਇਆ ਗਿਆ ਕਿ ਟਿਕਟਾਕ, ਐਕਸ, ਫ਼ੇਸਬੁੱਕ ਅਤੇ ਇੰਸਟਾਗ੍ਰਾਮ ਵਰਗੇ ਪਾਬੰਦੀਸ਼ੁਦਾ ਸੋਸ਼ਲ ਮੀਡੀਆ ਮੰਚਾਂ ਦੀ ਵਰਤੋਂ ਵਿੱਚ ਕੋਈ ਵੱਡੀ ਕਮੀ ਨਹੀਂ ਆਈ ਹੈ।

ਵਿਗਿਆਨੀਆਂ ਨੇ 12 ਤੋਂ 16 ਸਾਲ ਦੀ ਉਮਰ ਵਰਗ ਦੇ 408 ਨਾਬਾਲਗਾਂ 'ਤੇ ਸਰਵੇਖਣ ਕੀਤਾ। ਅਧਿਐਨ ਅਨੁਸਾਰ ਕਾਨੂੰਨ ਲਾਗੂ ਹੋਣ ਦੇ 3 ਮਹੀਨਿਆਂ ਬਾਅਦ ਵੀ 16 ਸਾਲ ਤੋਂ ਘੱਟ ਉਮਰ ਦੇ 85 ਫ਼ੀਸਦੀ ਤੋਂ ਵੱਧ ਬੱਚੇ ਪਾਬੰਦੀਸ਼ੁਦਾ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਦੀ ਵਰਤੋਂ ਕਰ ਰਹੇ ਸਨ। ਇਨ੍ਹਾਂ ਵਿਚੋਂ ਜ਼ਿਆਦਾਤਰ ਆਪਣੇ ਖੁਦ ਦੇ ਅਕਾਊਂਟਸ ਰਾਹੀਂ ਇਨ੍ਹਾਂ ਪਲੇਟਫ਼ਾਰਮਜ਼ ਤੱਕ ਪਹੁੰਚ ਰਹੇ ਸਨ, ਜੋ ਕਿ ਸਰਕਾਰ ਦੀ ਯੋਜਨਾ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।

# ਕੈਨੇਡਾ ਦੀ ਲੇਬਰ ਮਾਰਕੀਟ 'ਤੇ 'ਬਜ਼ੁਰਗਾਂ' ਦੀ ਸਰਦਾਰੀ

ਵਿਨੀਪੈੱਗ/ਏ.ਟੀ.ਨਿਊਜ਼: ਕੈਨੇਡਾ ਵਿੱਚ ਰੋਜ਼ਗਾਰ ਅਤੇ ਆਰਥਿਕਤਾ ਦਾ ਮੁਹਾਂਦਰਾ ਤੇਜ਼ੀ ਨਾਲ ਬਦਲ ਰਿਹਾ ਹੈ। ਸਟੈਟਿਸਟਿਕਸ ਕੈਨੇਡਾ ਦੇ ਤਾਜ਼ਾ ਅੰਕੜਿਆਂ ਨੇ ਮਾਹਿਰਾਂ ਨੂੰ ਨਵੀਂ ਬਹਿਸ ਵਿੱਚ ਪਾ ਦਿੱਤਾ ਹੈ ਕਿਉਂਕਿ ਮੁਲਕ ਦੀ ਲੇਬਰ ਫੋਰਸ ਤੇਜ਼ੀ ਨਾਲ ਬੁੱਢੀ ਹੋ ਰਹੀ ਹੈ ਅਤੇ ਲੋਕ ਸੇਵਾਮੁਕਤੀ ਦੀ ਉਮਰ ਤੋਂ ਬਾਅਦ ਵੀ ਨੌਕਰੀਆਂ ਛੱਡਣ ਦੀ ਬਜਾਏ ਕੰਮ ਕਰਨ ਲਈ ਮਜਬੂਰ ਹਨ।

ਅੰਕੜਿਆਂ ਮੁਤਾਬਕ, ਸਾਲ 2001 ਵਿੱਚ ਸਿਰਫ਼ 26.2% ਕੰਪਨੀਆਂ ਅਜਿਹੀਆਂ ਸਨ ਜਿੱਥੇ ਮੁਲਾਜ਼ਮਾਂ ਦੀ ਔਸਤ ਉਮਰ 40 ਸਾਲ ਤੋਂ ਵੱਧ ਸੀ, ਜੋ 2022 ਤੱਕ ਵੱਧ ਕੇ 42.3% ਹੋ ਗਈ। ਇਸੇ ਤਰ੍ਹਾਂ ਕੰਪਨੀਆਂ ਵਿੱਚ 55 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਕਾਮਿਆਂ ਦੀ ਹਿੱਸੇਦਾਰੀ 9.3% ਤੋਂ ਦੁੱਗਣੀ ਹੋ ਕੇ 18.8% ਹੋ ਚੁੱਕੀ ਹੈ। ਸਭ ਤੋਂ ਵੱਡਾ ਅਸਰ ਫ਼ੈਕਟਰੀਆਂ ਅਤੇ ਮੈਨੂਫੈਕਚਰਿੰਗ ਖੇਤਰ ਵਿੱਚ ਦੇਖਿਆ ਗਿਆ ਹੈ, ਜਿੱਥੇ ਅੱਜ ਹਰ ਚਾਰ ਵਿੱਚੋਂ ਇੱਕ ਕਾਮਾ (24.2%) ਬਜ਼ੁਰਗ ਹੈ।

(ਬਾਕੀ ਸਫ਼ਾ 26 'ਤੇ)

# ਅਮਰੀਕਾ 'ਚ ਜਨਮ ਲੈਣ ਵਾਲੇ ਪ੍ਰਵਾਸੀਆਂ ਦੇ ਬੱਚਿਆਂ ਨੂੰ ਮਿਲੇਗੀ ਜਨਮਜਾਤ ਅਮਰੀਕੀ ਨਾਗਰਿਕਤਾ

## ਸੁਪਰੀਮ ਕੋਰਟ ਨੇ ਰਾਸ਼ਟਰਪਤੀ ਟਰੰਪ ਦੇ ਵਿਵਾਦਿਤ ਕਾਰਜਕਾਰੀ ਆਦੇਸ਼ ਨੂੰ 6-3 ਦੇ ਬਹੁਮਤ ਨਾਲ ਕੀਤਾ ਰੱਦ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ 'ਚ ਵੀਜ਼ਾ 'ਤੇ ਰਹਿ ਰਹੇ ਅਤੇ ਸਾਲਾਂ ਤੋਂ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਲੱਖਾਂ ਭਾਰਤੀ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਅਮਰੀਕੀ ਸੁਪਰੀਮ ਕੋਰਟ ਦਾ ਤਾਜ਼ਾ ਫੈਸਲਾ ਇੱਕ ਵਰਦਾਨ ਵਾਂਗ ਹੈ। ਸੁਪਰੀਮ ਕੋਰਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਵਿਵਾਦਿਤ ਕਾਰਜਕਾਰੀ ਆਦੇਸ਼ ਨੂੰ 6-3 ਦੇ ਬਹੁਮਤ ਨਾਲ ਰੱਦ ਕਰ ਦਿੱਤਾ ਹੈ, ਜੋ ਅਮਰੀਕੀ ਧਰਤੀ 'ਤੇ ਜਨਮ ਲੈਣ ਵਾਲੇ ਬੱਚਿਆਂ ਦੇ 'ਜਨਮਜਾਤ ਨਾਗਰਿਕਤਾ' ਦੇ ਸੰਵਿਧਾਨਕ ਅਧਿਕਾਰ ਨੂੰ ਖ਼ਤਮ ਕਰਨਾ ਚਾਹੁੰਦਾ ਸੀ।

ਟਰੰਪ ਨੇ ਆਪਣੇ ਦੂਜੇ ਕਾਰਜਕਾਲ ਦੇ ਪਹਿਲੇ ਹੀ ਦਿਨ ਇਸ ਨੀਤੀ 'ਤੇ ਦਸਤਖਤ ਕਰਕੇ ਅਸਥਾਈ ਪ੍ਰਵਾਸੀਆਂ ਅਤੇ ਸੈਲਾਨੀਆਂ ਦੇ ਬੱਚਿਆਂ ਨੂੰ ਇਸ ਅਧਿਕਾਰ ਤੋਂ ਵਾਂਝੇ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਦਾਲਤ ਦੇ ਇਸ ਫੈਸਲੇ ਨੇ ਨਾ ਸਿਰਫ ਟਰੰਪ ਦੀ ਇਸ ਪਾਬੰਦੀ ਨੂੰ ਨਾਕਾਮ ਕੀਤਾ ਹੈ, ਬਲਕਿ ਪ੍ਰਵਾਸੀਆਂ ਦੇ ਬੱਚਿਆਂ ਦੇ ਸੰਵਿਧਾਨਕ ਸਰੱਖਿਆ ਨੂੰ ਪਹਿਲ ਦਿੰਦੇ ਹੋਏ ਪ੍ਰਵਾਸੀਆਂ ਨੂੰ ਵੱਡੀ ਕਾਨੂੰਨੀ ਰਾਹਤ ਦਿੱਤੀ ਹੈ।

ਸੌਖੀ ਭਾਸ਼ਾ 'ਚ ਸਮਝੀਏ ਤਾਂ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਮਤਲਬ ਇਹ ਹੈ ਕਿ ਹੁਣ ਅਮਰੀਕਾ ਦੀ ਧਰਤੀ 'ਤੇ ਜਨਮ ਲੈਣ ਵਾਲੇ ਹਰ ਬੱਚੇ ਨੂੰ ਪਹਿਲਾਂ ਵਾਂਗ ਹੀ ਆਪਣੇ ਆਪ ਉੱਥੋਂ ਦੀ ਨਾਗਰਿਕਤਾ ਮਿਲਦੀ ਰਹੇਗੀ। ਅਜਿਹੇ 'ਚ ਹੁਣ ਸਵਾਲ ਇਹ ਹੈ ਕਿ ਅਮਰੀਕੀ ਸੁਪਰੀਮ ਕੋਰਟ ਦਾ ਇਹ ਫੈਸਲਾ ਅਮਰੀਕਾ 'ਚ ਆਪਣੀ ਪੜ੍ਹਾਈ ਪੂਰੀ ਕਰਨ ਵਾਲੇ ਜਾਂ ਅਜਿਹਾ ਸੁਪਨਾ ਦੇਖਣ ਵਾਲੇ ਭਾਰਤੀ ਵਿਦਿਆਰਥੀਆਂ ਲਈ ਵੱਡੀ ਰਾਹਤ ਦੀ ਗੱਲ ਕਿਵੇਂ ਹੈ? ਆਓ ਜਾਣਦੇ ਹਾਂ।

**ਪਹਿਲਾਂ ਸਮਝੋ ਸੁਪਰੀਮ ਕੋਰਟ 'ਚ ਕੀ ਹੋਇਆ?**

ਜਨਮਜਾਤ ਨਾਗਰਿਕਤਾ ਕਾਨੂੰਨ 'ਤੇ ਸੁਣਵਾਈ ਦੌਰਾਨ ਅਮਰੀਕੀ ਸੁਪਰੀਮ ਕੋਰਟ ਨੇ 6-3 ਦੇ ਬਹੁਮਤ ਨਾਲ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ 'ਕਾਰਜਕਾਰੀ ਆਦੇਸ਼' ਨੂੰ ਰੱਦ ਕਰ ਦਿੱਤਾ, ਜਿਸ ਨੂੰ ਉਨ੍ਹਾਂ ਨੇ ਆਪਣੇ ਦੂਜੇ ਕਾਰਜਕਾਲ ਦੇ ਪਹਿਲੇ ਹੀ ਦਿਨ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਸੀ।

ਟਰੰਪ ਚਾਹੁੰਦੇ ਸਨ ਕਿ ਜੋ ਲੋਕ ਅਮਰੀਕਾ 'ਚ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਹਨ ਜਾਂ ਜੋ ਸੈਲਾਨੀ (ਟੂਰਿਸਟ) ਵਜੋਂ ਕੁਝ ਸਮੇਂ ਲਈ ਅਮਰੀਕਾ ਘੁੰਮਣ ਆਏ ਹਨ, ਉਨ੍ਹਾਂ ਦੇ ਬੱਚਿਆਂ ਨੂੰ ਅਮਰੀਕਾ 'ਚ ਪੈਦਾ ਹੋਣ ਦੇ ਬਾਵਜੂਦ ਉੱਥੋਂ ਦੀ ਨਾਗਰਿਕਤਾ ਨਾ ਮਿਲੇ।

**ਅਦਾਲਤ ਨੇ ਕੀ ਕਿਹਾ?**

ਅਮਰੀਕੀ ਸੁਪਰੀਮ ਕੋਰਟ ਦੇ ਚੀਫ਼



ਜਸਟਿਸ ਜੌਨ ਰੌਬਰਟਸ ਨੇ ਬਹੁਮਤ ਦਾ ਫੈਸਲਾ ਸੁਣਾਉਂਦੇਹੋਏ ਕਿਹਾ ਕਿ ਅਮਰੀਕੀ ਸੰਵਿਧਾਨ ਦੀ '14ਵੀਂ ਸੋਧ' ਬਿਲਕੁਲ ਸਪੱਸ਼ਟ ਹੈ। ਇਸ ਦੇ ਤਹਿਤ ਅਮਰੀਕਾ 'ਚ ਜਨਮ ਲੈਣ ਵਾਲਾ ਹਰ ਵਿਅਕਤੀ ਉੱਥੋਂ ਦਾ ਨਾਗਰਿਕ ਹੈ। ਇਸ ਨੂੰ ਰਾਸ਼ਟਰਪਤੀ ਦੇ ਇੱਕ ਆਦੇਸ਼ ਨਾਲ ਬਦਲਿਆ ਨਹੀਂ ਜਾ ਸਕਦਾ।

ਹੁਣ ਸਮਝੋ ਭਾਰਤੀ ਪ੍ਰਵਾਸੀਆਂ ਲਈ ਰਾਹਤ ਕਿਵੇਂ?

ਜਿਸ ਸਵਾਲ ਨਾਲ ਇਸ ਖ਼ਬਰ ਦੀ ਸ਼ੁਰੂਆਤ ਹੋਈ ਸੀ, ਹੁਣ ਸਮਾਂ ਹੈ ਉਸ ਨੂੰ ਸਮਝਣ ਦਾ ਕਿ ਆਖਰਕਾਰ ਅਮਰੀਕੀ ਸੁਪਰੀਮ ਕੋਰਟ ਦਾ ਇਹ ਫੈਸਲਾ ਭਾਰਤੀਆਂ ਲਈ ਰਾਹਤ ਕਿਵੇਂ ਹੈ? ਇਸ ਗੱਲ ਨੂੰ ਇੰਝ ਸਮਝੋ ਕਿ ਇਸ ਫੈਸਲੇ ਦਾ ਸਭ ਤੋਂ ਵੱਡਾ ਫਾਇਦਾ ਅਮਰੀਕਾ 'ਚ ਰਹਿ ਰਹੇ ਭਾਰਤੀ ਭਾਈਚਾਰੇ ਨੂੰ ਮਿਲੇਗਾ, ਜੋ ਉੱਥੇ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਪ੍ਰਵਾਸੀ ਸਮੂਹਾਂ 'ਚੋਂ ਇੱਕ ਹੈ।

ਰਿਪੋਰਟਾਂ ਦੱਸਦੀਆਂ ਹਨ ਕਿ ਅਮਰੀਕਾ 'ਚ ਕਰੀਬ 12 ਲੱਖ ਤੋਂ ਵੱਧ ਭਾਰਤੀ ਅਜਿਹੇ ਹਨ ਜੋ ਨੌਕਰੀ ਦੇ ਅਧਾਰ 'ਤੇ ਮਿਲਣ ਵਾਲੇ 'ਗ੍ਰੀਨ ਕਾਰਡ' ਦੀ ਉਡੀਕ ਕਰ ਰਹੇ ਹਨ। ਇਸ ਲੰਬੀ ਕਤਾਰ ਕਾਰਨ ਭਾਰਤੀਆਂ ਨੂੰ ਗ੍ਰੀਨ ਕਾਰਡ ਮਿਲਣ 'ਚ ਕਈ ਦਹਾਕਿਆਂ ਦਾ ਸਮਾਂ ਲੱਗ ਜਾਂਦਾ ਹੈ।

ਬੱਚਿਆਂ ਦਾ ਭਵਿੱਖ ਸੁਰੱਖਿਅਤ

ਲੱਖਾਂ ਭਾਰਤੀ ਪ੍ਰੋਫੈਸ਼ਨਲਜ਼ ਐਚ-1ਬੀ ਵੀਜ਼ਾ, ਐਲ-1 ਵੀਜ਼ਾ ਜਾਂ ਐਫ਼-1 ਸਟੂਡੈਂਟ ਵੀਜ਼ਾ 'ਤੇ ਅਮਰੀਕਾ 'ਚ ਰਹਿੰਦੇ ਹਨ। ਉਨ੍ਹਾਂ ਦੇ ਬੱਚੇ ਮਾਪਿਆਂ ਨੂੰ ਗ੍ਰੀਨ ਕਾਰਡ ਮਿਲਣ ਤੋਂ ਬਹੁਤ ਪਹਿਲਾਂ ਹੀ ਅਮਰੀਕਾ 'ਚ ਪੈਦਾ ਹੋ ਜਾਂਦੇ ਹਨ। ਇਸ ਫੈਸਲੇ ਤੋਂ ਬਾਅਦ, ਹੁਣ ਉਨ੍ਹਾਂ ਬੱਚਿਆਂ ਨੂੰ ਤੁਰੰਤ ਅਮਰੀਕੀ ਨਾਗਰਿਕਤਾ ਅਤੇ ਉੱਥੇ ਜ਼ਿੰਦਗੀ ਭਰ ਰਹਿਣ ਦਾ ਕਾਨੂੰਨੀ ਅਧਿਕਾਰ ਮਿਲ ਗਿਆ ਹੈ।

**ਗ਼ੈਰ-ਕਾਨੂੰਨੀ ਪ੍ਰਵਾਸੀਆਂ ਲਈ ਵੀ ਸੁਰੱਖਿਆ**

ਇੰਨਾ ਹੀ ਨਹੀਂ, ਅਮਰੀਕੀ ਕੋਰਟ ਦੇ ਇਸ ਫੈਸਲੇ ਨਾਲ ਉੱਥੇ ਰਹਿ ਰਹੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੇ ਵੀ ਰਾਹਤ ਦਾ ਸਾਹਮਣਾ ਲਿਆ ਹੈ। ਅਮਰੀਕਾ 'ਚ ਕਾਨੂੰਨੀ ਪ੍ਰਵਾਸੀਆਂ ਤੋਂ ਇਲਾਵਾ ਕਰੀਬ 7.25 ਲੱਖ ਅਜਿਹੇ ਭਾਰਤੀ ਵੀ ਹਨ ਜਿਨ੍ਹਾਂ ਕੋਲ ਪੂਰੇ ਦਸਤਾਵੇਜ਼ ਨਹੀਂ ਹਨ। ਇਸ ਫੈਸਲੇ ਨਾਲ ਉਨ੍ਹਾਂ ਦੇ ਬੱਚਿਆਂ ਨੂੰ ਵੀ ਜਨਮ ਦੇ ਨਾਲ ਹੀ ਅਮਰੀਕੀ ਨਾਗਰਿਕਤਾ ਦੀ ਗਾਰੰਟੀ ਮਿਲ ਗਈ ਹੈ।

**ਫ਼ੈਸਲੇ ਦਾ ਅਮਰੀਕਾ 'ਚ ਚੌਤਰਫਾ ਸਵਾਗਤ**

ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਅਮਰੀਕਾ 'ਚ ਹਰ ਪਾਸੇ ਸਵਾਗਤ ਕੀਤਾ ਜਾ ਰਿਹਾ ਹੈ। ਭਾਰਤੀ-ਅਮਰੀਕੀ ਸੰਗਠਨ ਦੇ ਕਾਰਜਕਾਰੀ ਨਿਰਦੇਸ਼ਕ ਚਿੰਤਨ ਪਟੇਲ ਨੇ ਕਿਹਾ ਕਿ ਇਹ ਫੈਸਲਾ ਭਾਵੁਕ ਕਰਨ ਵਾਲਾ ਹੈ। ਐਚ-1ਬੀ ਵੀਜ਼ਾ ਵਾਲੇ ਭਾਰਤੀਆਂ ਦੇ ਬੱਚੇ ਮਾਪਿਆਂ ਦੇ ਕਾਨੂੰਨੀ ਤੌਰ 'ਤੇ ਸਥਾਪਤ ਹੋਣ ਤੋਂ ਬਹੁਤ ਪਹਿਲਾਂ ਹੀ ਇੱਥੇ ਪੈਦਾ ਹੋ ਜਾਂਦੇ ਹਨ। ਅੱਜ ਸੁਪਰੀਮ ਕੋਰਟ ਨੇ ਉਨ੍ਹਾਂ ਪਰਿਵਾਰਾਂ ਨੂੰ ਕਿਹਾ ਹੈ ਕਿ ਤੁਹਾਡੇ ਬੱਚੇ ਅਮਰੀਕੀ ਹਨ ਅਤੇ ਉਹ ਇੱਥੋਂ ਦੇ ਹੀ ਹਨ।

ਉੱਥੇ ਹੀ ਭਾਰਤੀ ਮੂਲ ਦੇ ਅਮਰੀਕੀ ਸੰਸਦ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ ਨੇ ਕਿਹਾ ਕਿ ਇਹ ਫੈਸਲਾ ਸੰਵਿਧਾਨ ਦੇ ਇਸ ਬੁਨਿਆਦੀ ਸਿਧਾਂਤ ਨੂੰ ਮੁੜ ਸਥਾਪਿਤ ਕਰਦਾ ਹੈ ਕਿ ਅਮਰੀਕਾ 'ਚ ਪੈਦਾ ਹੋਇਆ ਹਰ ਬੱਚਾ ਇੱਥੋਂ ਦਾ ਨਾਗਰਿਕ ਹੈ। ਸਾਡੇ ਅਧਿਕਾਰ ਰਾਸ਼ਟਰਪਤੀ ਤੋਂ ਨਹੀਂ, ਬਲਕਿ ਸੰਵਿਧਾਨ ਤੋਂ ਤੈਅ ਹੁੰਦੇ ਹਨ।

**ਨਾਖੁਸ਼ ਟਰੰਪ ਬੋਲੇ- ਸਾਡੇ ਦੇਸ਼ ਲਈ ਬਹੁਤ ਬੁਰਾ**

ਗੌਰ ਕਰਨ ਵਾਲੀ ਗੱਲ ਇਹ ਹੈ ਕਿ ਜਿੱਥੇ ਇੱਕ ਪਾਸੇ ਇਸ ਫੈਸਲੇ ਦਾ ਜ਼ੋਰਦਾਰ ਸਵਾਗਤ ਕੀਤਾ ਜਾ ਰਿਹਾ ਹੈ, ਉੱਥੇ ਹੀ ਦੂਜੇ ਪਾਸੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨਿਰਾਸ਼ ਹੋ ਗਏ ਹਨ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਾਡੇ ਦੇਸ਼ ਲਈ ਬਹੁਤ ਬੁਰਾ ਹੈ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਅਮਰੀਕੀ ਸੰਸਦ (ਕਾਂਗਰਸ) ਕਾਨੂੰਨ ਬਣਾ ਕੇ ਇਸ ਨੂੰ ਆਸਾਨੀ ਨਾਲ ਬਦਲ ਸਕਦੀ ਹੈ।

ਹਾਲਾਂਕਿ, ਮਾਹਰਾਂ ਦਾ ਕਹਿਣਾ ਹੈ ਕਿ ਕਿਉਂਕਿ ਸੁਪਰੀਮ ਕੋਰਟ ਨੇ ਇਹ ਫੈਸਲਾ ਸੰਵਿਧਾਨ ਦੇ ਅਧਾਰ 'ਤੇ ਦਿੱਤਾ ਹੈ, ਇਸ ਲਈ ਇਸ ਨੂੰ ਬਦਲਣ ਲਈ ਹੁਣ ਅਮਰੀਕੀ ਸੰਸਦ 'ਚ ਇੱਕ ਵੱਡੀ 'ਸੰਵਿਧਾਨਕ ਸੋਧ' ਕਰਨੀ ਪਵੇਗੀ, ਜੋ ਕਿ ਬੇਹੱਦ ਮੁਸ਼ਕਿਲ ਕੰਮ ਹੈ।

# ਅਮਰੀਕਾ ਤੋਂ ਕਿਉਂ ਮੋਹ ਭੰਗ ਹੋ ਰਿਹੈ ਭਾਰਤੀ ਵਿਦਿਆਰਥੀਆਂ ਦਾ?

## ਇੱਕੋ ਸਾਲ ਵਿੱਚ 30 ਹਜ਼ਾਰ ਵਿਦਿਆਰਥੀਆਂ ਨੇ ਛੱਡਿਆ ਅਮਰੀਕਾ

ਕਦੇ ਭਾਰਤੀ ਨੌਜਵਾਨਾਂ ਲਈ ਅਮਰੀਕਾ ਜਾ ਕੇ ਪੜ੍ਹਾਈ ਕਰਨਾ ਇੱਕ ਬਹੁਤ ਵੱਡਾ ਸੁਪਨਾ ਹੁੰਦਾ ਸੀ, ਪਰ ਹੁਣ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ। ਸਖ਼ਤ ਵੀਜ਼ਾ ਨਿਯਮਾਂ, ਲੰਬੇ ਇੰਤਜ਼ਾਰ ਅਤੇ ਪੜ੍ਹਾਈ ਤੋਂ ਬਾਅਦ ਨੌਕਰੀ ਦੀ ਅਨਿਸ਼ਚਿਤਤਾ ਕਾਰਨ ਹਜ਼ਾਰਾਂ ਵਿਦਿਆਰਥੀਆਂ ਦਾ ਅਮਰੀਕੀ ਸਿਸਟਮ ਤੋਂ ਭਰੋਸਾ ਉੱਠ ਰਿਹਾ ਹੈ। ਇਹੀ ਕਾਰਨ ਹੈ ਕਿ ਸਿਰਫ਼ ਇੱਕ ਸਾਲ ਦੇ ਅੰਦਰ ਲਗਭਗ 30 ਹਜ਼ਾਰ ਭਾਰਤੀਆਂ ਨੇ ਅਮਰੀਕਾ ਛੱਡ ਦਿੱਤਾ ਹੈ ਅਤੇ ਹੁਣ ਉਹ ਯੂਰਪ ਦਾ ਰੁਖ਼ ਕਰ ਰਹੇ ਹਨ।

ਜਰਮਨੀ, ਫਰਾਂਸ, ਆਇਰਲੈਂਡ ਅਤੇ ਨੀਦਰਲੈਂਡ ਵਰਗੇ ਦੇਸ਼ ਹੁਣ ਭਾਰਤੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਦੇ ਜਾ ਰਹੇ ਹਨ। ਇਨ੍ਹਾਂ ਦੇਸ਼ਾਂ ਵਿੱਚ ਪੜ੍ਹਾਈ ਦਾ ਖ਼ਰਚਾ ਘੱਟ ਹੈ, ਵਰਕ ਪਰਮਿਟ ਆਸਾਨੀ ਨਾਲ ਮਿਲ ਜਾਂਦਾ ਹੈ ਅਤੇ ਕਰੀਅਰ ਦੇ ਬਿਹਤਰ ਮੌਕੇ ਵੀ ਹਨ।

**ਅਮਰੀਕਾ ਜਾਣ ਦਾ ਸੁਪਨਾ ਕਿਉਂ ਪੈ ਰਿਹਾ ਫਿੱਕਾ?**

ਕੁਝ ਸਾਲ ਪਹਿਲਾਂ ਤੱਕ ਅਮਰੀਕਾ ਦਾ ਸਟੂਡੈਂਟ ਵੀਜ਼ਾ ਮਿਲਣਾ ਇੱਕ ਵੱਡੀ ਸਫ਼ਲਤਾ ਮੰਨਿਆ ਜਾਂਦਾ ਸੀ, ਪਰ ਹੁਣ ਸਥਿਤੀ ਬਿਲਕੁਲ ਵੱਖਰੀ ਹੈ:

ਵਿਦਿਆਰਥੀਆਂ ਨੂੰ ਵੀਜ਼ਾ ਇੰਟਰਵਿਊ ਲਈ ਮਹੀਨਿਆਂ ਬੱਧੀ ਇੰਤਜ਼ਾਰ ਕਰਨਾ ਪੈਂਦਾ ਹੈ। ਕਈ ਵਾਰ ਯੂਨੀਵਰਸਿਟੀ ਵਿੱਚ ਦਾਖ਼ਲਾ ਮਿਲਣ ਦੇ ਬਾਵਜੂਦ ਸਮੇਂ ਸਿਰ ਵੀਜ਼ਾ ਨਹੀਂ ਮਿਲਦਾ।

ਸੋਸ਼ਲ ਮੀਡੀਆ ਚੈਕਿੰਗ, ਸਖ਼ਤ ਇਮੀਗ੍ਰੇਸ਼ਨ ਨੀਤੀਆਂ ਅਤੇ ਵੀਜ਼ਾ ਰਿਜੈਕਟ ਹੋਣ ਦੇ ਡਰ ਨੇ




ਵਿਦਿਆਰਥੀਆਂ ਨੂੰ ਚਿੰਤਾ ਵਿੱਚ ਪਾ ਦਿੱਤਾ ਹੈ। ਲੱਖਾਂ ਰੁਪਏ ਖ਼ਰਚ ਕਰਨ ਤੋਂ ਬਾਅਦ ਵੀ ਵੀਜ਼ੇ ਦੀ ਕੋਈ ਗਾਰੰਟੀ ਨਹੀਂ ਹੁੰਦੀ।

ਅਮਰੀਕਾ ਵਿੱਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਸਭ ਤੋਂ ਵੱਡੀ ਚੁਣੌਤੀ ਨੌਕਰੀ ਲੱਭਣ ਦੀ ਹੁੰਦੀ ਹੈ।

ਐਫ-1 ਵੀਜ਼ਾ 'ਤੇ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਆਪਸ਼ਨਲ ਪਰੈਕਟੀਕਲ ਟਰੇਨਿੰਗ ਦੇ ਤਹਿਤ ਕੁਝ ਸਮਾਂ ਕੰਮ ਕਰਨ ਦਾ ਮੌਕਾ ਤਾਂ ਮਿਲਦਾ ਹੈ, ਪਰ ਉਸ ਤੋਂ ਬਾਅਦ ਐਚ-1ਬੀ ਵੀਜ਼ਾ ਲਾਟਰੀ ਸਿਸਟਮ 'ਤੇ ਨਿਰਭਰ ਕਰਦਾ ਹੈ।

ਜੇਕਰ ਲਾਟਰੀ ਵਿੱਚ ਨਾਮ ਨਾ ਆਵੇ ਤਾਂ ਦੇਸ਼ ਛੱਡਣਾ ਪੈਂਦਾ ਹੈ।

ਕੰਪਨੀਆਂ ਵੀ ਹੁਣ ਜ਼ਿਆਦਾ ਖ਼ਰਚੇ ਅਤੇ ਕਾਨੂੰਨੀ ਉਲਝਣਾਂ ਕਾਰਨ ਵਿਦੇਸ਼ੀ ਵਿਦਿਆਰਥੀਆਂ ਨੂੰ ਸਪਾਂਸਰ ਕਰਨ ਤੋਂ ਕਤਰਾ ਰਹੀਆਂ ਹਨ।

ਭਾਰਤੀ ਵਿਦਿਆਰਥੀਆਂ ਦੀ ਨਵੀਂ ਪਸੰਦ ਬਣਿਆ 'ਯੂਰਪ'

ਅਮਰੀਕਾ ਦੀਆਂ ਮੁਸ਼ਕਲਾਂ ਦਰਮਿਆਨ ਯੂਰਪੀ ਦੇਸ਼ ਭਾਰਤੀ ਵਿਦਿਆਰਥੀਆਂ ਨੂੰ ਖਿੱਚ ਰਹੇ ਹਨ:

ਜਰਮਨੀ ਦੀਆਂ ਕਈ ਸਰਕਾਰੀ ਯੂਨੀਵਰਸਿਟੀਆਂ ਵਿੱਚ ਟਿਊਸ਼ਨ ਫੀਸ ਲਗਭਗ ਜ਼ੀਰੋ ਹੈ।

ਪੜ੍ਹਾਈ ਪੂਰੀ ਹੋਣ ਤੋਂ ਬਾਅਦ ਵਿਦਿਆਰਥੀਆਂ ਨੂੰ ਨੌਕਰੀ ਲੱਭਣ ਲਈ 18 ਤੋਂ 24 ਮਹੀਨਿਆਂ ਦਾ ਸਮਾਂ ਮਿਲਦਾ ਹੈ। (**ਬਾਕੀ ਸਫ਼ਾ 26 'ਤੇ**)

## ਕੈਨੇਡਾ 'ਚ ਭਾਈ ਨਿੱਝਰ ਦੇ ਸਾਥੀ ਹਰਜਿੰਦਰ ਸਿੰਘ ਢੰਡੋਵਾਲ 'ਤੇ ਹਮਲਾ, ਚੌਕਸੀ ਕਾਰਨ ਜਾਨ ਬਚੀ




ਵੈਨਕੂਵਰ/ਏ.ਟੀ.ਨਿਊਜ਼: ਸਰੀ ਦੀ 145 ਸਟ੍ਰੀਟ ਅਤੇ 76 ਐਵੇਨਿਊ ਵਿੱਚ ਪਿਛਲੇ ਦਿਨੀਂ ਰਾਤ ਸਮੇਂ ਇੱਥੋਂ ਦੇ ਇੱਕ ਨਾਮਵਰ ਵਿਅਕਤੀ 'ਤੇ ਉਸ ਦੇ ਘਰ ਦੇ ਮੂਹਰੇ ਤਿੰਨ ਵਿਅਕਤੀਆਂ ਨੇ ਗੋਲੀਬਾਰੀ ਕੀਤੀ ਪਰ ਚੌਕਸੀ ਕਾਰਨ ਉਸ ਦੀ ਜਾਨ ਬਚ ਗਈ। ਪੀੜਤ ਦੀ ਪਛਾਣ ਹਰਜਿੰਦਰ ਸਿੰਘ ਢੰਡੋਵਾਲ ਵਜੋਂ ਹੋਈ ਹੈ ਜੋ ਤਿੰਨ ਸਾਲ ਪਹਿਲਾਂ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਦੀ ਪਾਰਕਿੰਗ ਵਿੱਚ ਮਾਰੇ ਗਏ ਹਰਦੀਪ ਸਿੰਘ ਨਿੱਝਰ ਦਾ ਸਾਥੀ ਸੀ। ਪੁਲਿਸ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਟਰੱਕ ਚਾਲਕ ਹਰਜਿੰਦਰ ਢੰਡੋਵਾਲ ਸਰੀ ਗੁਰਦੁਆਰੇ ਵਿਖੇ ਚੱਲਦੇ ਉਸਾਰੀ ਦੇ ਕੰਮ ਵਿੱਚ ਹਿੱਸਾ ਲੈਣ ਮਗਰੋਂ ਦੇਰ ਰਾਤ ਜਿਵੇਂ ਹੀ ਆਪਣੇ ਘਰ ਦੇ ਬਾਹਰ ਪੁੱਜਿਆ ਤਾਂ ਉਸ ਦਾ ਪਿੱਛਾ ਕਰ ਰਹੇ ਦੋ ਕਾਰਾਂ ਵਿੱਚ ਸਵਾਰ ਤਿੰਨ ਵਿਅਕਤੀਆਂ ਨੇ ਉਸ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਢੰਡੋਵਾਲ ਨੇ ਕਾਰ ਦਾ ਹਾਰਨ ਵਜਾਉਣਾ ਸ਼ੁਰੂ ਕਰ ਦਿੱਤਾ ਜਿਸ ਕਰ ਕੇ ਹਮਲਾਵਰ ਉਸ ਉੱਤੇ ਕੁਝ ਗੋਲੀਆਂ ਚਲਾ ਕੇ ਭੱਜ ਗਏ। ਢੰਡੋਵਾਲ ਦੀ ਖੱਬੀ ਬਾਂਹ 'ਤੇ ਕੁਝ ਗੋਲੀਆਂ ਲੱਗੀਆਂ। ਉਸ ਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

# ਕਥਿਤ ਫ਼ਰਜ਼ੀ ਮੁਕਾਬਲਿਆਂ ਦਾ ਮਾਮਲਾ: ਪੰਜਾਬ ਪੁਲਿਸ ਨੇ ਮਨੁੱਖੀ ਅਧਿਕਾਰ ਕਮਿਸ਼ਨ ਵਿੱਚ ਦਾਖ਼ਲ ਕੀਤਾ ਜਵਾਬ

## ਗੁਰਦਾਸਪੁਰ ਮਾਮਲੇ ਦੀ ਨਿਰਪੱਖ ਜਾਂਚ ਲਈ ਬਣਾਈ ਸੁਤੰਤਰ ਸਿਟ; ਬਾਹਰਲੇ ਜ਼ਿਲ੍ਹਿਆਂ ਦੇ ਅਧਿਕਾਰੀ ਸ਼ਾਮਿਲ

ਪੰਜਾਬ ਵਿੱਚ ਪਿਛਲੇ ਚਾਰ ਸਾਲਾਂ ਦੌਰਾਨ ਹੋਏ ਕਥਿਤ ਫ਼ਰਜ਼ੀ ਪੁਲਿਸ ਮੁਕਾਬਲਿਆਂ (ਐਨਕਾਊਂਟਰਾਂ) ਦੇ ਗੰਭੀਰ ਮਾਮਲੇ ਵਿੱਚ ਪੰਜਾਬ ਪੁਲਿਸ ਵੱਲੋਂ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਅੱਗੇ ਆਪਣਾ ਪੱਖ ਰੱਖਦਿਆਂ ਜਵਾਬ ਦਾਖ਼ਲ ਕਰ ਦਿੱਤਾ ਗਿਆ ਹੈ। ਕਮਿਸ਼ਨ ਵੱਲੋਂ ਪਿਛਲੀ ਸੁਣਵਾਈ ਦੌਰਾਨ ਪੰਜਾਬ ਦੇ ਡੀ.ਜੀ.ਪੀ. ਤੋਂ ਮੰਗੇ ਗਏ ਜਵਾਬ ਦੇ ਤਹਿਤ ਪੁਲਿਸ ਨੇ ਇਹ ਕਾਰਵਾਈ ਕੀਤੀ ਹੈ। ਇਸ ਜਵਾਬ ਵਿੱਚ ਸਭ ਤੋਂ ਅਹਿਮ ਖ਼ੁਲਾਸਾ ਗੁਰਦਾਸਪੁਰ ਐਨਕਾਊਂਟਰ ਮਾਮਲੇ ਨੂੰ ਲੈ ਕੇ ਕੀਤਾ ਗਿਆ ਹੈ, ਜਿਸ ਦੀ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਲਈ ਇੱਕ ਸੁਤੰਤਰ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਹੈ। ਰਣਜੀਤ ਸਿੰਘ (ਪ੍ਰਧਾਨ, ਪੰਜਾਬ ਮਨੁੱਖੀ ਅਧਿਕਾਰ ਸੰਗਠਨ) ਵੱਲੋਂ ਕਮਿਸ਼ਨ ਕੋਲ ਦਾਇਰ ਕੀਤੀ ਗਈ ਮੁੱਖ ਸ਼ਿਕਾਇਤ ਪਿਛਲੇ ਚਾਰ ਸਾਲਾਂ ਦੌਰਾਨ ਹੋਏ 35 ਕਥਿਤ ਫ਼ਰਜ਼ੀ ਐਨਕਾਊਂਟਰਾਂ ਨਾਲ ਸਬੰਧਿਤ ਹੈ। ਇਸੇ ਸ਼ਿਕਾਇਤ ਦੇ ਆਧਾਰ 'ਤੇ ਹੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੰਜਾਬ ਦੇ ਡੀ.ਜੀ.ਪੀ. ਤੋਂ ਜਵਾਬ ਮੰਗਿਆ ਸੀ।



**ਸੁਤੰਤਰ 'ਸਿਟ' ਦਾ ਗਠਨ ਕਿਉਂ ਕੀਤਾ ਗਿਆ?**

ਪੁਲਿਸ ਮੁਕਾਬਲਿਆਂ ਦੀ ਨਿਰਪੱਖਤਾ 'ਤੇ ਉੱਠ ਰਹੇ ਸਵਾਲਾਂ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਖ਼ਤੀ ਨੂੰ ਦੇਖਦੇ ਹੋਏ ਪੁਲਿਸ ਨੇ ਇਹ ਕਦਮ ਚੁੱਕਿਆ ਹੈ। ਜਾਂਚ ਨੂੰ ਪ੍ਰਭਾਵਿਤ ਹੋਣ ਤੋਂ ਬਚਾਉਣ ਅਤੇ ਪਾਰਦਰਸ਼ਤਾ ਬਣਾਈ ਰੱਖਣ ਲਈ ਇਸ ਟੀਮ ਵਿੱਚ ਗੁਰਦਾਸਪੁਰ ਜ਼ਿਲ੍ਹੇ ਤੋਂ ਬਾਹਰ ਦੇ ਉੱਚ ਅਧਿਕਾਰੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ, ਤਾਂ ਜੋ ਸਥਾਨਕ ਪੁਲਿਸ ਦਾ ਕੋਈ ਦਬਾਅ ਜਾਂ ਪੱਖਪਾਤ ਨਾ ਰਹਿ ਸਕੇ।

ਸਿਟ ਦੇ ਮੁੱਖ ਮੈਂਬਰ:

ਪਰਮਿੰਦਰ ਸਿੰਘ: ਐੱਸ.ਪੀ. (ਇਨਵੈਸਟੀਗੇਸ਼ਨ), ਡੀ.ਪੀ. ਹੈੱਡਕੁਆਰਟਰ ਜਲੰਧਰ

ਇੰਦਰਜੀਤ ਸਿੰਘ: ਐੱਸ.ਪੀ. (ਐੱਨ.ਡੀ.ਪੀ.ਐੱਸ.), ਅੰਮ੍ਰਿਤਸਰ

ਸੁਰਿੰਦਰ ਪਾਲ ਸਿੰਘ: ਮੁਖੀ, ਥਾਣਾ ਫ਼ਤਹਿਗੜ੍ਹ ਚੂੜੀਆਂ (ਇੰਸਪੈਕਟਰ)

ਜਾਂਚ ਦਾ ਮੁੱਖ ਮਕਸਦ: ਇਹ ਉੱਚ-ਪੱਧਰੀ (**ਬਾਕੀ ਸਫ਼ਾ 26 'ਤੇ**)

# ਪੰਜਾਬੀ ਯੂਨੀਵਰਸਿਟੀ ਵੱਲੋਂ 'ਆਵਾਜ਼ ਘਰ' ਨਾਲ ਆਡੀਓ ਲਾਇਬ੍ਰੇਰੀ ਸਥਾਪਿਤ ਕਰਨ ਲਈ ਇਕਰਾਰਨਾਮਾ

## ਦੁਰਲੱਭ ਪੁਸਤਕਾਂ, ਖੋਜ ਪੱਤਰਾਂ ਅਤੇ ਹੱਥ-ਲਿਖਤਾਂ ਨੂੰ ਆਡੀਓ ਫਾਰਮੈਟ ਵਿੱਚ ਬਦਲਿਆ ਜਾਵੇਗਾ

## ਯੂਨੀਵਰਸਿਟੀ ਲਈ ਲਾਹੇਵੰਦ ਰਿਹਾ ਉਪ ਕੁਲਪਤੀ ਡਾ. ਜਗਦੀਪ ਸਿੰਘ ਦਾ ਅਮਰੀਕਾ ਦੌਰਾ

ਪਟਿਆਲਾ/ਏ.ਟੀ.ਨਿਊਜ਼: ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਸਿੱਧ ਡਿਜੀਟਲ ਪਲੇਟਫ਼ਾਰਮ 'ਆਵਾਜ਼ ਘਰ' ਨਾਲ ਮਿਲ ਕੇ ਆਡੀਓ ਲਾਇਬ੍ਰੇਰੀ ਸਥਾਪਿਤ ਕਰਨ ਲਈ ਇਕਰਾਰਨਾਮਾ ਕੀਤਾ ਗਿਆ ਹੈ। ਇਹ ਇਕਰਾਰਨਾਮਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਲੰਘੇ ਦਿਨੀਂ ਕੀਤੇ ਗਏ ਅਮਰੀਕਾ ਦੌਰੇ ਦੌਰਾਨ ਅਮਰੀਕਾ ਵਿੱਚ ਕੀਤਾ ਗਿਆ ਹੈ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਲੰਘੇ ਦਿਨੀਂ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਗਦੀਪ ਸਿੰਘ ਨੇ ਅਕਾਦਮਿਕ ਮਿਆਰ ਨੂੰ ਉੱਚਾ ਚੁੱਕਣ, ਖੋਜ ਕਾਰਜਾਂ ਨੂੰ ਹੁਲਾਰਾ ਦੇਣ ਅਤੇ ਵਿਦੇਸ਼ਾਂ ਵਿੱਚ ਬੈਠੇ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀਆਂ ਨਾਲ ਸਾਂਝ ਮਜਬੂਤ ਕਰਨ ਦੇ ਉਦੇਸ਼ ਨਾਲ ਅਮਰੀਕਾ ਦੇ ਤਿੰਨ ਸੂਬਿਆਂ ਐਰੀਜ਼ੋਨਾ, ਕੈਲੀਫ਼ੋਰਨੀਆ ਅਤੇ ਨਿਊਜਰਸੀ ਦਾ ਅਧਿਕਾਰਤ ਦੌਰਾ ਕੀਤਾ। ਇਸ ਦੌਰੇ ਦੌਰਾਨ ਉਪ ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਡਿਜੀਟਲ ਪਲੇਟਫਾਰਮ 'ਆਵਾਜ਼ ਘਰ' ਨਾਲ ਮਿਲ ਕੇ ਪੰਜਾਬੀ ਯੂਨੀਵਰਸਿਟੀ ਵਿੱਚ 'ਪੰਜਾਬੀ ਯੂਨੀਵਰਸਿਟੀ ਆਡੀਓ ਲਾਇਬ੍ਰੇਰੀ' ਸਥਾਪਿਤ ਕਰਨ ਲਈ ਇਕਰਾਰਨਾਮਾ ਕੀਤਾ ਗਿਆ, ਜਿਸ ਤਹਿਤ ਦੁਰਲੱਭ ਪੁਸਤਕਾਂ, ਖੋਜ ਪੱਤਰਾਂ ਅਤੇ ਹੱਥ ਲਿਖਤਾਂ ਨੂੰ ਆਡੀਓ ਫਾਰਮੈਟ ਵਿੱਚ ਬਦਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਹੋਕਾ ਟੀ.ਵੀ. ਨਾਮਕ ਮੀਡੀਆ ਸੰਸਥਾ ਨਾਲ ਵਿਦਿਆਰਥੀਆਂ ਦੀ ਪ੍ਰੈਕਟੀਕਲ ਸਿਖਲਾਈ, ਮਾਸਟਰ ਕਲਾਸਾਂ ਅਤੇ ਮੀਡੀਆ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਸਹਿਮਤੀ ਬਣੀ।

ਉਨ੍ਹਾਂ ਦੱਸਿਆ ਕਿ ਉਪ ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਇਸ ਦੌਰੇ ਦੌਰਾਨ ਅਮਰੀਕਾ ਵਿੱਚ ਵੱਖ ਵੱਖ ਖੇਤਰਾਂ ਦੀਆਂ ਨਾਮਵਰ ਸ਼ਖ਼ਸੀਅਤਾਂ, ਉਦਯੋਗਪਤੀਆਂ ਅਤੇ ਤਕਨੀਕੀ ਮਾਹਿਰਾਂ ਨਾਲ ਅਹਿਮ ਮੁਲਾਕਾਤਾਂ ਹੋਈਆਂ, ਜਿਸ ਦੇ ਸਿੱਟੇ ਵਜੋਂ ਯੂਨੀਵਰਸਿਟੀ ਦੇ ਸਰਬਪੱਖੀ ਵਿਕਾਸ ਲਈ ਅਹਿਮ ਇਕਰਾਰਨਾਮੇ ਸਹੀਬੱਧ ਕੀਤੇ ਗਏ। ਉਨ੍ਹਾਂ ਦੱਸਿਆ ਕਿ ਐਰੀਜ਼ੋਨਾ ਵਿੱਚ ਪ੍ਰਸਿੱਧ ਨਿਊਰੋਸਰਜਨ ਅਤੇ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀ ਡਾ. ਜਸਵੰਤ ਸਿੰਘ ਸਚਦੇਵ ਨਾਲ ਮੁਲਾਕਾਤ ਦੌਰਾਨ ਵਿਦੇਸ਼ ਵਿੱਚ ਰਹਿ ਰਹੇ ਦੂਜੀ ਅਤੇ ਤੀਜੀ ਪੀੜ੍ਹੀ ਦੇ ਪੰਜਾਬੀ ਬੱਚਿਆਂ ਲਈ ਆਨਲਾਈਨ ਪੰਜਾਬੀ ਭਾਸ਼ਾ ਦੇ ਕੋਰਸ ਸ਼ੁਰੂ ਕਰਨ ਬਾਰੇ ਗੰਭੀਰ ਚਰਚਾ ਹੋਈ। ਇਸੇ ਤਰ੍ਹਾਂ ਫੂਡ ਇੰਡਸਟਰੀ ਦੇ ਸਫਲ ਕਾਰੋਬਾਰੀ ਲਖਵਿੰਦਰ ਸਿੰਘ ਰਾਣਾ ਸੋਢੀ ਨਾਲ ਯੂਨੀਵਰਸਿਟੀ ਦੇ ਸੱਭਿਆਚਾਰਕ ਅਤੇ ਵਿਦਿਅਕ ਪ੍ਰੋਜੈਕਟਾਂ ਵਿੱਚ ਸਹਿਯੋਗ ਦੇਣ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਫੀਕਨਿਕਸ ਦੇ ਆਇਰਨਵੁੱਡ ਕੈਂਸਰ ਰਿਸਰਚ ਸੈਂਟਰ ਦੇ ਮੈਨੇਜਿੰਗ ਪਾਰਟਨਰ ਡਾ. ਪਰਵਿੰਦਰ ਖਨੂਜਾ ਨਾਲ ਭਾਰਤ ਅਤੇ ਅਮਰੀਕਾ ਵਿੱਚ ਕੈਂਸਰ ਦੇ ਇਲਾਜ, ਕੀਮੋਥੈਰੇਪੀ ਅਤੇ ਰੇਡੀਏਸ਼ਨ ਥੈਰੇਪੀ ਦੇ ਖੇਤਰ ਵਿੱਚ ਤੁਲਨਾਤਮਕ ਅਧਿਐਨ ਅਤੇ ਖੋਜ ਬਾਰੇ ਚਰਚਾ ਹੋਈ।

ਕੈਲੀਫੋਰਨੀਆ ਦੌਰੇ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਹ ਤਕਨਾਲੋਜੀ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਆਡੀਓ ਲਾਇਬ੍ਰੇਰੀ ਦੇ ਹਵਾਲੇ ਨਾਲ ਅਹਿਮ ਰਿਹਾ। ਇੱਥੇ ਇੰਜ. ਪ੍ਰੀਤ ਵਿਰਕ ਵਾਈਸ ਪ੍ਰੈਜੀਜੈਂਟ ਮਾਰਵਲ ਟੈਕਨਾਲੋਜੀ ਨੇ ਪੰਜਾਬੀ ਯੂਨੀਵਰਸਿਟੀ ਵਿੱਚ 'ਬਾਣੀ ਟ੍ਰਾਂਸਲੇਸ਼ਨ ਪ੍ਰੋਜੈਕਟ, ਐਥਲੀਟ ਸਪਾਂਸਰਸ਼ਿਪ, ਹਾਕੀ ਖੇਡ ਸਹੂਲਤਾਂ, ਮਾਈਕਰੋ ਫੋਰੈਸਟ, ਡਿਵੈਲਪਮੈਂਟ ਅਤੇ ਸੈਮੀਕੰਡਕਟਰ ਚਿੱਪ ਡਿਜ਼ਾਇਨ ਵਰਗੇ ਪ੍ਰੋਜੈਕਟਾਂ ਵਿੱਚ ਸਹਿਯੋਗ ਦੇਣ ਦੀ ਵਚਨਬੱਧਤਾ ਪ੍ਰਗਟਾਈ।

ਉਨ੍ਹਾਂ ਦੱਸਿਆ ਕਿ ਕੈਲੀਫ਼ੋਰਨੀਆ ਅਤੇ ਨਿਊਜਰਸੀ ਵਿੱਚ ਪੰਜਾਬੀ ਯੂਨੀਵਰਸਿਟੀ ਅਲੂਮਨੀ ਐਂਡ ਫਰੈਂਡਜ਼ ਆਫ ਪੰਜਾਬੀ ਯੂਨੀਵਰਸਿਟੀ ਸੰਸਥਾ ਨਾਲ ਹੋਈਆਂ ਵਿਸ਼ੇਸ ਇਕੱਤਰਤਾਵਾਂ ਦੌਰਾਨ ਯੂਨੀਵਰਸਿਟੀ ਦੇ ਬੁਨਿਆਦੀ ਢਾਂਚੇ ਨੂੰ ਸੁਧਾਰਨ ਲਈ ਪ੍ਰਵਾਸੀਆਂ ਨੇ ਭਰਵਾਂ ਹੁੰਗਾਰਾ ਦਿੱਤਾ।

### ਯੂਨੀਵਰਸਿਟੀ ਨੂੰ ਵਿੱਤੀ ਤੌਰ 'ਤੇ ਕੀਤਾ ਜਾਵੇਗਾ ਮਜ਼ਬੂਤ : ਡਾ. ਜਗਦੀਪ ਸਿੰਘ

ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਗਦੀਪ ਸਿੰਘ ਨੇ ਕਿਹਾ ਕਿ ਅਮਰੀਕਾ ਦੌਰੇ ਦੌਰਾਨ ਉਨ੍ਹਾਂ ਵੱਲੋਂ ਕੀਤੇ ਗਏ ਸਾਰੇ ਇਕਰਾਰਨਾਮਿਆਂ ਅਤੇ ਮੌਕਿਆਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਸਬੰਧਿਤ ਸੰਸਥਾਵਾਂ ਅਤੇ ਸ਼ਖਸੀਅਤਾਂ ਨਾਲ ਲਗਾਤਾਰ ਸੰਪਰਕ ਬਣਾ ਕੇ ਰੱਖਿਆ ਜਾਵੇਗਾ ਤਾਂ ਜੋ ਯੂਨੀਵਰਸਿਟੀ ਨੂੰ ਵਿੱਤੀ ਅਤੇ ਅਕਾਦਮਿਕ ਤੌਰ 'ਤੇ ਹੋਰ ਮਜ਼ਬੂਤ ਕੀਤਾ ਜਾ ਸਕੇ।

# ਤਖ਼ਤਾਂ ਦੀ ਸੇਵਾ-ਸੰਭਾਲ ਦਾ ਪੰਥਕ ਜੁਗਤ ਅਨੁਸਾਰੀ ਨਿਜ਼ਾਮ ਸਮੇਂ ਦੀ ਸਭ ਤੋਂ ਵੱਡੀ ਲੋੜ: ਪੰਚ ਪ੍ਰਧਾਨੀ ਜਥਾ

## ਤਖ਼ਤ ਹਜ਼ੂਰ ਸਾਹਿਬ 'ਤੇ ਸਰਕਾਰੀ ਦਖਲ ਵਧਾਉਣ ਦੇ ਯਤਨਾਂ ਅਤੇ ਵੋਟ-ਸਿਆਸਤ ਦੇ ਵਿਵਾਦਾਂ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਾਖ ਨੂੰ ਢਾਹ ਲਾਉਣ 'ਤੇ ਦਿੱਤੀ ਤਿੱਖੀ ਪ੍ਰਤੀਕਿਰਿਆ

ਅੰਮ੍ਰਿਤਸਰ/ਏ.ਟੀ.ਨਿਊਜ਼: ਪੰਥ ਸੇਵਕ ਜੁਝਾਰੂ ਸ਼ਖ਼ਸੀਅਤਾਂ ਦੇ ਪੰਚ ਪ੍ਰਧਾਨੀ ਜਥੇ ਨੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧ ਵਿੱਚ ਸਰਕਾਰੀ ਦਖਲ ਵਧਾਉਣ ਦੇ ਯਤਨਾਂ ਅਤੇ ਪੰਜਾਬ ਦੀ ਵੋਟ-ਸਿਆਸਤ ਨਾਲ ਜੁੜੇ ਵਿਵਾਦਾਂ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਾਖ ਨੂੰ ਲੱਗ ਰਹੀ ਢਾਹ ਉੱਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਸਾਂਝੇ ਬਿਆਨ ਵਿੱਚ ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਸਤਨਾਮ ਸਿੰਘ ਝੰਜੀਆਂ ਅਤੇ ਭਾਈ ਹਰਦੀਪ ਸਿੰਘ ਮਹਿਰਾਜ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਖ਼ਾਲਸਾ ਪੰਥ ਦੇ ਅਕਾਲੀ ਪਾਤਿਸ਼ਾਹੀ ਦਾਅਵੇ ਦੇ ਪ੍ਰਗਟਾਵੇ ਦਾ ਸਰਵਉੱਚ ਅਸਥਾਨ ਹੈ ਅਤੇ ਇਸ ਨੂੰ ਵੋਟ-ਸਿਆਸਤ ਦੇ ਟਕਰਾਵਾਂ ਦਾ ਮੰਚ ਨਹੀਂ ਬਣਾਇਆ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਹਾਲੀਆ ਸਮੇਂ ਵਿੱਚ ਅਜਿਹੇ ਮਸਲੇ ਅਕਾਲ ਤਖ਼ਤ ਸਾਹਿਬ ਤੋਂ ਵਿਚਾਰੇ ਅਤੇ ਐਲਾਨੇ ਜਾ ਰਹੇ ਹਨ, ਜਿਨ੍ਹਾਂ ਨੂੰ ਸਿਧਾਂਤਕ ਤੌਰ 'ਤੇ ਉੱਥੇ ਨਹੀਂ ਲਿਆਂਦਾ ਜਾਣਾ ਚਾਹੀਦਾ ਸੀ।

ਉਨ੍ਹਾਂ ਕਿਹਾ ਕਿ 2 ਦਸੰਬਰ ਦੇ ਫ਼ੈਸਲਿਆਂ, ਕਥਿਤ ਸਤਿਕਾਰ ਸੋਧ ਕਾਨੂੰਨ 2026 ਨੂੰ ਰੱਦ ਕਰਵਾਉਣ ਦੀ ਥਾਂ ਇਸ ਵਿੱਚ ਕੁੱਝ ਸੋਧਾਂ ਕਰਵਾਉਣ ਦੀ ਨੁਕਸਦਾਰ ਪਹੁੰਚ ਅਤੇ ਭਗਵੰਤ ਮਾਨ ਦੀ ਵਿਵਾਦਤ ਵੀਡੀਓ ਨਾਲ ਜੁੜੇ ਮਾਮਲੇ ਵਿੱਚ ਪੰਥਕ ਸਰੋਕਾਰਾਂ ਦੀ ਥਾਂ ਵੋਟ-ਸਿਆਸਤ ਹਾਵੀ ਨਜ਼ਰ ਆ ਰਹੀ ਹੈ। ਇਸ ਕਾਰਨ ਵੱਖ-ਵੱਖ ਸਿਆਸੀ ਧਿਰਾਂ ਆਪਣੇ-ਆਪਣੇ ਮੁਫ਼ਾਦਾਂ ਲਈ ਅਕਾਲ ਤਖਤ ਸਾਹਿਬ ਦੀ ਵਰਤੋਂ ਕਰ ਰਹੀਆਂ ਹਨ, ਜਿਸ ਨਾਲ ਇਸ ਦੀ ਸਰਵਉੱਚਤਾ ਅਤੇ ਸਾਖ ਨੂੰ ਠੇਸ ਪਹੁੰਚ ਰਹੀ ਹੈ। 'ਆਪ' ਸਰਕਾਰ ਵੱਲੋਂ ਵੀਡੀਓ ਵਿਵਾਦ ਵਿਚੋਂ ਭਗਵੰਤ ਮਾਨ ਨੂੰ ਬਚਾਉਣ ਵਾਸਤੇ ਅਣਅਧਿਕਾਰਤ ਲੈਬ ਵਿਚੋਂ ਫ਼ਰਜ਼ੀ ਰਿਪੋਰਟ ਤਿਆਰ ਕਰਵਾਉਣਾ ਦਰਸਾਉਂਦਾ ਹੈ ਕਿ ਸਰਕਾਰ ਸੱਚਾਈ ਨੂੰ ਦਬਾਉਣ ਦੇ ਯਤਨਾਂ ਵਿੱਚ ਹੈ। ਦੂਜੇ ਪਾਸੇ ਬਾਦਲ ਦਲ, ਕਾਂਗਰਸ ਤੇ ਭਾਜਪਾ ਜਿਹੜੇ ਕ੍ਰਮਵਾਰ ਅਕਾਲ ਤਖ਼ਤ ਦੇ ਸਿਧਾਂਤ ਨੂੰ ਢਾਹ ਲਾਉਣ ਤੇ ਇਸ ਉੱਤੇ ਫ਼ੌਜੀ ਹਮਲਾ ਕਰਨ ਤੇ ਕਰਵਾਉਣ ਦੇ ਦੋਸ਼ੀ ਹਨ, ਉਹ ਹੁਣ ਖੁਦ ਨੂੰ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਦੱਸ ਰਹੇ ਹਨ। ਸੱਚਾਈ ਇਹ ਹੈ ਕਿ ਇਹਨਾ ਪਾਰਟੀਆਂ ਨੇ ਕਦੇ ਵੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਾਂ ਨੂੰ ਢਾਹ ਲਾਉਣ ਤੇ ਅਕਾਲ ਤਖ਼ਤ ਸਾਹਿਬ ਉੱਤੇ ਹਮਲਾ ਕਰਵਾਉਣ ਦੀ ਮਾਫ਼ੀ ਨਹੀਂ ਮੰਗੀ। ਪੰਥ ਸੇਵਕਾਂ ਨੇ ਕਿਹਾ ਕਿ ਮੌਜੂਦਾ ਸਮੇਂ ਤਖ਼ ਸਾਹਿਬਾਨ ਦਾ ਪ੍ਰਬੰਧ ਖ਼ਾਲਸਾ ਪੰਥ ਦੇ ਪਾਤਿਸ਼ਾਹੀ ਦਾਅਵੇ ਅਨੁਸਾਰੀ ਨਿਰਪੱਖ, ਨਿਸ਼ਕਾਮ ਅਤੇ ਸੁਤੰਤਰ ਨਹੀਂ ਰਿਹਾ। ਇਸ ਉੱਤੇ ਸਰਕਾਰਾਂ ਅਤੇ ਵੋਟ-ਸਿਆਸਤ ਦਾ ਦਖਲ ਵਧਦਾ ਗਿਆ ਹੈ। ਉਨ੍ਹਾਂ ਖਾਸ ਤੌਰ 'ਤੇ ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧ ਉੱਤੇ ਸਰਕਾਰੀ ਗਲਬਾ ਵਧਾਉਣ ਲਈ ਨਵਾਂ ਕਾਨੂੰਨ ਲਿਆਉਣ ਦੇ ਯਤਨਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਦਾ ਸਮੁੱਚੇ ਸਿੱਖ ਜਗਤ ਵੱਲੋਂ ਡਟਵਾਂ ਵਿਰੋਧ ਹੋਣਾ ਚਾਹੀਦਾ ਹੈ।



ਬਿਆਨ ਵਿੱਚ ਕਿਹਾ ਗਿਆ ਕਿ ਮੌਜੂਦਾ ਹਾਲਾਤਾਂ ਵਿੱਚ ਸੰਸਾਰ ਭਰ ਦੀਆਂ ਸਿੱਖ ਸੰਗਤਾਂ ਦੀ ਸ਼ਮੂਲੀਅਤ ਨਾਲ ਤਖਤ ਸਾਹਿਬਾਨ ਦੀ ਸੇਵਾ-ਸੰਭਾਲ ਲਈ ਪੰਥਕ ਜੁਗਤ ਅਨੁਸਾਰੀ ਨਿਜ਼ਾਮ ਸਿਰਜਣਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਇਸੇ ਉਦੇਸ਼ ਨਾਲ ਪੰਚ ਪ੍ਰਧਾਨੀ ਜਥਾ ਸਰਬੱਤ ਖ਼ਾਲਸਾ ਅਤੇ ਗੁਰਮਤੇ ਦੇ ਵਿਧੀ-ਵਿਧਾਨ ਬਾਰੇ ਸਾਂਝਾ ਪੰਥਕ ਦਸਤਾਵੇਜ਼ ਤਿਆਰ ਕਰ ਰਿਹਾ ਹੈ, ਜਿਸ ਨੂੰ ਜਲਦ ਹੀ ਪੰਥਕ ਵਿਚਾਰ-ਵਟਾਂਦਰੇ ਲਈ ਪੇਸ਼ ਕੀਤਾ ਜਾਵੇਗਾ।

# ਗੁਰਦੁਆਰਾ ਸਾਹਿਬ ਟਰੇਸੀ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

ਕੈਲੀਫ਼ੋਰਨੀਆ/ਏ.ਟੀ.ਨਿਊਜ਼: ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਟਰੇਸੀ ਵਿਖੇ ਹਫ਼ਤਾਵਾਰੀ ਸਜੇ ਦੀਵਾਨਾਂ ਵਿੱਚ ਵਿਸ਼ੇਸ਼ ਤੌਰ 'ਤੇ ਧਾਰਮਿਕ ਕਵੀ ਦਰਬਾਰ ਬਾਬਤ ਸ਼ਹੀਦੀ ਗੁਰੂ ਅਰਜਨ ਦੇਵ ਜੀ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ।



ਮੰਚ ਸੰਭਾਲਦਿਆਂ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਕਿਹਾ ਕਿ ਗੁਰੂ ਸਾਹਿਬ ਜੀ ਦਾ ਮਨੁੱਖਤਾ ਲਈ ਯੋਗਦਾਨ ਬੇਮਿਸਾਲ ਹੈ। ਉਹਨਾਂ ਹਰਿਮੰਦਰ ਸਾਹਿਬ ਜੀ ਦੀ ਦਾਤ ਦਿੱਤੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ। ਆਪਣੀਆਂ ਸਿੱਖਿਆਵਾਂ ਰਾਹੀਂ ਉਹਨਾਂ ਨੇ ਬਰਾਬਰੀ, ਨਿਸ਼ਕਾਮ ਸੇਵਾ ਅਤੇ ਸਾਂਝੀਵਾਲਤਾ ਦਾ ਪ੍ਰਚਾਰ ਕੀਤਾ। ਆਪਣੀ ਸ਼ਹੀਦੀ ਦੌਰਾਨ ਆਪ ਜੀ ਨੇ ਆਪਣੀ ਅੰਦਰੂਨੀ ਸ਼ਾਂਤੀ ਗਵਾਏ ਬਿਨਾਂ ਅਸਹਿ ਕਸ਼ਟ ਝੱਲੇ। ਰੱਬ ਦਾ ਸ਼ੁਕਰਾਨਾ ਕੀਤਾ ਅਤੇ ਉਚਾਰਿਆ "ਤੇਰਾ ਕੀਆ ਮੀਠਾ ਲਾਗੈ, ਹਰਿ ਨਾਮੁ ਪਦਾਰਥ ਮਾਂਗੈ।" ਉਹਨਾਂ ਦਿਖਾਇਆ ਕਿ ਅਸਲ ਤਾਕਤ ਸਬਰ, ਸੰਤੋਖ, ਵਿਸ਼ਵਾਸ਼ ਅਤੇ ਰੱਬ ਦੀ ਰਜ਼ਾ ਵਿੱਚ ਰਹਿਣ ਵਿੱਚ ਹੈ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿੱਚ ਤਰਸੇਮ ਸਿੰਘ ਸੁਮੰਨ, ਤਰਲੋਚਨ ਸਿੰਘ ਦੁਪਾਲਪੁਰੀ, ਬੀਬੀ ਬਲਵਿੰਦਰ ਕੌਰ ਹੰਸਰਾ, ਜਸਵੰਤ ਸਿੰਘ ਅਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਸ਼ਹੀਦੀ ਬੀਰ ਰਸ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਗੁਰਦੁਆਰਾ ਕਮੇਟੀ ਦੇ ਸਕੱਤਰ ਤਰਨਜੀਤ ਸਿੰਘ ਸੰਧੂ ਨੇ ਕਵੀਆਂ ਦਾ ਧੰਨਵਾਦ ਕਰਦਿਆਂ ਕਿਹਾ ਇੱਥੋਂ ਦੇ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਮੇਂ-ਸਮੇਂ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਕਵੀ ਦਰਬਾਰ ਕਰਵਾਏ ਜਾਂਦੇ ਹਨ। ਯਾਦਗਾਰੀ ਤਸਵੀਰਾਂ ਨਾਲ ਪ੍ਰੋਗਰਾਮ ਸੰਪੰਨ ਹੋਇਆ।



# ਗੀਤਾਂ ਰਾਹੀਂ ਡਿੱਠਾ ‘ਸਤਿੰਦਰ ਸਰਤਾਜ’

**ਰਾਜਿੰਦਰ ਸਿੰਘ ਟਾਂਡਾ**



ਦੁਨੀਆਂ ਦੇ ਲੱਗਭਗ ਸਭ ਧਰਮ, ਇਸ ਦਲੀਲ ਉੱਤੇ ਸਹਿਮਤੀ ਪ੍ਰਗਟ ਕਰਦੇ ਨੇ ਕਿ ਇਸ ਸੰਸਾਰ ਦੀ ਉਤਪਤੀ, ਸ਼ਬਦ ਦੇ ਜਾਂ ਲ਼ਫ਼ਜ ਦੇ,‘ਆਵਾਜ਼ ਰੂਪ’ ਵਿੱਚ ਆਉਣ ਨਾਲ ਹੋਈ ਹੈ। ਸੋ ਇਸ ਸੰਸਾਰ ਦੀ ਸਿਰਜਣਾ ਵਿੱਚ ਦੋ ਅੰਗ ਬੜੇ ਅਹਿਮ ਹਨ, ਇੱਕ ਸ਼ਬਦ ਤੇ ਦੂਜੀ ਆਵਾਜ਼, ਭਾਵ ਸੁਰ।

ਕੁਦਰਤ ਜਦੋਂ ਵੀ ਆਪਣਾ ਕੋਈ ਅਦੁੱਤੀ ਸੁਨੇਹਾ, ਇਸ ਸੰਸਾਰ ਅੰਦਰ ਭੇਜਦੀ ਹੈ ਤਾਂ ਉਹ ਸਦਾ ਹੀ, ਸ਼ਬਦ ਅਤੇ ਸੁਰ ਦੇ ਜ਼ਰੀਏ, ਇਸ ਧਰਤ ਉੱਤੇ ਪ੍ਰਗਟ ਹੁੰਦਾ ਹੈ। ਇਹੀ ਵਜ੍ਹਾ ਹੈ ਕਿ ਬਾਬੇ ਨਾਨਕ ਨੇ, ਜਦੋਂ ਵੀ ਇਸ ਸੁਨੇਹੇ ਨੂੰ ਮਹਿਸੂਸ ਕੀਤਾ ਤਾਂ ਸਾਥੀ ਮਰਦਾਨੇ ਤਾਈਂ ਆਵਾਜ਼ ਲਾਈ, ‘ਮਰਦਾਨਿਆਂ ਛੇੜ ਰਬਾਬ, ਬਾਣੀ ਆਈ ਹੈ...’ ਰੂਹਾਨੀ ਸ਼ਬਦਾਂ ਦੇ ਧਰਤੀ ਉੱਤੇ ਪ੍ਰਗਟ ਹੋਣ ਲਈ , ਰਸਤਾ ਹਮੇਸ਼ਾਂ ਹੀ ਸੁਰ ਬੱਧ ਤਿਆਰ ਕੀਤਾ ਗਿਆ।

ਸੂਫ਼ੀ ਬਾਬਿਆਂ ਜ਼ਰੀਏ ਵੀ, ਜਦੋਂ ਇਹ ਰੂਹਾਨੀ ਸ਼ਬਦ ਧਰਤ ਉੱਤੇ ਆਏ ਤਾਂ ਸੁਰ ਦੇ ਰੂਪ ਵਿੱਚ ਆਏ, ਕਿਸੇ ਤਾਲ ਅੰਦਰ ਬੱਝੇ ਹੋਏ, ਕਿਸੇ ‘ਕਾਫੀ’ ਵਰਗੇ ਰਾਗ ਅੰਦਰ ਢਲ ਕੇ ਆਏ। ਕਿਉਂਕਿ ਪਰਮਾਤਮਾ ਨੇ ਕਦੇ ਕੁੱਝ ਵੀ ਬੇਤਾਲਾ ਜਾਂ ਬੇਸੁਰਾ ਨਹੀਂ ਸਿਰਜਿਆ। ਇਸ ਬ੍ਰਹਿਮੰਡ ਦੀ ਹਰ ਹਰਕਤ, ਕਿਸੇ ਤੀਨ ਤਾਲ, ਦੀਪ ਚੰਦੀ, ਸੂਲ਼ਫ਼ਾਕ, ਝਪਤਾਲ ਜਾਂ ਰੂਪਕ ਦੇ ਰੂਪ ਵਿੱਚ ਹੁੰਦੀ ਹੈ । ਇੱਥੇ ਕੋਈ ਬੱਦਲ, ਰਾਗ ਮੇਘ ਵਿੱਚ ਗਰਜਦਾ ਹੈ,ਮੀਂਹ ਸਦਾ,ਕਿਸੇ ਮਲਹਾਰ ਅੰਦਰ ਬੱਝਿਆ ਹੋਇਆ ਵਰਸਦਾ ਹੈ ਤੇ ਡੋਡੀਆਂ, ਬਸੰਤ ਬਹਾਰ ਦਾ ਅਲਾਪ ਕਰਦਿਆਂ, ਹੀ ਫੁੱਲ ਬਣ ਜਾਂਦੀਆਂ ਹਨ।

ਦੁਨਿਆਵੀ ਰੂਪ ਵਿੱਚ ਵੀ, ਪਰਮਾਤਮਾ ਜਦੋਂ ਕਿਸੇ ਉੱਤੇ ਤਰੁੱਠਦਾ ਹੈ ਤਾਂ ਵੱਡੀ ਮਿਹਰਾਮਤਿ, ‘ਸ਼ਬਦ’ ਜਾਂ ‘ਲ਼ਫ਼ਜ’ ਦੇ ਰੂਪ ਵਿੱਚ ਦੇਂਦਾ ਹੈ ਜਾਂ ਫਿਰ ਪਰਮਾਤਮਾ ਜਦੋਂ ਕਦੇ ਮਿਹਰ ਦੇ ਘਰ ਅੰਦਰ ਆਉਂਦਾ ਹੈ ਤਾਂ ਸੁਰ ਬਖਸ਼ ਦੇਂਦਾ ਹੈ, ਸੁਰੀਲਾ ਗਲ਼ਾ ਬਖਸ਼ ਦੇਂਦਾ ਹੈ। ਪਰ ਕਰੋੜਾਂ ਵਿੱਚੋਂ ਕੋਈ ਐਸੀ ਰੂਹ ਹੁੰਦੀ ਹੈ, ਜਿਸਨੂੰ ਉਹ ਖਾਸ ਗਲਵੱਕੜੀ ਅੰਦਰ ਲੈਂਦਾ ਹੋਇਆ ਸ਼ਬਦ ਅਤੇ ਸੁਰ, ਦੋਵਾਂ ਨਾਲ ਸਰਸ਼ਾਰ ਕਰ ਦੇਂਦਾ ਹੈ। ਸ਼ਬਦ ਅਤੇ ਸੁਰ ਦਾ ਆਹਲਾ ਸੁਮੇਲ, ਪਰਮਾਤਮਾ ਦੀਆਂ ਬਹੁਤ ਉੱਤਮ ਮਿਹਰਾਂ ਵਿੱਚੋਂ ਇੱਕ ਹੁੰਦੀ ਹੈ।

ਗੁਰੂ ਬਾਬਿਆਂ ਅਤੇ ਸੂਫ਼ੀ ਸੰਤਾਂ ਤੋਂ ਬਾਅਦ, ਆਮ ਦੁਨਿਆਵੀ ਲੋਕਾਂ ਉੱਤੇ ਵੀ ਕਿਤੇ ਕਿਤੇ ਪਰਮਾਤਮਾ ਇਹ ਕ੍ਰਿਪਾ ਕਰਦਾ ਹੈ,ਜਿੱਥੇ ਉਹ ਰੱਬ ਸੱਚਾ,ਤਰੁੱਠ ਕੇ ਸ਼ਬਦਾਂ ਦਾ ਖਜ਼ਾਨਾ ਤੇ ਸੁਰ ਦੀ ਬਖਸ਼ਿਸ਼, ਇੱਕੋ ਸਰੀਰ ਨੂੰ ਕਰ ਦਿੰਦਾ।

ਅੱਜ ਜਿਹੜੀ ਸਖਸ਼ੀਅਤ ਦੀ ਬਾਤ ਪਾਉਣ ਲੱਗਿਆਂ ਹਾਂ, ਉਸਦੇ ਉੱਤੇ ਵੀ ਸੋਹਣੇ ਰੱਬ ਨੇ ਕੋਈ ਅਦੁੱਤੀ ਕਿਰਪਾ ਕਰ ਦਿੱਤੀ ਕਿ ਜਦੋਂ ਉਸਦੀ ਝੋਲ਼ੀ ਸ਼ਬਦ ਪਾਇਆ ਤੇ ਗੁਰੂ ਬਾਬਿਆਂ, ਸੂਫ਼ੀ ਸੰਤਾਂ ਤੇ ਆਲ਼ਮ ਫਾਜ਼ਿਲ ਲੋਕਾਂ ਦਾ ਅਸ਼ੀਰਵਾਦ ਵੀ ਨਾਲ ਭੇਜਿਆ ਤੇ ਜਦੋਂ ਸੁਰ ਬਖਸ਼ੀ ਤੇ ਬਾਬੇ ਮਰਦਾਨੇ ਅਤੇ ਅਮੀਰ ਖੁਸਰੋ ਵਰਗੇ ਸੁਰ ਅਮੀਰਾਂ ਦੀ, ਚਰਨ ਧੂੜ ਵੀ ਬਖਸ਼ ਦਿੱਤੀ। ਉਹ ਹੈ,

ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ, ਅੰਬਾਂ, ਸਰਕੜੇ ਤੇ ਚੋਆਂ ਦੀ ਧਰਤੀ ਦਾ ਪਲ਼ਿਆ, ਖੇਡਿਆ, ਸੁਰ ਅਤੇ ਸ਼ਬਦ ਦਾ ਅਨੋਖਾ ਸੁਮੇਲ, ‘ਸਤਿੰਦਰ ਸਰਤਾਜ’ ਜੋ ਸਤਿੰਦਰ ਤੋਂ ਸਰਤਾਜ ਦੀ ਮੰਜ਼ਿਲ ਉੱਤੇ ਬੜੀ ਖ਼ੂਬਸੂਰਤੀ ਨਾਲ ਜਾ ਬੈਠਾ ਹੈ।

ਹੁਸ਼ਿਆਰਪੁਰ ਗੌਰਮਿੰਟ ਕਾਲਜ, ਜਿਸਦੇ ਸਿਰ ਡਾ. ਮਨਮੋਹਨ ਸਿੰਘ ਵਰਗੀ ਸਖਸ਼ੀਅਤ ਨੂੰ ਘੜਨ ਦਾ ਸਿਹਰਾ ਬੱਝਦਾ ਹੈ, ਉਸੇ ਕਾਲਜ ਨੂੰ ਕੋਈ ਲੱਗਭੱਗ ਅੱਧੀ ਸਦੀ ਬਾਅਦ, ਇੱਕ ਹੋਰ ਹੀਰਾ, ਸਰਤਾਜ ਦੇ ਰੂਪ ਵਿੱਚ ਘੜ ਕੇ,ਪੰਜਾਬ ਦੀ ਝੋਲ਼ੀ ਪਾਉਣ ਦਾ ਮਾਣ ਵੀ ਹਾਸਲ ਹੈ ।

ਪੰਜਾਬੀ ਗਾਇਕੀ ਅੰਦਰ ਬੜੇ ਕਮਾਲ਼ ਦੇ ਗਵੱਈਏ ਹੋਏ ਹਨ, ਕਲਾਸੀਕਲ ਗਾਇਕੀ ਅੰਦਰ ਤਾਂ ਹੁਸ਼ਿਆਰਪੁਰ ਨੂੰ, ਸ਼ਾਮ ਚੁਰਾਸੀ ਘਰਾਣੇ ਦੇ ਸਲਾਮਤ ਅਲੀ ਖ਼ਾਨ ਵਰਗੇ ਵੱਡੇ ਗਵੱਈਏ ਤੇ ਪਟਿਆਲਾ ਘਰਾਣੇ ਨੂੰ, ਬੜੇ ਗੁਲਾਮ ਅਲੀ ਖਾਂ ਸਾਹਿਬ ਵਰਗੇ ਕਮਾਲ ਦੇ ਗਵਈਏ ਪੈਦਾ ਕਰਨ ਦਾ ਮਾਣ ਹੈ। ਲੋਕ ਗੀਤਾਂ ਅੰਦਰ ਮਾਣਕ, ਯਮਲੇ ਵਰਗੇ ਤੇ ਸੁਰਬੱਧ ਗਾਇਕੀ ਵਿੱਚ ਸਰਦੂਲ ਅਤੇ ਹੰਸ ਪੈਦਾ ਕਰਨ ਦਾ ਮਾਣ ਹੈ। ਪਰ ਕਦੇ ਕਿਸੇ ਗਾਇਕ ਨੂੰ,ਵਿਦਵਾਨ,ਅਦੀਬ,ਜ਼ਹੀਨ ਜਾਂ ਦਾਨਿਸ਼ਮੰਦ ਦਾ ਦਰਜਾ ਹਾਸਲ ਨਹੀਂ ਹੋ ਸਕਿਆ। ਇਹ ਮਾਣ ਕੇਵਲ ਸਰਤਾਜ ਦੀ ਝੋਲੀ ਪਿਆ ਹੈ। ਉਸਨੂੰ ਸੁਣਦਿਆਂ, ਕਦੇ ਮਹਿਸੂਸ ਹੁੰਦਾ ਕਿ ਉਹ ਗਵੱਈਆ ਬਹੁਤ ਵੱਡਾ ਹੈ ਪਰ ਫਿਰ ਲਗਦੈ ਕਿ ਨਹੀਂ, ਇਹ ਸ਼ਾਇਰ ਉਸ ਤੋਂ ਵੀ ਵੱਡਾ ਹੈ। ਇਸੇ ਲਈ ਪੰਜਾਬ ਦਾ elite ਵਰਗ ਵੀ, ਉਸ ਨੂੰ ਮੂਹਰਲੀਆਂ ਸਫ਼ਾਂ ਵਿੱਚ ਬੈਠ ਕੇ, ਸੁਣਨ ਵਿੱਚ ਮਾਣ ਮਹਿਸੂਸ ਕਰਦਾ ਹੈ.

ਸਰਤਾਜ ਤੋਂ ਪਹਿਲਾਂ, ਸ਼ਿਵ ਨੂੰ ਇਹ ਮਾਣ ਹਾਸਲ ਸੀ ਕਿ ਉਸਦੀ ਹਰ ਰਚਨਾ ਨੂੰ ਪੂਰਨ ਰੂਪ ਵਿੱਚ, ਕਮਾਲ ਦਾ ਗਾਇਆ ਜਾ ਸਕਦਾ ਸੀ।



ਕਿਉਂਕਿ ਸ਼ਿਵ ਕੁਮਾਰ ਬਟਾਲਵੀ ਦੀ ਝੋਲੀ ਵਿੱਚ,ਸ਼ਬਦ ਦੇ ਨਾਲ ਨਾਲ, ਸੁਰ ਦੇ ਮੋਤੀ ਵੀ ਪਏ ਸਨ। ਇਹੀ ਕਾਰਨ ਸੀ ਕਿ ਉਸਦੇ ਸਮਕਾਲੀ ਕਮਾਲ ਦੇ ਹੋਰ ਸ਼ਾਇਰ ਹੋਣ ਦੇ ਬਾਵਜੂਦ ਵੀ, ਸ਼ਿਵ ਨੇ ਲੋਕ ਪ੍ਰਿਅਤਾ ਦੇ ਸਿਖਰ ਨੂੰ ਹੱਥ ਲਾਇਆ। ਪਰ ਜਿੱਥੇ ਸ਼ਿਵ ਨੇ ਹਮੇਸ਼ਾ ਆਪਣੀ ਨਿੱਜੀ ਪੀੜ ਨੂੰ, ਆਪਣੀ ਕਵਿਤਾ ਉੱਤੇ ਭਾਰੀ ਰੱਖਿਆ, ਉੱਥੇ ਸਰਤਾਜ ਦੀ ਕਵਿਤਾ, ਆਪਣੀ ਮਿੱਟੀ ਦੇ ਦਰਦਾਂ ਦੀ, ਲੋਕਾਈ ਦੀ, ਹਵਾ ਪਾਣੀ ਦੀ, ਵਿਰਸੇ ਅਤੇ ਰੂਹਾਨੀਅਤ ਦੀ ਗੱਲ ਕਰਦੀ ਹੋਈ,ਜਦੋਂ ਸ਼੍ਰੋਤੇ ਨੂੰ ਕਿਸੇ ਹੋਰ ਮੰਡਲਾਂ ਵੱਲ ਲੈ ਤੁਰਦੀ ਹੈ ਤਾਂ ਉਹ ਪੰਜਾਬ ਦੀ ਹਰ ਮਾਂ ਨੂੰ, ਆਪਣਾ ਪੁੱਤ ਮਹਿਸੂਸ ਹੁੰਦਾ ਹੈ. ਪੰਜਾਬ ਦੀ ਮਿੱਟੀ ਨੂੰ, ਪਿਆਰ ਕਰਨ ਵਾਲੇ ਹਰੇਕ ਪ੍ਰਾਣੀ ਨੂੰ ਉਹ ਆਪਣਾ ਆਪਣਾ, ਲਗਦਾ, ਆਪਣਾ ਮੁਕਾਮ ਬਹੁਤ ਉੱਚਾ ਚੁੱਕ ਲੈਂਦਾ ਹੈ।

ਅਸਲ ਵਿੱਚ ਸ਼ਾਇਰ ਜਦੋਂ ਖ਼ੁਦ, ਆਪਣੇ ਗੀਤ ਨੂੰ ਕਾਗਜ਼ ਉੱਤੇ ਉਤਾਰ , ਸੁਰਾਂ ਨਾਲ ਸ਼ਿੰਗਾਰਦਾ ਹੈ ਤਾਂ ਗੀਤ ਕੰਨਾਂ ਥਾਈਂ ਨਹੀਂ, ਰੂਹ ਰਾਹੀਂ ਸੁਣਿਆ ਜਾਂਦਾ ਹੈ। ਇਸ ਲਈ ਸਰਤਾਜ ਦਾ ਹਰ ਗੀਤ ਕੰਨਾਂ ਦੀ ਬਜਾਏ, ਰੂਹ ਸੁਣਦੀ ਹੈ।

ਉਹਦੀ ਸ਼ਾਇਰੀ, ਗਾਗਰ ਵਿੱਚ ਸਾਗਰ ਅਖੌਤ ਨੂੰ ਪੂਰੀ ਤਰ੍ਹਾਂ ਪ੍ਰਣਾਈ ਹੋਈ ਹੈ। ਆਪਣੇ ਗੀਤਾਂ ਦੀ ਇੱਕ ਤੁਕ ਵਿੱਚ ਉਹ ਮੁਹੱਬਤ ਦਾ ਸਿਖਰ ਮਹਿਸੂਸ ਹੁੰਦਾ ਤੇ ਅਗਲੀ ਵਿੱਚ ਮਹਿਬੂਬ ਦੇ ਪੈਰਾਂ ਵਿੱਚ। ‘ਪਾਣੀ ਪੰਜਾਂ ਦਰਿਆਵਾਂ ਵਾਲਾ’ ਵਿੱਚ ਉਹ ਪੰਜਾਬ ਦੀ ਅਜੋਕੀ ਹਰ ਸਮੱਸਿਆ ਨੂੰ, ਇੱਕ ਇੱਕ ਸਤਰ ਅੰਦਰ ਬਿਆਨ ਕਰ ਦਿੰਦਾ ਹੈ। ਇਹ ਚਾਹੇ ਪਾਣੀਆਂ ਦੇ ਜ਼ਹਿਰੀਕਰਨ ਦੀ ਗੱਲ ਹੋਵੇ ,ਅਗਲੀ ਪੀੜ੍ਹੀ ਦੇ ਆਪਣੇ ਅਮੀਰ ਵਿਰਸੇ ਤੋਂ , ਬੋਲੀ ਤੋਂ ਜਾਂ ਪਹਿਚਾਣ ਤੋਂ ਮੂੰਹ ਮੋੜਨ ਦੀ ਹੋਵੇ ਜਾਂ ਪੀੜ੍ਹੀਆਂ ਦਾ ਆਪਸੀ ਟਕਰਾਅ ਹੋਵੇ। ‘ਇਹ ਵਿਰਸੇ ਦਾ ਮਸਲਾ ਮਖੌਲ ਦਾ ਨਹੀਂ ਏ’ ਗਾਉਂਦਿਆਂ ਉਹ ਪੂਰੇ ਪੰਜਾਬ ਦੇ ਅਵੇਸਲੇ ਹੋ ਚੁੱਕੇ ਲੋਕਾਂ ਨੂੰ ਸਵਾਲ ਹੀ ਨਹੀਂ ਪਾਉਂਦਾ, ਸਗੋਂ ਖ਼ੂਨ ਨੂੰ, ਜ਼ਮੀਰ ਨੂੰ ਹਲੂਣਾ ਵੀ ਦਿੰਦਾ ਏ।

ਪੰਜਾਬ ਦਾ ਵੱਡਾ ਗੀਤਕਾਰ, ਦੇਵ ਥਰੀਕਿਆਂ ਵਾਲਾ ਇਸ ਗੱਲ ਦਾ ਗਿਲਾ ਕਰਦਿਆਂ ਸੰਸਾਰ ਉੱਤੋਂ ਤੁਰ ਗਿਆ ਕਿ ਸਾਨੂੰ ਗੀਤਕਾਰਾਂ ਨੂੰ, ਸਾਹਿਤਕਾਰ ਨਹੀਂ ਮੰਨਿਆ ਗਿਆ ਤੇ ਸਾਡੇ ਗੀਤਾਂ ਨੂੰ ਸਾਹਿਤ ਨਹੀਂ ਮੰਨਿਆ । ਪਰ ਸਰਤਾਜ ਨੇ ਇਸ ਗਿਲ਼ੇ ਨੂੰ ਵਗਾਹ ਕੇ ਪਰ੍ਹੇ ਮਾਰਿਆ। ਉਹਦੇ ਗੀਤ ਕੇਵਲ ਅਵੱਲ ਦਰਜੇ ਦੇ ਸਾਹਿਤ ਵਜੋਂ ਹੀ ਪ੍ਰਵਾਨ ਨਹੀਂ ਹੋਏ ਬਲਕਿ ਇਨ੍ਹਾਂ ਉੱਤੇ, ਆਉਣ ਵਾਲੇ ਸਮੇਂ ਵਿਦਿਆਰਥੀ M.phil., P.hd.ਦੇ ਥੀਸਿਜ ਲਿਖਦਿਆਂ ਮਾਣ ਮਹਿਸੂਸ ਕਰਨਗੇ। ਜੇਕਰ ਮੈਂ ਅੱਜ ਕਿਸੇ ਯੂਨੀਵਰਸਿਟੀ ਦਾ ਵਿਦਿਆਰਥੀ ਹੁੰਦਾ ਤਾਂ ਇਹ ਬੀੜਾ ਚੁੱਕਣ ਦਾ ਪਹਿਲਾ ਮਾਣ ਹਾਸਲ ਕਰਦਾ।

ਉਹਦੇ ਗੀਤਾਂ ਦੀ ਕਮਾਲ ਇਹ ਹੈ ਕਿ ਜਦੋਂ ਉਹ ‘ਕਾਹਨ ਸਿੰਘ ਨਾਭੇ ਤੋ ਕੀ ਲੈਣਾ’ ਗਾਉਂਦਾ ਤਾਂ ਪੰਜਾਬੀ ਦੇ ਮਹਾਨ ਗ੍ਰੰਥ ‘ਮਹਾਨ ਕੋਸ਼’ ਪ੍ਰਤੀ ਉਹਦੀ ਸ਼ਰਧਾ ਸਾਹਵੇਂ ਆਉਂਦੀ ਹੈ।‘ਨਿੱਕੀ ਜਿਹੀ ਕੁੜੀ’ ਨੂੰ ਗਾਉਂਦਿਆਂ, ਉਹਦੀ ਬੱਚਿਆਂ ਪ੍ਰਤੀ ਮਾਸੂਮੀਅਤ ਸਾਫ਼ ਝਲਕਾਂ ਮਾਰਦੀ ਹੈ। ‘ਮੋਤੀਆ, ਚਮੇਲੀ, ਬੇਲਾ, ਕੇਤਕੀ ਧਰੇਕ’ ਗਾਉਂਦਿਆਂ ਦੇਖ ਲੱਗਦੈ, ਕਿ ਇਸ ਅਲਬੇਲੇ ਸ਼ਾਇਰ ਨੇ ਛੋਟੀ ਉਮਰੇ ਕਿਸੇ ਬੜੀ ਸੁਚੱਜੀ ਮਾਲਣ ਦੀ ਗੋਦੀ ਦਾ ਅਨੰਦ ਮਾਣਿਆ ਹੈ ਤੇ ‘ਸਾਈਂ’ ਗੀਤ ਗਾਉਂਦਿਆਂ, ਉਹ ਬਾਬੇ ਬੁੱਲੇ ਸ਼ਾਹ ਤੇ ਬਾਬੇ ਸ਼ਾਹ ਹੁਸੈਨ ਦੇ ਹੁਜ਼ਰੇ ਅੰਦਰ, ‘ਸਮਾ’ ਦਾ ਅਨੰਦ ਮਾਣ ਰਿਹਾ ਮਹਿਸੂਸ ਹੁੰਦਾ ਹੈ।‘ਤਬਾਦਲੇ’ ਗਾਣੇ ਨੂੰ ਸੁਣਨ ਲੱਗਿਆਂ,ਇਹ ਭੁਲੇਖਾ ਪੈ ਜਾਂਦਾ ਕਿ ਇਨਸਾਨ ਸ਼ਾਇਰ ਹੈ ਜਾਂ ਕਿਸੇ ਪਿੰਡ ਦੇ ਖੇਤਾਂ ਵਿੱਚ ਤੁਰਿਆ ਫਿਰਦਾ , ਗਿਰਦਵਾਰੀ ਕਰਦਾ, ਪਟਵਾਰੀ । ਜਿੱਥੇ ਇਹ ਜਮ੍ਹਾਂਬੰਦੀਆਂ, ਗਿਰਦਵਾਰੀਆਂ, ਕਰਮਾਂ, ਮਰਲੇ, ਮੁਰੱਬੇ,ਲ਼ਫ਼ਜ਼ਾਂ ਦੇ ਲੱਠੇ, ਛਿਜਰੇ ਫਰੋਲਦਾ, ਉਹਨਾਂ ਨੂੰ ਮੁੜ ਜਿਉਂਦੇ ਕਰਦਾ ਹੈ। ਇੰਝ ਲਗਦੈ ਕਿ ‘ਮਹਾਨ ਕੋਸ਼’ ਹੁਣ ਗੀਤਾਂ ਜ਼ਰੀਏ, ਇਸ ਸ਼ਾਇਰ ਰੂਪੀ ਗਾਇਕ ਨੇ ਸਾਡੇ ਬੱਚਿਆਂ ਦੀ ਝੋਲੀ ਪਾ ਦੇਣਾ ਹੈ। ਕਦੇ ਕਦੇ ਇੰਝ ਲਗਦੈ ਕਿ ਇਹ ਗਾਇਕ, ਸਾਡੇ ਖਿੰਡ ਪੁੰਡ ਚੁੱਕੇ ਪੁਰਾਤਨ ਸ਼ਬਦਾਂ ਦੀ ਮੁਰੱਬੇਬੰਦੀ ਕਰ , ਇਹਨ੍ਹਾਂ ਨੂੰ ਤਰਤੀਬ ਦੇ ਕੇ, ਸਾਡੇ ਬੱਚਿਆਂ ਦੇ ਮਨਾਂ ਵਿੱਚ,ਅਚੇਤ ਹੀ,ਇਨ੍ਹਾਂ ਸੋਹਣੇ ਸ਼ਬਦਾਂ ਦਾ, ‘ਮੁੜ ਵਸੇਬਾ’ ਕਰਵਾ ਦੇਵੇਗਾ।

ਆਪਣੇ ਗੀਤਾਂ ਵਿੱਚ ‘ਗੱਭੇ’ ਸ਼ਬਦ ਨੂੰ ਜਿਉਂਦਾ ਕਰਦਾ ਜਿੱਥੇ ਉਹ ਦੁਆਬੇ ਦਾ ਪੁੱਤ ਲੱਗਦੈ , ਉੱਥੇ ‘ਥਿਆਇਆ’ ਲਫਜ਼ ਆਪਣੇ ਗੀਤਾਂ ਅੰਦਰ ਵਰਤਦਿਆਂ ਉਹਦਾ ਮਾਲਵੇ ਨਾਲ ਪਿਆਰ ਵੀ ਸਾਫ ਝਲਕਦਾ ਹੈ। ‘ ‘ਰਸੀਦ’ ਗਾਣੇ ਅੰਦਰ ਉਹ ਮੁਹੱਬਤ ਦੇ ਅਸੂਲ ਸਿਖਾਉਂਦਾ ਤੇ ‘ਕਿਤੇ ਨਹੀਂ ਤੇਰਾ ਰੁਤਬਾ ਘਟਦਾ’ ਅੰਦਰ ਮਹਿਬੂਬ ਦੇ ਪੈਰਾਂ ਦੀ ਧੂੜ ਹੋ ਜਾਣ ਦੀ ਬਾਤ ਪਾਉਂਦਾ ਹੈ।

ਉਹਦੀ ਬਾਕੀ ਸਾਰੀ ਕਰਗੁਜ਼ਾਰੀ ਇੱਕ ਪਾਸੇ , ਤੇ ਉਹਦਾ ‘ਜ਼ਫ਼ਰਨਾਮਾ’ ਗਾ ਦੇਣਾ ਇੱਕ ਪਾਸੇ। ਜੋ ਕਮਾਲ ਉਸ ਨੇ, ਸਾਹਿਬੇ ਕਮਾਲ ਦੀ ਇਹ ਕਮਾਲ ਰਚਨਾ ਗਾ ਕੇ ਕੀਤਾ ਹੈ ਉਹ ਵੀ ਇੱਕ ਇਤਿਹਾਸ ਹੈ। ‘ਆਰਤੀ, ਆਰਤਾ’ ਗਾਉਂਦਿਆਂ ਇੰਝ ਲੱਗਦੈ ਕਿ ਉਹ ਆਪਣੇ ਪਿੰਡ ਬਜਰਾਵਰ ਦੀ ਜੂਹ ਤੋਂ ਤੁਰਿਆ, ਨੇੜਲੇ ਛੇਵੀਂ ਪਾਤਸ਼ਾਹੀ ਦੀ ਚਰਨ ਛੋਹ ਪ੍ਰਾਪਤ ਪਿੰਡ ‘ ਹਰੀਆਂ ਵੇਲਾਂ ’ ਵੱਲ ਨੂੰ ਜਾਂਦੀ ਕਿਸੇ ਕੱਚੀ ਡੰਡੀ ਉੱਤੇ ਤੁਰਿਆ ਜਾਂਦਾ ਗਾ ਰਿਹਾ ਹੋਵੇ।

ਸੁਰ ਤੇ ਸ਼ਬਦ ਦੀ ਵਰਖਾ, ਕਿਸੇ ਇੱਕ ਰੂਹ ਉੱਤੇ ਹੋ ਜਾਣੀ, ਵੱਡੀ ਕਿਰਪਾ ਹੈ ਤੇ ਮੁਮਕਿਨ ਹੈ ਕਿ ਉੱਥੇ ਹਉਮੈ ਟਿਕਦੀ ਨਹੀਂ। ਪਰ ਫਿਰ ਵੀ ਸੂਖ਼ਮ ਹਉਮੈ, ਬੜੀ ਬਲਵਾਨ ਹੁੰਦੀ ਹੈ। ਗੁਰੂ ਕ੍ਰਿਪਾ ਕਰੇ, ਹਰ ਸੁਣਨ ਵਾਲੇ ਦੀ ਦੁਆ ਵਿੱਚੋਂ, ਇਹ ਅਰਦਾਸ ਨਿਕਲੇ ਕਿ ਕਿਸੇ ਸੂਖਮ ਹਉਮੈ ਦਾ ਪਰਛਾਵਾਂ ਵੀ, ਇਸ ਸੁੱਚੀ ਰੂਹ ਉੱਤੇ ਨਾ ਪਵੇ। ਕਿਉਂਕਿ ਐਸੀਆਂ ਕਿਰਤਾਂ, ਹਮੇਸ਼ਾਂ ਸੁੱਚੀਆਂ ਰੂਹਾਂ ਹੀ ਪੈਦਾ ਕਰ ਸਕਦੀਆਂ ਨੇ ਤੇ ਅਸੀਂ ਇਨ੍ਹਾਂ ਹੋਰ ਬਹੁਤ ਸਾਰੀਆਂ ਸੁੱਚੀਆਂ ਕਿਰਤਾਂ ਦਾ ਅਨੰਦ ਮਾਣਨਾ ਹੈ। ਗੁਰੂ ਕ੍ਰਿਪਾ ਕਰਨ, ਉਹਦੀ ਕੇਵਲ, ਇਹ ਮੰਜ਼ਿਲ ਹੀ ਨਹੀਂ , ਸਗੋਂ ਉਹਦੀ ਹਰ ਅਗਲੀ ਮੰਜ਼ਿਲ, ਸਦੀਵੀ ਪੌੜੀਆਂ ਵਿੱਚ ਤਬਦੀਲ ਹੁੰਦੀ ਰਹੇ ਤੇ ਉਹ ਇਹ ਪੌੜੀਆਂ, ਤਾ ਜ਼ਿੰਦਗੀ ਚੜ੍ਹਦਾ ਰਹੇ.

ਪਰਮਾਤਮਾ ਨੇ, ਇਸ ਸਰੀਰ ਅੰਦਰ, ਗਲ਼ੇ ਤੋਂ, ਦਿਮਾਗ ਅਤੇ ਦਿਲ ਦੀ ਦੂਰੀ ਲੱਗਭੱਗ ਬਰਾਬਰ ਰੱਖੀ ਹੈ। ਇਹ ਗਾਉਣ ਵਾਲੇ ਦੀ ਕਿਸਮਤ ਹੈ ਕਿ ਉਸਨੇ ਆਪਣੇ ਗਲ਼ੇ ਉੱਤੇ ਦਿਮਾਗ ਦਾ ਰਾਜ ਕਰਵਾਉਣਾ ਜਾਂ ਦਿਲ ਦਾ... ਜਿੰਨ੍ਹਾਂ ਗਲ਼ਿਆਂ ਉੱਤੇ ਦਿਮਾਗ ਰਾਜ ਕਰਦੇ ਨੇ ਉਹ ਵਪਾਰੀ ਹੋ ਜਾਂਦੇ ਨੇ ਤੇ ਜਿਨ੍ਹਾਂ ਗਲ਼ਿਆਂ ਉੱਤੇ, ਦਿਲ ਦਾ ਰਾਜ ਹੁੰਦੈ, ਉਹ ਸਿਰਤਾਜ ਹੋ ਜਾਂਦੇ ਨੇ। ਮਹਾਰਾਜ ਸਤਿੰਦਰ ਸਿੰਘ ਦੇ ਗਲ਼ੇ ਉੱਤੇ, ਉਹਦੇ ਦਿਲ ਦਾ ਰਾਜ ਕਰਵਾਉਣ, ਤਾਂ ਕਿ ਉਹ ਸਦੀਵੀ ਸਿਰਤਾਜ ਬਣਿਆ ਰਹੇ.

ਆਮੀਨ



ਦਰਪਣ ਝੂਠ ਨਹੀਂ ਬੋਲਦਾ

# 'ਆਪ' ਨੂੰ ਘੇਰਨ ਲਈ ਕਾਂਗਰਸ ਦੀ 'ਦੋਹਰੀ ਰਣਨੀਤੀ'

## ਪੰਜਾਬ ਸਣੇ ਕਈ ਸੂਬਿਆਂ ਵਿੱਚ ਵੱਡੇ ਫ਼ੇਰਬਦਲ ਦੀ ਤਿਆਰੀ

## ਕੀ ਦੇਸ਼ ਦੀ ਸਿਆਸਤ ਵਿੱਚ ਦੇਖਣ ਨੂੰ ਮਿਲੇਗਾ ਕਾਂਗਰਸ-ਬਸਪਾ ਗਠਜੋੜ ?

ਅਗਲੇ ਵਰ੍ਹੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਦੇਸ਼ ਦੀ ਸਿਆਸਤ ਵਿੱਚ ਹਲਚਲ ਤੇਜ਼ ਹੋ ਗਈ ਹੈ। ਸਭ ਤੋਂ ਦਿਲਚਸਪ ਸਥਿਤੀ ਕਾਂਗਰਸ ਦੀ ਹੈ, ਜੋ ਇਸ ਵਾਰ 'ਕਰੋ ਜਾਂ ਮਰੋ' ਵਾਲੀ ਦੋਹਰੀ ਰਣਨੀਤੀ 'ਤੇ ਕੰਮ ਕਰ ਰਹੀ ਹੈ। ਇੱਕ ਪਾਸੇ ਜਿੱਥੇ ਪਾਰਟੀ ਉੱਤਰਾਖੰਡ, ਗੋਆ ਅਤੇ ਮਨੀਪੁਰ ਵਰਗੇ ਰਾਜਾਂ ਵਿੱਚ ਆਪਣੀ ਪੁਰਾਣੀ ਪੈਂਠ ਵਾਪਸ ਲਿਆਉਣ ਲਈ ਸਰਗਰਮ ਹੈ, ਉੱਥੇ ਹੀ ਦੂਜੇ ਪਾਸੇ ਉਸਦਾ ਮੁੱਖ ਨਿਸ਼ਾਨਾ ਆਪ ਨੂੰ ਰੋਕਣਾ ਹੈ। ਸਾਲ 2022 ਵਿੱਚ ਜਿਸ ਤਰ੍ਹਾਂ 'ਆਪ' ਨੇ ਪੰਜਾਬ, ਗੋਆ ਅਤੇ ਗੁਜਰਾਤ ਵਿੱਚ ਕਾਂਗਰਸ ਦੇ ਵੋਟ ਬੈਂਕ ਨੂੰ ਖੋਰਾ ਲਾਇਆ ਸੀ, ਉਸ ਦਾ ਤੋੜ ਲੱਭਣਾ ਹੁਣ ਕਾਂਗਰਸ ਲਈ ਸਭ ਤੋਂ ਵੱਡੀ ਚੁਣੌਤੀ ਬਣ ਗਿਆ ਹੈ। ਕਾਂਗਰਸ ਭਲੀਭਾਂਤ ਜਾਣਦੀ ਹੈ ਕਿ ਜਦੋਂ ਤੱਕ ਉਹ 'ਆਪ' ਦੇ ਵਧਦੇ ਕਦਮਾਂ ਨੂੰ ਨਹੀਂ ਰੋਕਦੀ, ਉਦੋਂ ਤੱਕ ਖੇਤਰੀ ਅਤੇ ਰਾਸ਼ਟਰੀ ਪੱਧਰ 'ਤੇ ਉਸ ਦੀ ਵਾਪਸੀ ਮੁਸ਼ਕਿਲ ਹੈ।ਗੁਜਰਾਤ ਵਿੱਚ 'ਆਪ' ਵਿਧਾਇਕ ਚੈਤਾਰ ਵਸਾਵਾ ਨੂੰ 7 ਸਾਲ ਦੀ ਸਜ਼ਾ ਤੋਂ ਬਾਅਦ 'ਆਪ' ਹਮਦਰਦੀ ਦੀ ਲਹਿਰ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਭਾਜਪਾ ਵੀ ਚਾਹੁੰਦੀ ਹੈ ਕਿ ਇਹ ਮੁੱਦਾ ਭਖਦਾ ਰਹੇ ਤਾਂ ਜੋ ਭਾਜਪਾ ਵਿਰੋਧੀ ਵੋਟਾਂ ਕਾਂਗਰਸ ਅਤੇ 'ਆਪ' ਵਿੱਚ ਵੰਡੀਆਂ ਜਾਣ। ਕਾਂਗਰਸ ਲਈ ਇੱਥੇ ਚੁਣੌਤੀ ਇਸ ਵੋਟ-ਵੰਡ ਨੂੰ ਰੋਕਣਾ ਹੈ।

ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਤੋਂ ਬਾਅਦ ਪੈਦਾ ਹੋਏ ਧਾਰਮਿਕ ਅਤੇ ਸਿਆਸੀ ਹਾਲਾਤ ਨੂੰ ਕਾਂਗਰਸ ਆਪਣੇ ਹੱਕ ਵਿੱਚ ਭੁਗਤਾਉਣ ਦੀ ਪੂਰੀ ਤਿਆਰੀ ਕਰ ਚੁੱਕੀ ਹੈ। ਕਾਂਗਰਸ ਇਸ ਮੁੱਦੇ ਰਾਹੀਂ ਸਰਕਾਰ ਨੂੰ ਪੰਥਕ ਅਤੇ ਪ੍ਰਸ਼ਾਸਨਿਕ ਫ਼ਰੰਟ 'ਤੇ ਘੇਰਨ ਦੀ ਵਿਉਂਤਬੰਦੀ ਬਣਾ ਰਹੀ ਹੈ।

ਪੰਜਾਬ ਵਿੱਚ ਕਾਂਗਰਸ ਹਾਈਕਮਾਂਡ ਨੇ ਅਜੇ ਮਾਕਨ ਦੀ ਰਿਪੋਰਟ ਤੋਂ ਬਾਅਦ ਵੱਡੇ ਫ਼ੇਰਬਦਲ ਦੇ ਸੰਕੇਤ ਦਿੱਤੇ ਹਨ। ਮੌਜੂਦਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਭਾਵੇਂ ਰਾਹੁਲ ਗਾਂਧੀ ਦੇ ਨੇੜੇ ਹਨ, ਪਰ ਪਾਰਟੀ ਦੇ ਆਮ ਵਰਕਰ ਅਤੇ ਕਈ ਸੀਨੀਅਰ ਆਗੂ ਉਨ੍ਹਾਂ ਤੋਂ ਸੰਤੁਸ਼ਟ ਨਹੀਂ ਹਨ। ਰਾਜਾ ਵੜਿੰਗ ਦੇ



ਕਾਰਜਕਾਲ ਦੌਰਾਨ ਪਾਰਟੀ ਅੰਦਰਲੀ ਧੜੇਬੰਦੀ ਘਟਣ ਦੀ ਬਜਾਏ ਵਧੀ ਹੈ। ਪੰਜਾਬ ਦੀ ਸਿਆਸਤ ਵਿੱਚ ਜਾਤੀ ਅਤੇ ਧਾਰਮਿਕ ਸੰਤੁਲਨ ਬਹੁਤ ਅਹਿਮ ਹੈ। ਵਰਕਰਾਂ ਦਾ ਇੱਕ ਵੱਡਾ ਹਿੱਸਾ ਮੰਨਦਾ ਹੈ ਕਿ ਮੌਜੂਦਾ ਹਾਲਾਤ ਵਿੱਚ ਕਿਸੇ ਨਵੇਂ ਚਿਹਰੇ ਨੂੰ ਅੱਗੇ ਲਿਆਂਦਾ ਜਾਵੇ।

ਸੂਤਰਾਂ ਦਾ ਮੰਨਣਾ ਹੈ ਕਿ ਜੇਕਰ ਰਾਜਾ ਵੜਿੰਗ ਨੂੰ ਹਟਾਇਆ ਜਾਂਦਾ ਹੈ, ਤਾਂ ਉਨ੍ਹਾਂ ਨੂੰ ਕਿਸੇ ਹੋਰ ਅਹਿਮ ਕਮੇਟੀ ਦਾ ਮੁਖੀ ਬਣਾ ਕੇ ਐਡਜਸਟ ਕੀਤਾ ਜਾਵੇਗਾ। ਨਵੇਂ ਪ੍ਰਧਾਨ ਲਈ ਦੋ ਨਾਂਅ ਸਭ ਤੋਂ ਅੱਗੇ ਹਨ:

ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਦੇ ਹੱਕ ਵਿੱਚ ਕਈ ਵਿਰੋਧੀ ਧੜੇ ਇੱਕਜੁੱਟ ਹੋ ਰਹੇ ਹਨ ਅਤੇ ਦਲਿਤ ਚਿਹਰਾ ਹੋਣ ਕਾਰਨ ਜਾਤੀ ਸਮੀਕਰਨ ਵੀ ਉਨ੍ਹਾਂ ਦੇ ਪੱਖ ਵਿੱਚ ਹਨ। ਦੂਜੇ ਪਾਸੇ ਪਰਗਟ ਸਿੰਘ ਦੇ ਨਾਂਅ 'ਤੇ ਵੀ ਗੰਭੀਰਤਾ ਨਾਲ ਵਿਚਾਰ ਹੋ ਰਿਹਾ ਹੈ।

ਸੰਤੁਲਨ ਬਣਾਉਣ ਲਈ ਪਾਰਟੀ 2 ਜਾਂ 3 ਐਕਟਿੰਗ ਪ੍ਰਧਾਨ (ਹਿੰਦੂ, ਜੱਟ ਸਿੱਖ ਅਤੇ ਪੱਛੜੀਆਂ ਸ਼੍ਰੇਣੀਆਂ ਵਿੱਚੋਂ ਸੰਗਤ ਸਿੰਘ ਗਿਲਜੀਆਂ, ਹਰਦਿਆਲ ਕੰਬੋਜ਼ ਜਾਂ ਮਦਨ ਲਾਲ) ਵੀ ਨਿਯੁਕਤ ਕਰ ਸਕਦੀ ਹੈ। ਹਾਲਾਂਕਿ, ਪ੍ਰਤਾਪ ਸਿੰਘ ਬਾਜਵਾ ਦੇ 'ਲੀਡਰ ਆਫ਼ ਆਪੋਜੀਸ਼ਨ' ਵਜੋਂ ਬਣੇ ਰਹਿਣ ਦੀ ਪੂਰੀ ਸੰਭਾਵਨਾ ਹੈ।

ਦੇਸ਼ ਤੇ ਪੰਜਾਬ ਦੀ ਸਿਆਸਤ ਵਿੱਚ ਸਭ ਤੋਂ ਵੱਡੀ ਚਰਚਾ ਕਾਂਗਰਸ ਅਤੇ ਬਸਪਾ ਦੇ ਸੰਭਾਵੀ ਗਠਜੋੜ ਦੀ ਹੈ। ਸੋਨੀਆ ਗਾਂਧੀ, ਪ੍ਰਿਯੰਕਾ ਗਾਂਧੀ ਅਤੇ ਬਸਪਾ ਦੇ ਕਨਵੀਨਰ ਅਸ਼ੋਕ ਆਨੰਦ ਵਿਚਕਾਰ ਦਿੱਲੀ ਵਿੱਚ ਹੋਈਆਂ ਗੁਪਤ ਮੀਟਿੰਗਾਂ ਨੇ ਇਸ ਨੂੰ ਹਵਾ ਦਿੱਤੀ ਹੈ। ਸੂਤਰਾਂ ਦਾ ਮੰਨਣਾ ਹੈ ਕਿ ਬਸਪਾ ਦੀ ਕੇਂਦਰੀ ਲੀਡਰਸ਼ਿਪ (ਮਾਇਆਵਤੀ) ਤਾਂ ਗਠਜੋੜ ਦੇ ਹੱਕ ਵਿੱਚ ਹੈ, ਪਰ ਵੱਖ-ਵੱਖ ਸੂਬਿਆਂ ਦੀ ਲੀਡਰਸ਼ਿਪ ਚਾਹੁੰਦੀ ਹੈ ਕਿ ਫ਼ੈਸਲਾ ਕੌਮੀ ਪੱਧਰ ਦੀ ਬਜਾਏ ਸੂਬਾ ਪੱਧਰ ਦੇ ਹਾਲਾਤ ਮੁਤਾਬਕ ਲਿਆ ਜਾਵੇ, ਕਿਉਂਕਿ ਕਈ ਰਾਜਾਂ ਵਿੱਚ ਖੇਤਰੀ ਪਾਰਟੀਆਂ ਨਾਲ ਉਨ੍ਹਾਂ ਦੇ ਪਹਿਲਾਂ ਹੀ ਸਮੀਕਰਨ ਬਣੇ ਹੋਏ ਹਨ।

ਪੰਜਾਬ ਵਿੱਚ ਸਥਿਤੀ: ਬਸਪਾ ਦੇ ਇਕੱਲੇ ਵਿਧਾਇਕ ਡਾ. ਨਛੱਤਰਪਾਲ ਅਨੁਸਾਰ ਉਹ ਹਾਈਕਮਾਂਡ ਦੇ ਫ਼ੈਸਲੇ ਦੇ ਪਾਬੰਦ ਹਨ। ਜੇਕਰ ਇਹ ਗਠਜੋੜ ਸਹੀ ਸੀਟ ਵੰਡ ਨਾਲ ਸਿਰੇ ਚੜ੍ਹਦਾ ਹੈ, ਤਾਂ ਇਹ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿੱਚ ਦਲਿਤ ਵੋਟ ਬੈਂਕ ਨੂੰ ਸੰਭਾਵੀ ਗਠਜੋੜ ਵੱਲ ਮੋੜਨ ਵਿੱਚ ਸਫ਼ਲ ਹੋ ਸਕਦਾ ਹੈ। ਪਰ ਜੇਕਰ ਅੰਦਰੂਨੀ ਖਿੱਚੋਤਾਣ ਰਹੀ, ਤਾਂ ਇਸ ਦਾ ਫ਼ਾਇਦਾ ਵਿਰੋਧੀਆਂ ਨੂੰ ਹੀ ਮਿਲੇਗਾ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕਾਂਗਰਸ ਇਸ ਵੇਲੇ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ ਉਸ ਨੂੰ ਆਪਣੇ ਅੰਦਰੂਨੀ ਕਲੇਸ਼ ਨੂੰ ਮੁਕਾ ਕੇ ਨਵੀਂ ਲੀਡਰਸ਼ਿਪ ਤੈਅ ਕਰਨੀ ਪਵੇਗੀ ਅਤੇ ਨਾਲ ਹੀ ਬਸਪਾ ਵਰਗੀਆਂ ਪਾਰਟੀਆਂ ਨਾਲ ਗਠਜੋੜ ਕਰਕੇ ਇੱਕ ਮਜ਼ਬੂਤ ਬਦਲ ਪੇਸ਼ ਕਰਨਾ ਹੋਵੇਗਾ। ਜੇਕਰ ਕਾਂਗਰਸ ਆਪਣੀ ਇਸ ਦੋਹਰੀ ਰਣਨੀਤੀ ਅਤੇ ਸੰਗਠਨਾਤਮਕ ਫ਼ੇਰਬਦਲ ਵਿੱਚ ਸਫ਼ਲ ਰਹਿੰਦੀ ਹੈ, ਤਾਂ ਉਹ 'ਆਪ' ਅਤੇ ਭਾਜਪਾ ਦੋਵਾਂ ਲਈ ਵੱਡੀ ਮੁਸੀਬਤ ਖੜ੍ਹੀ ਕਰ ਸਕਦੀ ਹੈ।

# ਕੀ ਭਾਜਪਾ ਦੀ ਭਗਵੀਂ ਨੀਤੀ ਬੰਗਾਲ 'ਚ ਖੜ੍ਹੀਆਂ ਕਰੇਗੀ ਨਵੀਆਂ ਚੁਣੌਤੀਆਂ ?

## ਕੀ ਬਾਗੀ ਟੀ.ਐੱਮ.ਸੀ. ਦੇ ਆਗੂਆਂ ਸਹਾਰੇ ਖੜ੍ਹਾ ਹੋਵੇਗਾ ਭਾਜਪਾ ਦਾ ਕਿਲ੍ਹਾ ?

ਪੱਛਮੀ ਬੰਗਾਲ ਦੀ ਸਿਆਸਤ ਹਮੇਸ਼ਾ ਹੀ ਦੇਸ਼ ਦੀਆਂ ਸਭ ਤੋਂ ਵੱਧ ਚਰਚਿਤ ਅਤੇ ਗਰਮਾ-ਗਰਮ ਸਿਆਸੀ ਪਿੱਚਾਂ ਵਿੱਚੋਂ ਇੱਕ ਰਹੀ ਹੈ। ਪਰ ਹਾਲੀਆ ਦਿਨਾਂ ਵਿੱਚ ਸੂਬੇ ਅੰਦਰ ਜੋ ਸਿਆਸੀ ਹਵਾ ਬਦਲਦੀ ਦਿਖਾਈ ਦੇ ਰਹੀ ਹੈ, ਉਸ ਨੇ ਆਮ ਜਨਤਾ ਤੋਂ ਲੈ ਕੇ ਸਿਆਸੀ ਮਾਹਿਰਾਂ ਤੱਕ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਤ੍ਰਿਣਮੂਲ ਕਾਂਗਰਸ ਦੇ ਅਖੌਤੀ ਭ੍ਰਿਸ਼ਟਾਚਾਰ ਅਤੇ 'ਇਕਪਾਸੜ ਨੀਤੀ' ਵਿਰੁੱਧ ਵੱਡੀਆਂ-ਵੱਡੀਆਂ ਮੁਹਿੰਮਾਂ ਚਲਾ ਕੇ ਸੱਤਾ ਦੇ ਕੇਂਦਰ ਵੱਲ ਵਧਣ ਵਾਲੀ ਭਾਜਪਾ ਅੱਜ ਖੁਦ ਆਪਣੀਆਂ ਹੀ ਨੀਤੀਆਂ ਅਤੇ ਫ਼ੈਸਲਿਆਂ ਕਾਰਨ ਜਨਤਾ ਦੇ ਕਟਹਿਰੇ ਵਿੱਚ ਖੜ੍ਹੀ ਨਜ਼ਰ ਆ ਰਹੀ ਹੈ। ਸਵਾਲ ਇਹ ਉੱਠ ਰਿਹਾ ਹੈ ਕਿ ਕੀ ਬੰਗਾਲ ਦਾ ਬਦਲਦਾ ਸਰੂਪ ਸੱਚਮੁੱਚ ਵਿਕਾਸ ਵੱਲ ਵਧ ਰਿਹਾ ਹੈ ਜਾਂ ਫ਼ਿਰ ਇਹ ਸਿਰਫ਼ 'ਭਗਵਾਂਕਰਨ' ਦੀ ਸਿਆਸਤ ਦਾ ਇੱਕ ਨਵਾਂ ਅਧਿਆਏ ਹੈ, ਜਿਸ ਨੇ ਲੋਕਾਂ ਨੂੰ ਭਾਰੀ ਦੁਵਿਧਾ ਵਿੱਚ ਪਾ ਦਿੱਤਾ ਹੈ ?

ਭਾਜਪਾ ਲਈ ਸਭ ਤੋਂ ਵੱਡੀ ਦੁਵਿਧਾ ਉਸ ਦੇ ਆਪਣੇ ਹੀ ਫ਼ੈਸਲਿਆਂ ਨੇ ਖੜ੍ਹੀ ਕੀਤੀ ਹੈ। ਜਿਨ੍ਹਾਂ ਟੀ.ਐੱਮ.ਸੀ. ਆਗੂਆਂ 'ਤੇ ਭਾਜਪਾ ਨੇ ਕਦੇ ਗੰਭੀਰ ਦੋਸ਼ ਲਾਏ ਸਨ, ਅੱਜ ਉਹੀ ਆਗੂ ਸਿੱਧੇ ਜਾਂ ਅਸਿੱਧੇ ਤੌਰ 'ਤੇ ਭਾਜਪਾ ਦੀ ਬੇੜੀ ਵਿੱਚ ਸਵਾਰ ਹਨ। ਇਸ ਦਲਬਦਲੀ ਨੇ ਭਾਜਪਾ ਦੇ ਕੱਟੜ ਸਮਰਥਕਾਂ ਅਤੇ ਬੰਗਾਲ ਦੇ ਆਮ ਲੋਕਾਂ ਨੂੰ ਹੈਰਾਨੀ ਵਿੱਚ ਪਾ ਦਿੱਤਾ ਹੈ। ਜਨਤਾ ਇਹ ਸਮਝਣ ਤੋਂ ਅਸਮਰੱਥ ਹੈ ਕਿ ਜਿਸ 'ਭ੍ਰਿਸ਼ਟ ਸਿਸਟਮ' ਦੇ ਖ਼ਿਲਾਫ਼ ਉਨ੍ਹਾਂ ਨੇ ਤਬਦੀਲੀ ਦੀ ਉਮੀਦ



ਜਗਾਈ ਸੀ, ਜੇਕਰ ਉਹੀ ਚਿਹਰੇ ਦੁਬਾਰਾ ਸੱਤਾ ਦੇ ਗਲਿਆਰਿਆਂ ਵਿੱਚ ਬੈਠਣੇ ਹਨ, ਤਾਂ ਫਿਰ ਇਸ ਕਥਿਤ ਬਦਲਾਅ ਦੇ ਮਾਇਨੇ ਕੀ ਰਹਿ ਗਏ ?

ਕੋਲਕਾਤਾ ਦੀ ਇਤਿਹਾਸਕ ਅਤੇ ਰੁੱਝੀ ਹੋਈ 'ਰੇਡ ਰੋਡ' ਹਮੇਸ਼ਾ ਹੀ ਸਿਆਸਤ ਦਾ ਪ੍ਰਤੀਕ ਰਹੀ ਹੈ। ਮਮਤਾ ਬੈਨਰਜੀ ਦੇ ਕਾਰਜਕਾਲ ਦੌਰਾਨ ਜੁਮੇ ਅਤੇ ਈਦ ਦੀ ਨਮਾਜ਼ ਲਈ ਇਸ ਸੜਕ ਨੂੰ ਬੰਦ ਕੀਤੇ ਜਾਣ 'ਤੇ ਭਾਜਪਾ ਨੇ ਇਸ ਨੂੰ ਮੁਸਲਿਮ ਪੱਖੀ ਨੀਤੀ ਦਾ ਸਭ ਤੋਂ ਵੱਡਾ ਸਬੂਤ ਦੱਸਿਆ ਸੀ। ਹੁਣ ਸੱਤਾ ਦੇ ਪ੍ਰਭਾਵ ਨਾਲ ਸ਼ੁਭੇਂਦੂ ਅਧਿਕਾਰੀ ਨੇ ਨਮਾਜ਼ ਬੰਦ ਕਰਵਾ ਕੇ ਆਪਣੇ ਹਿੰਦੂਤਵ ਸਮਰਥਕਾਂ ਨੂੰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਕਿ ਹੁਣ ਇੱਕ ਪਾਸੜ ਨੀਤੀ ਦਾ ਦੌਰ ਖ਼ਤਮ ਹੋ ਚੁੱਕਾ ਹੈ।

ਪਰ ਸਿਆਸਤ ਦਾ ਵਿਅੰਗ ਦੇਖੋ, ਹੁਣ ਉਸੇ ਰੇਡ ਰੋਡ ਨੂੰ ਕੌਮਾਂਤਰੀ ਯੋਗਾ ਦਿਵਸ ਦੇ ਨਾਂਅ 'ਤੇ 14 ਜੂਨ ਤੋਂ 21 ਜੂਨ ਤੱਕ (ਪੂਰੇ ਇੱਕ ਹਫ਼ਤੇ ਲਈ) ਬੰਦ ਰੱਖਿਆ ਗਿਆ। ਨਤੀਜਾ ਕੀ ਨਿਕਲਿਆ ? ਟ੍ਰੈਫ਼ਿਕ ਜਾਮ, ਆਮ ਲੋਕਾਂ ਦੀ ਖੱਜਲ-ਖੁਆਰੀ ਅਤੇ ਜਨਤਾ ਦੀ ਭਾਰੀ ਨਾਰਾਜ਼ਗੀ। ਜਨਤਾ ਦਾ ਇਹ ਸਵਾਲ ਬਿਲਕੁਲ ਜਾਇਜ਼ ਹੈ ਕਿ ਚਾਹੇ ਨਮਾਜ਼ ਹੋਵੇ ਜਾਂ ਯੋਗਾ—ਸਿਆਸੀ ਲਾਹਾ ਲੈਣ ਲਈ ਜਨਤਕ ਸੜਕਾਂ ਨੂੰ ਬੰਦ ਕਿਉਂ ਕੀਤਾ ਜਾਵੇ ? ਪਹਿਲਾਂ ਜੇਕਰ ਮਮਤਾ ਸਰਕਾਰ 'ਤੇ ਇੱਕ ਪਾਸੜ ਨੀਤੀ ਦਾ ਦੋਸ਼ ਸੀ, ਤਾਂ ਹੁਣ ਨਵੀਂ ਵਿਵਸਥਾ 'ਤੇ ਆਪਣਾ ਸਿਆਸੀ ਭਗਵਾਂ ਏਜੰਡਾ ਥੋਪਣ ਦੇ ਇਲਜ਼ਾਮ ਲੱਗ ਰਹੇ ਹਨ।

# ਭਾਰਤ -ਪਾਕਿ ਵਿਚਾਲੇ ਅਧਿਕਾਰਤ ਗੱਲਬਾਤ ਬੰਦ, ਪਰ ਪਰਦੇ ਦੇ ਪਿੱਛੇ ਜਾਰੀ ਹੈ ਸੰਵਾਦ

## ਕੀ ਟਰੈਕ-2 ਗੱਲਬਾਤ ਟਾਲੇਗੀ ਭਵਿੱਖ ਦਾ ਸੰਕਟ ?

## ਕਿਉਂ ਜ਼ਰੂਰੀ ਹੈ ਭਾਰਤ-ਪਾਕਿਸਤਾਨ ਵਿਚਾਲੇ 'ਪਿਛਲੀ ਖਿੜਕੀ' ਦਾ ਖੁੱਲ੍ਹੇ ਰਹਿਣਾ ?

ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤੇ ਹਮੇਸ਼ਾ ਤੋਂ ਹੀ ਭੂ-ਰਾਜਨੀਤਿਕ ਤਣਾਅ, ਇਤਿਹਾਸਕ ਅਵਿਸ਼ਵਾਸ ਅਤੇ ਸਰਹੱਦੀ ਵਿਵਾਦਾਂ ਦੇ ਪਰਛਾਵਿਆਂ ਹੇਠ ਰਹੇ ਹਨ। ਜਦੋਂ ਮਈ 2025 ਵਿੱਚ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀ ਹਮਲਾ ਹੋਇਆ ਸੀ, ਤਾਂ ਦੋਵਾਂ ਮੁਲਕਾਂ ਵਿਚਾਲੇ ਤਣਾਅ ਆਪਣੇ ਸਿਖਰ 'ਤੇ ਪਹੁੰਚ ਗਿਆ ਸੀ। 26 ਬੇਕਸੂਰ ਸੈਲਾਨੀਆਂ ਦੀ ਜਾਨ ਲੈਣ ਵਾਲੇ ਇਸ ਹਮਲੇ ਤੋਂ ਬਾਅਦ, ਦੋ ਪਰਮਾਣੂ ਹਥਿਆਰਾਂ ਨਾਲ ਲੈਸ ਗੁਆਂਢੀ ਮੁਲਕਾਂ ਵਿਚਕਾਰ ਚਾਰ ਦਿਨਾਂ ਤੱਕ ਚੱਲੇ ਸੈਨਿਕ ਅਤੇ ਡਰੋਨ ਟਕਰਾਅ ਨੇ ਪੂਰੇ ਦੱਖਣੀ ਏਸ਼ੀਆ ਨੂੰ ਵੱਡੇ ਸੰਕਟ ਵਿੱਚ ਪਾ ਦਿੱਤਾ ਸੀ। ਹਾਲਾਂਕਿ 10 ਮਈ 2025 ਨੂੰ ਹੋਈ ਜੰਗਬੰਦੀ ਨੇ ਤੁਰੰਤ ਖ਼ਤਰੇ ਨੂੰ ਟਾਲ ਦਿੱਤਾ ਸੀ, ਪਰ ਅਧਿਕਾਰਤ ਕੂਟਨੀਤੀ ਦੇ ਦਰਵਾਜ਼ੇ ਉਦੋਂ ਤੋਂ ਹੀ ਪੂਰੀ ਤਰ੍ਹਾਂ ਬੰਦ ਹਨ।

ਅਜਿਹੇ ਜੰਮੇ ਹੋਏ ਹਾਲਾਤਾਂ ਦੇ ਬਾਵਜੂਦ, ਪਰਦੇ ਦੇ ਪਿੱਛੇ ਚੱਲ ਰਹੀ 'ਟਰੈਕ-2 ਡਿਪਲੋਮੈਸੀ' ਇੱਕ ਨਵੀਂ ਉਮੀਦ ਅਤੇ ਚਰਚਾ ਦਾ ਵਿਸ਼ਾ ਬਣੀ ਹੈ। ਕਤਰ ਦੀ ਰਾਜਧਾਨੀ ਦੋਹਾ ਅਤੇ ਪੱਛਮੀ ਏਸ਼ੀਆ ਦੇ ਕਈ ਨਿਰਪੱਖ ਸ਼ਹਿਰਾਂ ਵਿੱਚ ਦੋਵਾਂ ਦੇਸ਼ਾਂ ਦੇ ਸਾਬਕਾ ਡਿਪਲੋਮੈਟਾਂ, ਰਿਟਾਇਰਡ ਫ਼ੌਜੀ ਅਧਿਕਾਰੀਆਂ ਅਤੇ ਰਣਨੀਤਕ



ਮਾਹਿਰਾਂ ਵਿਚਾਲੇ ਗੁਪਤ ਬੈਠਕਾਂ ਦੇ ਦੌਰ ਚੱਲ ਰਹੇ ਹਨ। ਭਾਵੇਂ ਦੋਵਾਂ ਮੁਲਕਾਂ ਦੀਆਂ ਸਰਕਾਰਾਂ ਇਸ ਬੈਕਚੈਨਲ ਸੰਵਾਦ 'ਤੇ ਜਨਤਕ ਤੌਰ 'ਤੇ ਪੂਰੀ ਚੁੱਪ ਸਾਧੀ ਬੈਠੀਆਂ ਹਨ, ਪਰ ਅਪ੍ਰੈਲ 2026 ਤੋਂ ਲਗਾਤਾਰ ਸਾਹਮਣੇ ਆ ਰਹੀਆਂ ਰਿਪੋਰਟਾਂ ਇਹ ਸਾਫ਼ ਕਰਦੀਆਂ ਹਨ ਕਿ ਅਧਿਕਾਰਤ ਰਿਸ਼ਤਿਆਂ ਵਿੱਚ ਤਕਰਾਰ ਦੇ ਬਾਵਜੂਦ ਸੰਵਾਦ ਦਾ ਸਿਲਸਲਾ ਜਾਰੀ ਹੈ।

ਕੌਮਾਂਤਰੀ ਰਾਜਨੀਤੀ ਅਤੇ ਕੂਟਨੀਤੀ ਦਾ ਇਹ ਸੁਨਹਿਰੀ ਨਿਯਮ ਹੈ ਕਿ ਜਦੋਂ ਸਾਹਮਣੇ ਵਾਲੇ ਦਰਵਾਜ਼ੇ ਬੰਦ ਹੋ ਜਾਣ, ਤਾਂ ਪਿਛਲੀ ਖਿੜਕੀ ਖੁੱਲ੍ਹੀ ਰੱਖਣੀ ਲਾਜ਼ਮੀ ਹੁੰਦੀ ਹੈ। ਭਾਰਤ ਦਾ ਇਹ ਸਟੈਂਡ ਬਿਲਕੁਲ ਸਪੱਸ਼ਟ ਅਤੇ ਜਾਇਜ਼ ਹੈ ਕਿ 'ਹਿੰਸਾ ਅਤੇ ਗੱਲਬਾਤ ਇਕੱਠੇ ਨਹੀਂ ਚੱਲ ਸਕਦੇ।' ਇਸੇ ਸਖ਼ਤ ਰੁਖ਼ ਕਾਰਨ ਸਿੱਧਾ ਵਪਾਰ ਲਗਭਗ ਖ਼ਤਮ ਹੋ ਚੁੱਕਾ ਹੈ ਅਤੇ ਦੂਤਾਵਾਸਾਂ ਵਿੱਚ ਵੀ ਨਾਮਾਤਰ ਸਟਾਫ਼ ਰਹਿ ਗਿਆ ਹੈ। ਭਾਰਤ ਸਰਕਾਰ ਸਮਝਦੀ ਹੈ ਕਿ ਪਾਕਿਸਤਾਨ ਨੂੰ ਇਹ ਸੁਨੇਹਾ ਦੇਣਾ ਜ਼ਰੂਰੀ ਹੈ ਕਿ ਸਰਹੱਦ ਪਾਰੋਂ ਫ਼ੈਲਾਈ ਜਾਂਦੀ ਅਸ਼ਾਂਤੀ ਦੀ ਹੁਣ ਭਾਰੀ ਕੀਮਤ ਚੁਕਾਉਣੀ ਪਵੇਗੀ। ਪਰ ਇਸ ਦੇ ਨਾਲ ਹੀ, ਇੱਕ ਗੁਆਂਢੀ ਹੋਣ ਦੇ ਨਾਤੇ, ਸੰਚਾਰ ਦਾ ਇੱਕ ਨਿਊਨਤਮ ਚੈਨਲ ਬਣਾਈ ਰੱਖਣਾ ਦੋਵਾਂ ਦੇ ਹਿੱਤ ਵਿੱਚ ਹੈ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਗਲਤਫ਼ਹਿਮੀ ਕਾਰਨ ਪੂਰਨ ਯੁੱਧ ਵਰਗੀ ਸਥਿਤੀ ਪੈਦਾ ਨਾ ਹੋਵੇ।

# ਤਖ਼ਤ ਹਜ਼ੂਰ ਸਾਹਿਬ ਐਕਟ 1956 ਨੂੰ ਰੱਦ ਕਰਨ ਦੇ ਕਦਮ ਖ਼ਿਲਾਫ਼ 'ਗੁਰਮਤਾ' ਜਾਰੀ

ਨੰਦੇੜ/ਏ.ਟੀ.ਨਿਊਜ਼ : ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕਾਂ ਨੇ 'ਨੰਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਐਕਟ, 1956' ਨੂੰ ਰੱਦ ਕਰਨ ਅਤੇ ਇਸ ਦੀ ਥਾਂ ਨਵਾਂ ਕਾਨੂੰਨ ਲਿਆਉਣ ਦੀ ਮਹਾਰਾਸ਼ਟਰ ਸਰਕਾਰ ਦੀ ਤਜਵੀਜ਼ ਨੂੰ ਖਾਰਜ ਕਰਦਿਆਂ ਇੱਕ 'ਗੁਰਮਤਾ' ਜਾਰੀ ਕੀਤਾ ਹੈ।



ਇਹ ਫੈਸਲਾ ਪੰਜ ਪਿਆਰਿਆਂ ਅਤੇ ਵੱਖ-ਵੱਖ ਸਿੱਖ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਸ਼ਮੂਲੀਅਤ ਵਾਲੀ ਇੱਕ ਉੱਚ ਪੱਧਰੀ ਇਕੱਤਰਤਾ ਤੋਂ ਬਾਅਦ ਲਿਆ ਗਿਆ। ਵਿਚਾਰ-ਵਟਾਂਦਰੇ ਤੋਂ ਬਾਅਦ, ਸਰਬਸੰਮਤੀ ਨਾਲ ਇੱਕ ਮਤਾ ਪਾਸ ਕੀਤਾ ਗਿਆ, ਜਿਸ ਵਿੱਚ ਮੂਲ 1956 ਦੇ ਐਕਟ ਨੂੰ ਬਰਕਰਾਰ ਰੱਖਣ ਦੀ ਪੁਰਜ਼ੋਰ ਮੰਗ ਕੀਤੀ ਗਈ।

ਤਖ਼ਤ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਦੀ ਹਾਜ਼ਰੀ ਵਿੱਚ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਵੱਲੋਂ ਰਸਮੀ ਤੌਰ 'ਤੇ ਇਹ ਗੁਰਮਤਾ ਪੜ੍ਹ ਕੇ ਸੁਣਾਇਆ ਗਿਆ। ਤਖ਼ਤ ਨਾਲ ਜੁੜੇ ਇੱਕ ਸੀਨੀਅਰ ਅਹੁਦੇਦਾਰ ਨੇ ਕਿਹਾ ਕਿ ਇਹ ਤਖ਼ਤ ਦੀਆਂ ਸਥਾਪਿਤ ਪਰੰਪਰਾਵਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਹੈ।

ਉੱਥੇ ਹੀ 'ਗੁਰਮਤੇ' ਵਿੱਚ ਕਿਹਾ ਗਿਆ ਹੈ ਕਿ ਹਜ਼ੂਰ ਸਾਹਿਬ ਦਾ ਮੌਜੂਦਾ ਪ੍ਰਬੰਧਕੀ ਢਾਂਚਾ ਸਿੱਖ ਵਿਦਵਾਨਾਂ ਦੁਆਰਾ ਤੈਅ ਕੀਤੇ ਗਏ ਸਿਧਾਂਤਾਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸੋਚ 'ਤੇ ਅਧਾਰਿਤ ਹੈ। ਉਨ੍ਹਾਂ ਦਾ ਤਰਕ ਹੈ ਕਿ ਪ੍ਰਸਤਾਵਿਤ ਕਾਨੂੰਨ ਨਾਲ ਇਨ੍ਹਾਂ ਨੀਹਾਂ ਦੇ ਕਮਜ਼ੋਰ ਹੋਣ ਦਾ ਖ਼ਤਰਾ ਹੈ।ਇੱਕ ਸਾਬਕਾ ਸੀਨੀਅਰ ਅਹੁਦੇਦਾਰ ਨੇ ਕਿਹਾ, 'ਇਹ ਸਪਸ਼ਟ ਖਦਸ਼ਾ ਹੈ ਕਿ ਸੂਬਾ ਸਰਕਾਰ ਦਾ ਇਹ ਨਵਾਂ ਕਦਮ ਨਿੱਜੀ ਹਿੱਤਾਂ ਤੋਂ ਪ੍ਰੇਰਿਤ ਹੈ ਅਤੇ ਤਖ਼ਤ ਦੇ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਨ ਵਾਲਾ ਹੈ।'ਜ਼ਿਕਰਯੋਗ ਹੈ ਕਿ ਮਹਾਰਾਸ਼ਟਰ ਸਰਕਾਰ ਨੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਦੇ ਪ੍ਰਬੰਧਨ ਵਿੱਚ ਵੱਡੀ ਤਬਦੀਲੀ ਲਈ ਤਿਆਰੀ ਖਿੱਚ ਲਈ ਹੈ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਅਗਵਾਈ ਵਾਲੀ ਸੂਬਾਈ ਵਜ਼ਾਰਤ ਨੇ ਸੋਮਵਾਰ ਨੂੰ 70 ਸਾਲ ਪੁਰਾਣੇ 'ਨੰਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲਨਗਰ ਸਾਹਿਬ ਐਕਟ 1956' ਨੂੰ ਰੱਦ ਕਰਨ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ। 'ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਗੁਰਦੁਆਰਾ ਐਕਟ' ਸਿਰਲੇਖ ਵਾਲਾ ਨਵਾਂ ਕਾਨੂੰਨ ਸੱਤ ਦਹਾਕਿਆਂ ਪੁਰਾਣੇ ਮੌਜੂਦਾ ਐਕਟ ਦੀ ਥਾਂ ਲਏਗਾ। ਇਸ ਪੇਸ਼ਕਦਮੀ ਨਾਲ ਨੰਦੇੜ ਸਥਿਤ ਤਖ਼ਤ ਦੇ ਕੰਮਕਾਜ ਨਾਲ ਜੁੜੇ ਕਾਨੂੰਨੀ ਚੌਖਟੇ ਵਿੱਚ ਵੱਡੀ ਤਬਦੀਲੀ ਆਏਗੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਜੁੜੇ ਇਸ ਤਖ਼ਤ ਦੀ ਇਤਿਹਾਸਕ ਤੇ ਧਾਰਮਿਕ ਮਹੱਤਤਾ ਹੈ।ਨਵੇਂ ਕਾਨੂੰਨ ਦੇ ਖਰੜੇ ਨੂੰ ਕੈਬਨਿਟ ਦੀ ਪ੍ਰਵਾਨਗੀ ਮਿਲ ਗਈ ਹੈ। ਅਗਲੇ ਮੌਨਸੂਨ ਸੈਸ਼ਨ ਦੌਰਾਨ ਮਹਾਰਾਸ਼ਟਰ ਅਸੈਂਬਲੀ ਵਿੱਚ ਪੇਸ਼ ਕਰਨ ਤੋਂ ਪਹਿਲਾਂ ਇਸ ਨੂੰ ਕਾਨੂੰਨ ਅਤੇ ਨਿਆਂ ਵਿਭਾਗ ਨਾਲ ਸਲਾਹ-ਮਸ਼ਵਰਾ ਕਰ ਕੇ ਅੰਤਿਮ ਰੂਪ ਦਿੱਤਾ ਜਾਵੇਗਾ। ਇੱਕ ਵਾਰ ਮਨਜ਼ੂਰੀ ਮਿਲਣ ਮਗਰੋਂ ਗੁਰਦੁਆਰਾ ਬੋਰਡ ਦੇ ਪ੍ਰਸ਼ਾਸਨ, ਚੋਣਾਂ ਅਤੇ ਉਪ-ਨਿਯਮਾਂ ਨੂੰ ਕੰਟਰੋਲ ਕਰਨ ਵਾਲੇ ਨਵੇਂ ਨਿਯਮ ਬਣਾਏ ਜਾਣਗੇ।

## ਹਜ਼ੂਰ ਸਾਹਿਬ ਐਕਟ : ਸਿੱਖ ਵਿਦਵਾਨਾਂ ਨਾਲ ਸਲਾਹ-ਮਸ਼ਵਰਾ ਕਰੇਗੀ ਮਹਾਰਾਸ਼ਟਰ ਸਰਕਾਰ

ਨੰਦੇੜ/ਨਵੀਂ ਦਿੱਲੀ/ ਏ.ਟੀ.ਨਿਊਜ਼: ਮਹਾਰਾਸ਼ਟਰ ਸਰਕਾਰ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਪ੍ਰਬੰਧਾਂ ਲਈ ਪ੍ਰਸਤਾਵਿਤ ਨਵੇਂ ਕਾਨੂੰਨ ਨੂੰ ਲਾਗੂ ਕਰਨ ਤੋਂ ਪਹਿਲਾਂ ਸਿੱਖ ਧਿਰਾਂ ਅਤੇ ਸਿੱਖ ਵਿਦਵਾਨਾਂ ਨਾਲ ਵਿਆਪਕ ਸਲਾਹ-ਮਸ਼ਵਰਾ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਮਕਸਦ ਲਈ ਸਰਕਾਰ ਇੱਕ ਕਮੇਟੀ ਦਾ ਗਠਨ ਕਰੇਗੀ ਜੋ ਸਾਰੇ ਹਿੱਸੇਦਾਰਾਂ ਤੇ ਸਿੱਖ ਵਿਦਵਾਨਾਂ ਨਾਲ ਵਿਚਾਰ-ਵਟਾਂਦਰਾ ਕਰੇਗੀ।

ਇਸ ਫ਼ੈਸਲੇ ਦੀ ਜਾਣਕਾਰੀ ਭਾਜਪਾ ਆਗੂ ਆਰ ਪੀ ਸਿੰਘ ਨੇ ਨਵੀਂ ਦਿੱਲੀ ਵਿੱਚ ਦਿੱਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨਾਲ ਮੁਲਾਕਾਤ ਕਰਕੇ ਸਿੱਖ ਭਾਈਚਾਰੇ ਦੀਆਂ ਚਿੰਤਾਵਾਂ ਉਨ੍ਹਾਂ ਸਾਹਮਣੇ ਰੱਖੀਆਂ ਸਨ।

ਇਸ ਤੋਂ ਬਾਅਦ ਮੁੱਖ ਮੰਤਰੀ ਫੜਨਵੀਸ ਨੇ ਮਹਾਰਾਸ਼ਟਰ ਦੇ ਮੰਤਰੀ ਚੰਦਰਸ਼ੇਖਰ ਬਾਵਨਕੁਲੇ ਨੂੰ ਭਾਜਪਾ ਆਗੂਆਂ ਨਾਲ ਮੀਟਿੰਗ ਕਰਨ ਦੀ ਜ਼ਿੰਮੇਵਾਰੀ ਸੌਂਪੀ। ਇਸ ਮੀਟਿੰਗ ਵਿੱਚ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਵੀ ਸ਼ਾਮਲ ਹੋਏ।

ਆਰ ਪੀ ਸਿੰਘ ਨੇ ਦੱਸਿਆ ਕਿ ਵਿਸਥਾਰਪੂਰਵਕ ਚਰਚਾ ਤੋਂ ਬਾਅਦ ਮਹਾਰਾਸ਼ਟਰ ਸਰਕਾਰ ਇਸ ਗੱਲ 'ਤੇ ਸਹਿਮਤ ਹੋ ਗਈ ਹੈ ਕਿ ਪ੍ਰਸਤਾਵਿਤ ਕਾਨੂੰਨ ਨੂੰ ਵਿਧਾਨ ਸਭਾ ਵਿੱਚ ਪੇਸ਼ ਕਰਨ ਤੋਂ ਪਹਿਲਾਂ ਇੱਕ ਕਮੇਟੀ ਬਣਾਈ ਜਾਵੇਗੀ ਅਤੇ ਸਾਰੇ ਸਬੰਧਿਤ ਪੱਖਾਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਹਜ਼ੂਰ ਸਾਹਿਬ ਐਕਟ-2026 ਸਬੰਧੀ ਆਪਣੀਆਂ ਚਿੰਤਾਵਾਂ ਮੁੱਖ ਮੰਤਰੀ ਸਾਹਮਣੇ ਰੱਖੀਆਂ ਸਨ, ਜਿਸ ਤੋਂ ਬਾਅਦ ਸਰਕਾਰ ਨੇ ਇਸ ਮਾਮਲੇ ਨੂੰ ਸੰਵੇਦਨਸ਼ੀਲਤਾ ਨਾਲ ਲੈਂਦਿਆਂ ਸਲਾਹ-ਮਸ਼ਵਰੇ ਦਾ ਭਰੋਸਾ ਦਿੱਤਾ ਹੈ।

ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਵੀ ਇਸ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਮਹਾਰਾਸ਼ਟਰ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਹਜ਼ੂਰ ਸਾਹਿਬ ਐਕਟ-2026 ਪੇਸ਼ ਕਰਨ ਤੋਂ ਪਹਿਲਾਂ ਕਮੇਟੀ ਬਣਾਉਣ ਅਤੇ ਵਿਆਪਕ ਸਲਾਹ-ਮਸ਼ਵਰਾ ਕਰਨ ਦਾ ਫ਼ੈਸਲਾ ਸ਼ਲਾਘਾਯੋਗ ਹੈ।

ਉਨ੍ਹਾਂ ਕਿਹਾ ਕਿ ਉਹ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਸੰਵੇਦਨਸ਼ੀਲਤਾ ਨਾਲ ਸਮਝਿਆ। ਉਨ੍ਹਾਂ ਦਾ ਇਹ ਭਰੋਸਾ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਪਵਿੱਤਰਤਾ ਅਤੇ ਧਾਰਮਿਕ ਮਹੱਤਤਾ ਪ੍ਰਤੀ ਸਤਿਕਾਰ ਨੂੰ ਦਰਸਾਉਂਦਾ ਹੈ।

ਇਹ ਵਿਵਾਦ ਮਹਾਰਾਸ਼ਟਰ ਸਰਕਾਰ ਦੇ ਉਸ ਫ਼ੈਸਲੇ ਤੋਂ ਬਾਅਦ ਸ਼ੁਰੂ ਹੋਇਆ, ਜਿਸ ਵਿੱਚ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਐਕਟ-1956 ਨੂੰ ਰੱਦ ਕਰਕੇ ਉਸ ਦੀ ਥਾਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਗੁਰਦੁਆਰਾ ਐਕਟ ਲਿਆਉਣ ਦਾ ਪ੍ਰਸਤਾਵ ਰੱਖਿਆ ਗਿਆ ਸੀ।

ਇਸ ਤੋਂ ਪਹਿਲਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਸੇਵਾਦਾਰਾਂ ਨੇ ਧਾਰਮਿਕ ਖ਼ੁਦਮੁਖਤਿਆਰੀ ਦਾ ਹਵਾਲਾ ਦਿੰਦਿਆਂ ਮਹਾਰਾਸ਼ਟਰ ਸਰਕਾਰ ਦੇ ਇਸ ਪ੍ਰਸਤਾਵ ਨੂੰ ਰੱਦ ਕਰਨ ਲਈ ਇੱਕ ਗੁਰਮਤਾ ਵੀ ਜਾਰੀ ਕੀਤਾ ਸੀ।

ਇਹ ਗੁਰਮਤਾ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਨੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਦੀ ਮੌਜੂਦਗੀ ਵਿੱਚ ਪੜ੍ਹ ਕੇ ਸੁਣਾਇਆ ਸੀ।

## ਸ੍ਰੀ ਹਜ਼ੂਰ ਸਾਹਿਬ ਐਕਟ ਵਿੱਚ ਸੋਧ ਦਾ ਵਿਰੋਧ

# ਗੁਰਦੁਆਰਾ ਪ੍ਰਬੰਧ 'ਤੇ ਸਰਕਾਰੀ ਕਬਜ਼ਾ ਸਿੱਖਾਂ ਨੂੰ ਮਨਜ਼ੂਰ ਨਹੀਂ-ਪੰਥਕ ਜਥੇਬੰਦੀਆਂ ਦਾ ਫ਼ੈਸਲਾ

### ਨਵੇਂ ਪ੍ਰਸਤਾਵਿਤ ਐਕਟ ਖ਼ਿਲਾਫ਼ ਪੰਥਕ ਜਥੇਬੰਦੀਆਂ ਅਤੇ ਪੰਜ ਪਿਆਰਿਆਂ ਨੇ ਖੋਲ੍ਹਿਆ ਮੋਰਚਾ

ਇਸ ਵੇਲੇ ਸਿੱਖ ਪੰਥ ਲਈ ਸਭ ਤੋਂ ਗੰਭੀਰ ਅਤੇ ਚਿੰਤਾਜਨਕ ਮਾਮਲਾ ਸਿੱਖ ਸੰਸਥਾਵਾਂ, ਖ਼ਾਸ ਕਰਕੇ ਗੁਰਦੁਆਰਾ ਪ੍ਰਬੰਧਾਂ ਸੰਬੰਧੀ ਆਏ ਦਿਨ ਖੜ੍ਹੇ ਹੋ ਰਹੇ ਸਵਾਲਾਂ ਅਤੇ ਸਰਕਾਰੀ ਦਖ਼ਲਅੰਦਾਜ਼ੀ ਦਾ ਹੈ। ਬੀਤੇ ਦਿਨਾਂ ਤੋਂ ਤਖ਼ਤ ਸ੍ਰੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨੰਦੇੜ ਦਾ 1956 ਦਾ ਇਤਿਹਾਸਕ ਐਕਟ ਰੱਦ ਕਰਕੇ ਮਹਾਰਾਸ਼ਟਰ ਦੀ ਭਾਜਪਾ ਸਰਕਾਰ ਵੱਲੋਂ ਜੋ ਨਵਾਂ ਐਕਟ (ਡਰਾਫ਼ਟ) ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਸ ਨੇ ਸਮੁੱਚੀ ਸਿੱਖ ਕੌਮ ਅੰਦਰ ਭਾਰੀ ਰੋਸ ਅਤੇ ਬੇਚੈਨੀ ਪੈਦਾ ਕਰ ਦਿੱਤੀ ਹੈ। ਸਿੱਖ ਮਾਨਸਿਕਤਾ ਨੂੰ ਇਹ ਕਦਮ ਗੁਰਦੁਆਰਾ ਪ੍ਰਬੰਧਾਂ 'ਤੇ ਸਰਕਾਰੀ ਕਬਜ਼ਾ ਕਰਨ ਦੀ ਨੀਅਤ ਵਜੋਂ ਨਾਗਵਾਰ ਗੁਜ਼ਰ ਰਿਹਾ ਹੈ।

ਨਵੇਂ ਪ੍ਰਸਤਾਵਿਤ 'ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਸਾਹਿਬ ਗੁਰਦੁਆਰਾ ਐਕਟ' ਦੇ ਡਰਾਫ਼ਟ ਦਾ ਵਿਰੋਧ ਪੂਰੀ ਤਰ੍ਹਾਂ ਵਾਜਬ ਹੈ। ਪੁਰਾਣੇ ਐਕਟ ਮੁਤਾਬਿਕ ਬੋਰਡ ਦੇ 17 ਮੈਂਬਰਾਂ ਵਿੱਚੋਂ ਸ਼੍ਰੋਮਣੀ ਕਮੇਟੀ, ਚੀਫ਼ ਖਾਲਸਾ ਦੀਵਾਨ, ਸਿੱਖ ਐਮ.ਪੀਜ਼ ਅਤੇ ਹਜ਼ੂਰ ਸੱਚਖੰਡ ਦੀਵਾਨ ਵਰਗੀਆਂ ਸਿੱਖ ਜਥੇਬੰਦੀਆਂ ਦੀ ਸਿੱਧੀ ਨੁਮਾਇੰਦਗੀ ਹੁੰਦੀ ਸੀ ਅਤੇ ਮੈਂਬਰ ਖ਼ੁਦ ਆਪਣੇ ਪ੍ਰਧਾਨ ਦੀ ਚੋਣ ਕਰਦੇ ਸਨ। ਪਰ ਨਵੇਂ ਪ੍ਰਸਤਾਵ ਮੁਤਾਬਿਕ, 17 ਵਿੱਚੋਂ 12 ਮੈਂਬਰ ਸਿੱਧੇ ਮਹਾਰਾਸ਼ਟਰ ਸਰਕਾਰ ਵੱਲੋਂ ਨਾਮਜ਼ਦ ਕੀਤੇ ਜਾਣਗੇ ਅਤੇ ਬੋਰਡ ਦਾ ਪ੍ਰਧਾਨ ਵੀ ਸਰਕਾਰ ਹੀ ਤੈਅ ਕਰੇਗੀ। ਸ਼੍ਰੋਮਣੀ ਕਮੇਟੀ ਦੀ ਨੁਮਾਇੰਦਗੀ ਘਟਾ ਕੇ 2 ਕਰ ਦਿੱਤੀ ਗਈ ਹੈ ਅਤੇ ਬਾਕੀ ਸਿੱਖ ਸੰਸਥਾਵਾਂ ਨੂੰ ਬਾਹਰ ਕਰ ਦਿੱਤਾ ਗਿਆ ਹੈ। ਬੇਸ਼ੱਕ ਨਾਮਜ਼ਦ ਮੈਂਬਰ ਸਿੱਖ ਹੀ ਹੋਣਗੇ, ਪਰ ਜਦੋਂ 17 ਵਿੱਚੋਂ 12 ਮੈਂਬਰ ਸਰਕਾਰ ਦੀ ਮਰਜ਼ੀ ਦੇ ਹੋਣਗੇ, ਤਾਂ ਗੁਰਦੁਆਰਾ ਪ੍ਰਬੰਧ 'ਤੇ ਸਿੱਖ ਸੰਗਤ ਦਾ ਕੰਟਰੋਲ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗਾ ਅਤੇ ਸਰਕਾਰੀ ਕੰਟਰੋਲ ਹਾਵੀ ਹੋ ਜਾਵੇਗਾ। ਸ੍ਰੀ ਹਜ਼ੂਰ ਸਾਹਿਬ ਸਿੱਖਾਂ ਦਾ 5ਵਾਂ ਪਵਿੱਤਰ ਤਖ਼ਤ ਹੈ, ਇਸ ਦੇ ਪ੍ਰਬੰਧ ਨੂੰ ਸਰਕਾਰੀ ਰਹਿਮੋ-ਕਰਮ 'ਤੇ ਛੱਡਣਾ ਸਿੱਖਾਂ ਦੀ ਧਾਰਮਿਕ ਆਜ਼ਾਦੀ ਅਤੇ ਲੋਕਤੰਤਰਿਕ ਅਧਿਕਾਰਾਂ ਲਈ ਸਿੱਧਾ ਖ਼ਤਰਾ ਹੈ।

ਇਸੇ ਕਾਰਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨੰਦੇੜ ਦੇ ਪ੍ਰਬੰਧਨ ਵਿੱਚ ਮਹਾਰਾਸ਼ਟਰ ਸਰਕਾਰ ਵੱਲੋਂ ਕੀਤੇ ਜਾ ਰਹੇ ਫ਼ੇਰਬਦਲ ਖ਼ਿਲਾਫ਼ ਪੰਜਾਬ ਦੀ ਸਿਆਸਤ ਪੂਰੀ ਤਰ੍ਹਾਂ ਭੜਕ ਉੱਠੀ ਹੈ। ਮੁੱਖ ਮੰਤਰੀ ਦੇਵੇਂਦਰ ਫ਼ੜਨਵੀਸ ਦੀ ਅਗਵਾਈ ਵਾਲੀ ਕੈਬਨਿਟ ਵੱਲੋਂ 70 ਸਾਲ ਪੁਰਾਣੇ 'ਨੰਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲਨਗਰ ਸਾਹਿਬ ਐਕਟ 1956' ਨੂੰ ਰੱਦ ਕਰਨ ਦੀ ਤਜਵੀਜ਼ ਨੂੰ ਹਰੀ ਝੰਡੀ ਦਿੱਤੇ ਜਾਣ ਤੋਂ ਬਾਅਦ, ਪੰਜਾਬ ਦੀਆਂ ਸਿਆਸੀ ਧਿਰਾਂ ਨੇ ਇਸ ਨੂੰ ਸਿੱਖ ਸੰਸਥਾਵਾਂ 'ਤੇ ਸਰਕਾਰੀ ਕਬਜ਼ੇ ਦੀ ਕੋਝੀ ਸਾਜ਼ਿਸ਼ ਕਰਾਰ ਦਿੱਤਾ ਹੈ। ਮਹਾਰਾਸ਼ਟਰ ਸਰਕਾਰ ਹੁਣ ਪੁਰਾਣੇ ਕਾਨੂੰਨ ਦੀ ਥਾਂ 'ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਗੁਰਦੁਆਰਾ ਐਕਟ' ਸਿਰਲੇਖ ਵਾਲਾ ਨਵਾਂ ਕਾਨੂੰਨ ਲਿਆ ਰਹੀ ਹੈ, ਜਿਸ ਦੇ ਖਰੜੇ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ।ਇਸ ਕਦਮ ਖ਼ਿਲਾਫ਼ 'ਆਪ' ਅਤੇ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਮੋਰਚਾ ਖੋਲ੍ਹ ਦਿੱਤਾ ਹੈ।

ਆਮ ਆਦਮੀ ਪਾਰਟੀ ਦੇ ਨਵ-ਨਿਯੁਕਤ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਇਸ ਫ਼ੈਸਲੇ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਮਹਾਰਾਸ਼ਟਰ ਸਰਕਾਰ 70 ਸਾਲ ਪੁਰਾਣੇ 'ਨੰਦੇੜ ਐਕਟ' ਨੂੰ ਖ਼ਤਮ ਕਰਕੇ ਬੋਰਡ ਵਿੱਚ ਆਪਣੇ ਹੱਥ-ਠੋਕੇ 12 ਮੈਂਬਰ ਨਾਮਜ਼ਦ ਕਰਨਾ ਚਾਹੁੰਦੀ ਹੈ। ਸਿੱਖ ਪੰਥ ਅਜਿਹੀ ਕਿਸੇ ਵੀ ਸਾਜ਼ਿਸ਼ ਨੂੰ ਬਰਦਾਸ਼ਤ ਨਹੀਂ ਕਰੇਗਾ। ਸੰਸਦ ਮੈਂਬਰ ਕੰਗ ਨੇ ਮੰਗ ਕੀਤੀ ਕਿ ਮਹਾਰਾਸ਼ਟਰ ਸਰਕਾਰ ਇਸ ਭੜਕਾਊ ਅਤੇ ਗ਼ੈਰ-ਜ਼ਰੂਰੀ ਦਖ਼ਲਅੰਦਾਜ਼ੀ ਵਾਲੇ ਫ਼ੈਸਲੇ ਨੂੰ ਤੁਰੰਤ ਵਾਪਸ ਲਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਪਵਿੱਤਰ ਤਖ਼ਤਾਂ ਨੂੰ ਸਰਕਾਰੀ ਜਾਇਦਾਦ ਬਣਾਉਣ ਦੀ ਇਜਾਜ਼ਤ ਬਿਲਕੁਲ ਨਹੀਂ ਦਿੱਤੀ ਜਾਵੇਗੀ ਅਤੇ ਇਨ੍ਹਾਂ ਦੀ ਆਜ਼ਾਦੀ ਨੂੰ ਖੋਹਣ ਦੇ ਹਰ ਯਤਨ ਦਾ ਡਟ ਕੇ ਮੁਕਾਬਲਾ ਕੀਤਾ ਜਾਵੇਗਾ।

ਦੂਜੇ ਪਾਸੇ, ਗੁਰਦਾਸਪੁਰ ਤੋਂ ਕਾਂਗਰਸ ਦੇ ਸੰਸਦ ਮੈਂਬਰ ਅਤੇ ਸਾਬਕਾ ਉਪ-ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਨਾਜ਼ੁਕ ਮਾਮਲੇ ਵਿੱਚ ਫ਼ੌਰੀ ਦਖ਼ਲ ਦੇਣ ਅਤੇ ਇਸ ਤਜਵੀਜ਼ ਨੂੰ ਵਾਪਸ ਕਰਵਾਉਣ। ਉਨ੍ਹਾਂ ਕਿਹਾ ਕਿ ਨਵੇਂ ਫ਼ੈਸਲੇ ਨਾਲ ਗੁਰਦੁਆਰਾ ਬੋਰਡ 'ਤੇ ਸਰਕਾਰ ਦਾ ਸਿੱਧਾ ਕੰਟਰੋਲ ਬਹੁਤ ਵਧ ਜਾਵੇਗਾ, ਜੋ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਸਿੱਧੀ ਅਤੇ ਅਸਹਿ ਦਖ਼ਲਅੰਦਾਜ਼ੀ ਹੈ।

ਪੰਥਕ ਜਥੇਬੰਦੀਆਂ ਵੱਲੋਂ ਇਸ ਦਾ ਤਿੱਖਾ ਵਿਰੋਧ ਕੀਤਾ ਜਾ ਰਿਹਾ ਹੈ। ਇੱਥੋਂ ਤੱਕ ਕਿ ਸ੍ਰੀ ਹਜ਼ੂਰ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਵੀ ਇਸ ਦੇ ਖ਼ਿਲਾਫ਼ ਗੁਰਮਤਾ ਪਾਸ ਕੀਤਾ ਗਿਆ ਹੈ। ਤਖ਼ਤ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਦੀ ਹਾਜ਼ਰੀ ਵਿੱਚ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਵੱਲੋਂ ਰਸਮੀ ਤੌਰ 'ਤੇ ਇਹ 'ਗੁਰਮਤਾ' ਸੰਗਤ ਦੇ ਸਨਮੁਖ ਪੜ੍ਹ ਕੇ ਸੁਣਾਇਆ ਗਿਆ। ਗੁਰਮਤੇ ਵਿੱਚ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਗਿਆ ਹੈ ਕਿ ਹਜ਼ੂਰ ਸਾਹਿਬ ਦਾ ਮੌਜੂਦਾ ਪ੍ਰਬੰਧਕੀ ਢਾਂਚਾ ਸਿੱਖ ਵਿਦਵਾਨਾਂ ਦੁਆਰਾ ਤੈਅ ਕੀਤੇ ਗਏ ਪਾਵਨ ਸਿਧਾਂਤਾਂ ਅਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੋਚ 'ਤੇ ਅਧਾਰਿਤ ਹੈ। ਪ੍ਰਬੰਧਕਾਂ ਨੇ ਤਰਕ ਦਿੱਤਾ ਹੈ ਕਿ ਸਰਕਾਰ ਵੱਲੋਂ ਪ੍ਰਸਤਾਵਿਤ ਨਵੇਂ ਕਾਨੂੰਨ ਨਾਲ ਇਨ੍ਹਾਂ ਇਤਿਹਾਸਕ ਨੀਹਾਂ ਅਤੇ ਮਰਿਆਦਾਵਾਂ ਦੇ ਕਮਜ਼ੋਰ ਹੋਣ ਦਾ ਵੱਡਾ ਖ਼ਤਰਾ ਹੈ। ਇਹ 5ਵੇਂ ਤਖ਼ਤ ਦੇ ਅੰਦਰੂਨੀ ਮਾਮਲਿਆਂ ਵਿੱਚ ਸਿੱਧੀ ਅਤੇ ਅਸਹਿ ਦਖਲਅੰਦਾਜ਼ੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਪ੍ਰਮੁੱਖ ਪੰਥਕ ਧਿਰਾਂ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫ਼ੜਨਵੀਸ ਨੂੰ ਇਸ ਪੇਸ਼ਕਦਮੀ ਨੂੰ ਫ਼ੌਰੀ ਰੋਕਣ ਦੀ ਅਪੀਲ ਕੀਤੀ ਹੈ। ਪੰਥਕ ਜਥੇਬੰਦੀਆਂ ਨੇ ਇਸ ਕਦਮ ਨੂੰ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਦੀ ਧਾਰਮਿਕ ਖ਼ੁਦਮੁਖ਼ਤਾਰੀ ਵਿੱਚ 'ਸਰਕਾਰੀ ਦਖ਼ਲ' ਅਤੇ ਸਿੱਧੀ ਘੁਸਪੈਠ ਕਰਾਰ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਵੀ ਇਹੀ ਰਾਇ ਹੈ ਕਿ ਸਿੱਖਾਂ ਦੇ ਧਾਰਮਿਕ ਅਸਥਾਨਾਂ ਦੇ ਪ੍ਰਬੰਧ ਵਿੱਚ ਕਿਸੇ ਵੀ ਸਰਕਾਰ ਦਾ ਸਿੱਧਾ ਜਾਂ ਅਸਿੱਧਾ ਦਖ਼ਲ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਅਤੇ ਕੌਮ ਨੂੰ ਇਕਜੁੱਟ ਹੋ ਕੇ ਇਸ ਧੱਕੇਸ਼ਾਹੀ ਖ਼ਿਲਾਫ਼ ਖੜ੍ਹਨਾ ਚਾਹੀਦਾ ਹੈ।

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ (ਪੰਜਵਾਂ ਤਖ਼ਤ) ਦੇ 14ਵੇਂ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਮਹਾਰਾਸ਼ਟਰ ਸਰਕਾਰ ਨੂੰ ਇਹ ਸੋਧ ਪ੍ਰਕਿਰਿਆ ਤੁਰੰਤ ਬੰਦ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਚਿੰਤਾ ਪ੍ਰਗਟਾਉਂਦਿਆਂ ਕਿਹਾ:

ਤਖ਼ਤ ਹਜ਼ੂਰ ਸਾਹਿਬ ਦੇ ਪੰਜ ਪਿਆਰਿਆਂ, ਗਿਆਨੀ ਕੁਲਵੰਤ ਸਿੰਘ ਅਤੇ ਸਮੂਹ ਸਿੱਖ ਸੰਗਤ ਵੱਲੋਂ 1956 ਦੇ ਐਕਟ ਨੂੰ ਬਦਲਣ ਦੇ ਯਤਨਾਂ ਦਾ ਜੋ ਵਿਰੋਧ ਕੀਤਾ ਜਾ ਰਿਹਾ ਹੈ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਉਸ ਵਿੱਚ ਪ੍ਰਬੰਧਕਾਂ ਅਤੇ ਸੰਗਤ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ। ਸਰਕਾਰ ਨੂੰ ਇਹ ਵਿਚਾਰ ਤਿਆਗ ਦੇਣਾ ਚਾਹੀਦਾ ਹੈ ਅਤੇ ਤਖ਼ਤ ਸਾਹਿਬ ਦੀ ਮਰਯਾਦਾ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ1956 ਦੇ ਐਕਟ ਵਿੱਚ ਸੁਧਾਰ ਦੀ ਲੋੜ ਜ਼ਰੂਰ ਸੀ, ਪਰ ਮੌਜੂਦਾ ਸਰਕਾਰ ਸੁਧਾਰਾਂ ਦੇ ਨਾਂਅ 'ਤੇ ਪ੍ਰਬੰਧ ਨੂੰ ਉਲਟ ਦਿਸ਼ਾ ਵੱਲ ਲੈ ਕੇ ਜਾ ਰਹੀ ਹੈ, ਜਿੱਥੇ ਸਿੱਖ ਸੰਗਤ ਨੂੰ ਪ੍ਰਬੰਧ ਤੋਂ ਦੂਰ ਕਰਕੇ ਸਰਕਾਰੀ ਅਫ਼ਸਰਸ਼ਾਹੀ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

ਇਸ ਰੋਜ਼-ਰੋਜ਼ ਦੇ ਸਰਕਾਰੀ ਕੁਹਾੜੇ ਅਤੇ ਵੱਖ-ਵੱਖ ਰਾਜਾਂ ਵਿੱਚ ਉੱਠਦੇ ਮਸਲਿਆਂ ਦਾ ਇੱਕੋ-ਇੱਕ ਸਥਾਈ ਹੱਲ 'ਸਰਬ ਹਿੰਦ ਗੁਰਦੁਆਰਾ ਐਕਟ' ਹੀ ਹੋ ਸਕਦਾ ਹੈ। ਇਹ ਐਕਟ ਦੇਸ਼ ਭਰ ਵਿੱਚ ਗੁਰਦੁਆਰਿਆਂ ਨੂੰ ਸਰਕਾਰੀ ਦਖ਼ਲ ਤੋਂ ਬਚਾਉਣ ਅਤੇ 'ਸਿੱਖ ਇੱਕ ਵੱਖਰੀ ਕੌਮ ਹੈ' ਦੇ ਸਿਧਾਂਤ ਨੂੰ ਸੁਰੱਖਿਅਤ ਰੱਖਣ ਦਾ ਸਭ ਤੋਂ ਉੱਤਮ ਰਸਤਾ ਹੈ।

ਹਾਲਾਂਕਿ, ਇਹ ਵੀ ਸੱਚ ਹੈ ਕਿ 1999 ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਜੋ ਖਰੜਾ ਕੇਂਦਰ ਸਰਕਾਰ ਨੂੰ ਭੇਜਿਆ ਗਿਆ ਸੀ, ਅੱਜ ਦੇ ਹਾਲਾਤ ਵਿੱਚ ਹੂ-ਬ-ਹੂ ਉਹ ਲਾਗੂ ਨਹੀਂ ਹੋ ਸਕਦਾ। ਅੱਜ ਹਰ ਰਾਜ ਵਿੱਚ ਰਹਿੰਦੇ ਸਿੱਖਾਂ ਦੀਆਂ ਆਪਣੀਆਂ ਸਥਾਨਕ ਸਮੱਸਿਆਵਾਂ ਅਤੇ ਰਾਜਨੀਤਕ ਮਜਬੂਰੀਆਂ ਹਨ। (ਬਾਕੀ ਸਫ਼ਾ 27 'ਤੇ)

## ਕਰਨਪ੍ਰਯਾਗ ਹਿੰਸਕ ਝੜਪ ਮਾਮਲਾ ਹੋਇਆ ਹੱਲ

# ਅਦਾਲਤ ਵੱਲੋਂ ਨਿਹੰਗ ਸਿੰਘਾਂ ਦੀ ਰਿਹਾਈ ਦੇ ਹੁਕਮ, 50-50 ਹਜ਼ਾਰ ਦੇ ਮੁਚੱਲਕੇ 'ਤੇ ਮਿਲੀ ਜ਼ਮਾਨਤ

## ਨਿਹੰਗ ਸਿੰਘ ਆਗੂਆਂ ਦੀ ਸੂਝ-ਬੂਝ ਨਾਲ ਫਤਹਿ ਹੋਇਆ ਕਾਨੂੰਨੀ ਮੋਰਚਾ; ਹੁਣ ਸਥਿਤੀ ਪੂਰੀ ਤਰ੍ਹਾਂ ਸ਼ਾਂਤ





ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਦੀ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਵੱਲੋਂ ਕਰਨਪ੍ਰਯਾਗ ਹਿੰਸਕ ਝੜਪ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਚਾਰ ਨਿਹੰਗ ਸਿੰਘਾਂ ਨੂੰ ਜ਼ਮਾਨਤ ਦੇ ਦਿੱਤੀ ਗਈ ਹੈ। ਅਦਾਲਤ ਦੇ ਇਸ ਫੈਸਲੇ ਅਤੇ ਸਿੱਖ ਪ੍ਰਤੀਨਿਧ ਮੰਡਲ ਦੀ ਸੂਝ-ਬੂਝ ਸਦਕਾ ਪਿਛਲੇ ਕੁਝ ਦਿਨਾਂ ਤੋਂ ਖੇਤਰ ਵਿੱਚ ਬਣਿਆ ਤਣਾਅਪੂਰਨ ਮਾਹੌਲ ਹੁਣ ਪੂਰੀ ਤਰ੍ਹਾਂ ਸ਼ਾਂਤ ਹੋ ਗਿਆ ਹੈ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਇਹ ਘਟਨਾ ਕਿਸੇ ਭਾਈਚਾਰਕ ਨਫ਼ਰਤ ਦਾ ਹਿੱਸਾ ਨਹੀਂ, ਸਗੋਂ ਸੜਕ 'ਤੇ ਅਚਾਨਕ ਹੋਏ ਵਿਵਾਦ ਦਾ ਨਤੀਜਾ ਸੀ।

ਕੀ ਸੀ ਪੂਰਾ ਮਾਮਲਾ ?

ਇਹ ਵਿਵਾਦ 16 ਜੂਨ ਨੂੰ ਉੱਤਰਾਖੰਡ ਦੇ ਕਰਨਪ੍ਰਯਾਗ ਵਿੱਚ ਉਸ ਵੇਲੇ ਸ਼ੁਰੂ ਹੋਇਆ ਜਦੋਂ ਧਾਰਮਿਕ ਯਾਤਰਾ 'ਤੇ ਗਏ ਨਿਹੰਗ ਸਿੰਘਾਂ ਅਤੇ ਸਥਾਨਕ ਲੋਕਾਂ ਵਿਚਾਲੇ ਸੜਕ 'ਤੇ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋ ਗਈ। ਇਹ ਮਾਮਲਾ ਇੰਨਾ ਵਧ ਗਿਆ ਕਿ ਇਸ ਨੇ ਹਿੰਸਕ ਰੂਪ ਧਾਰ ਲਿਆ। ਇਸ ਝੜਪ ਵਿੱਚ ਦੋਵਾਂ ਪਾਸਿਆਂ ਦੇ ਲੋਕ ਜ਼ਖ਼ਮੀ ਹੋਏ, ਜਿਨ੍ਹਾਂ ਵਿੱਚ ਇੱਕ ਨਿਹੰਗ ਸਿੰਘ ਮਨਪ੍ਰੀਤ ਸਿੰਘ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਘਟਨਾ ਤੋਂ ਬਾਅਦ ਸਥਾਨਕ ਪੁਲਿਸ ਨੇ ਕਾਰਵਾਈ ਕਰਦਿਆਂ ਚਾਰ ਨਿਹੰਗ ਸਿੰਘਾਂ—ਸਤਵਿੰਦਰ ਸਿੰਘ, ਅਜੈ ਸਿੰਘ, ਜਸਨਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ—ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਅਤੇ ਅਸਲਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਪੰਜਾਬ ਵਿਚੋਂ ਹੇਮਕੁੰਟ ਸਾਹਿਬ ਵੱਲ ਭਾਰੀ ਨਿਹੰਗ ਸਿੰਘ ਪੁੱਜਣ ਕਾਰਣ, ਪੰਥਕ ਜਥੇਬੰਦੀਆਂ ਦੇ ਦਬਾਅ ਕਾਰਣ ਦੂਜੀ ਧਿਰ ਉੱਪਰ ਵੀ ਕੇਸ ਦਰਜ ਹੋਇਆ। ਪੁਲਿਸ ਨੇ ਦੋਵਾਂ ਧਿਰਾਂ ਦੀਆਂ ਸ਼ਿਕਾਇਤਾਂ ਦੇ ਆਧਾਰ 'ਤੇ ਕ੍ਰਾਸ-ਐੱਫ.ਆਈ.ਆਰ. ਦਰਜ ਕੀਤੀ ਸੀ। ਨਿਹੰਗ ਸਿੰਘਾਂ ਵੱਲੋਂ ਮਨਪ੍ਰੀਤ ਸਿੰਘ ਨੂੰ ਲੱਗੀਆਂ ਗੰਭੀਰ ਸੱਟਾਂ ਅਤੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਦੇ ਲਗਾਏ ਗਏ ਦੋਸ਼ਾਂ ਦੇ ਆਧਾਰ 'ਤੇ ਕਰਨਪ੍ਰਯਾਗ ਥਾਣੇ ਵਿੱਚ ਸਥਾਨਕ ਹਮਲਾਵਰਾਂ ਖ਼ਿਲਾਫ਼ ਵੀ ਭਾਰਤੀ ਨਿਆਂ ਸੰਹਿਤਾ ਦੀਆਂ ਵੱਖ-ਵੱਖ ਧਾਰਾਵਾਂ—ਜਿਵੇਂ ਕਿ ਦੰਗਾ ਫਸਾਦ ਕਰਨਾ, ਗੰਭੀਰ ਸੱਟਾਂ ਪਹੁੰਚਾਉਣੀਆਂ ਅਤੇ ਸਾਂਝੀ ਨਫ਼ਰਤ ਫੈਲਾਉਣ ਦੇ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਸੀ।

ਇਸ ਮਾਮਲੇ ਵਿੱਚ ਸ਼ੁਰੂਆਤੀ ਕਾਰਵਾਈ ਦੌਰਾਨ ਪੁਲਿਸ ਨੇ ਸਥਾਨਕ ਧਿਰ ਦੇ 4 ਤੋਂ 5 ਮੁੱਖ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ।

ਜ਼ਿਲ੍ਹਾ ਅਤੇ ਸੈਸ਼ਨ ਜੱਜ ਬਿੰਧਿਆਚਲ ਸਿੰਘ ਦੀ ਅਦਾਲਤ ਵਿੱਚ ਹੋਈ ਸੁਣਵਾਈ ਦੌਰਾਨ ਬਚਾਅ ਪੱਖ ਦੇ ਵਕੀਲ ਨੇ ਦਲੀਲ ਦਿੱਤੀ ਕਿ ਨਿਹੰਗ ਸਿੰਘਾਂ ਨੂੰ ਝੂਠੇ ਕੇਸ ਵਿੱਚ ਫਸਾਇਆ ਗਿਆ ਹੈ, ਜਦਕਿ ਹਮਲਾ ਸਥਾਨਕ ਲੋਕਾਂ ਵੱਲੋਂ ਕੀਤਾ ਗਿਆ ਸੀ। ਦੂਜੇ ਪਾਸੇ, ਸਰਕਾਰੀ ਵਕੀਲ ਨੇ ਜ਼ਮਾਨਤ ਦਾ ਵਿਰੋਧ ਕਰਦਿਆਂ ਕਿਹਾ ਕਿ ਦੋਸ਼ ਗੰਭੀਰ ਹਨ ਅਤੇ ਮੁਲਜ਼ਮਾਂ ਦੀ ਰਿਹਾਈ ਨਾਲ ਜਾਂਚ ਪ੍ਰਭਾਵਿਤ ਹੋ ਸਕਦੀ ਹੈ।

ਦੋਵਾਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਅਹਿਮ ਟਿੱਪਣੀ ਕਰਦਿਆਂ ਕਿਹਾ ਕਿ ਪਹਿਲੀ ਨਜ਼ਰ ਵਿੱਚ ਇਹ ਘਟਨਾ ਕਿਸੇ ਪੁਰਾਣੀ ਦੁਸ਼ਮਣੀ ਜਾਂ ਯੋਜਨਾਬੱਧ ਨਫ਼ਰਤ ਦਾ ਨਤੀਜਾ ਨਹੀਂ ਲੱਗਦੀ, ਬਲਕਿ ਸੜਕ 'ਤੇ ਅਚਾਨਕ ਹੋਏ ਵਿਵਾਦ ਦਾ ਸਿੱਟਾ ਹੈ।

ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਲਗਾਈਆਂ ਗਈਆਂ ਧਾਰਾਵਾਂ ਵਿੱਚ ਵੱਧ ਤੋਂ ਵੱਧ 7 ਸਾਲ ਦੀ ਸਜ਼ਾ ਦਾ ਪ੍ਰਬੰਧ ਹੈ। ਇਸ ਦੇ ਆਧਾਰ 'ਤੇ ਅਦਾਲਤ ਨੇ ਚਾਰਾਂ ਨਿਹੰਗ ਸਿੰਘਾਂ ਨੂੰ 50-50 ਹਜ਼ਾਰ ਰੁਪਏ ਦੇ ਨਿੱਜੀ ਮੁਚੱਲਕੇ ਅਤੇ ਦੋ ਜ਼ਮਾਨਤਾਂ 'ਤੇ ਰਿਹਾਅ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਹਾਲਾਂਕਿ, ਇਸ ਤੋਂ ਪਹਿਲਾਂ ਦੋਵਾਂ ਧਿਰਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੈਦਾ ਹੋਏ ਭਾਰੀ ਜਨਤਕ ਰੋਸ (ਇੱਕ ਪਾਸੇ ਸਿੱਖ ਜਥੇਬੰਦੀਆਂ ਦੇ ਧਰਨੇ ਅਤੇ ਦੂਜੇ ਪਾਸੇ ਸਥਾਨਕ ਵਪਾਰ ਮੰਡਲ ਵੱਲੋਂ ਬਾਜ਼ਾਰ ਬੰਦ ਕਰਨ ਦੇ ਸੱਦੇ) ਨੂੰ ਵੇਖਦਿਆਂ ਪ੍ਰਸ਼ਾਸਨ ਨੇ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਦੋਵਾਂ ਧਿਰਾਂ ਦੇ ਜ਼ਿੰਮੇਵਾਰ ਆਗੂਆਂ ਨਾਲ ਗੱਲਬਾਤ ਸ਼ੁਰੂ ਕੀਤੀ ਸੀ। ਇਸ ਰਾਜ਼ੀਨਾਮੇ ਦੇ ਤਹਿਤ ਦੋਵਾਂ ਧਿਰਾਂ ਨੇ ਇੱਕ-ਦੂਜੇ ਖ਼ਿਲਾਫ਼ ਦਰਜ ਕਰਵਾਏ ਕੇਸਾਂ ਨੂੰ ਅਦਾਲਤ ਰਾਹੀਂ ਆਪਸੀ ਸਹਿਮਤੀ ਨਾਲ ਖ਼ਤਮ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਅਦਾਲਤ ਵੱਲੋਂ ਚਾਰ ਨਿਹੰਗ ਸਿੰਘਾਂ ਨੂੰ ਮਿਲੀ ਜ਼ਮਾਨਤ ਇਸੇ ਸ਼ਾਂਤੀ ਪ੍ਰਕਿਰਿਆ ਅਤੇ ਸਮਝੌਤੇ ਦਾ ਪਹਿਲਾ ਵੱਡਾ ਕਦਮ ਹੈ। ਕਾਨੂੰਨੀ ਰਿਕਾਰਡ ਵਿੱਚ ਕ੍ਰਾਸ-ਕੇਸ ਦਰਜ ਹੋਣ ਅਤੇ ਦੋਵਾਂ ਪਾਸਿਓਂ ਗ੍ਰਿਫ਼ਤਾਰੀਆਂ ਹੋਣ ਤੋਂ ਬਾਅਦ, ਹੁਣ ਇਹ ਮਾਮਲਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਅਤੇ ਸਮਝਦਾਰੀ ਨਾਲ ਅਦਾਲਤੀ ਤੌਰ 'ਤੇ ਰਫ਼ਾ-ਦਫ਼ਾ ਹੋਣ ਦੇ ਆਖਰੀ ਪੜਾਅ ਵਿੱਚ ਹੈ।

ਮੋਰਚਾ ਕਿਵੇਂ ਫਤਹਿ ਹੋਇਆ ਅਤੇ ਕਿਸਨੇ ਨਿਭਾਈ ਭੂਮਿਕਾ ?

ਨਿਹੰਗ ਸਿੰਘਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਸੀ, ਜਿਸ ਕਾਰਨ ਰੁਦਰਪ੍ਰਯਾਗ ਜ਼ਿਲ੍ਹੇ ਦੇ ਨਗਰਾਸੂ ਗੁਰਦੁਆਰੇ ਵਿੱਚ ਤਿੰਨ ਦਿਨਾਂ ਤੱਕ ਧਰਨਾ ਪ੍ਰਦਰਸ਼ਨ ਚੱਲਿਆ। ਇਸ ਨਾਜ਼ੁਕ ਸਥਿਤੀ ਨੂੰ ਸੰਭਾਲਣ ਵਿੱਚ ਸਿੱਖ ਪ੍ਰਤੀਨਿਧ ਮੰਡਲ ਨੇ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਪ੍ਰਸ਼ਾਸਨ ਨਾਲ ਗੱਲਬਾਤ ਕਰਕੇ 23 ਜੂਨ ਨੂੰ ਇਹ ਧਰਨਾ ਸਮਾਪਤ ਕਰਵਾਇਆ।

ਇਸ ਦੌਰਾਨ, 25 ਜੂਨ ਦੀ ਰਾਤ ਨੂੰ ਹਿਮਾਚਲ ਪ੍ਰਦੇਸ਼ ਵੱਲੋਂ ਨਿਹੰਗ ਸਿੰਘਾਂ ਦਾ ਇੱਕ ਹੋਰ ਜਥਾ ਉੱਤਰਾਖੰਡ ਦੀ ਕੁਲਹਾਲ ਬਾਰਡਰ ਰਾਹੀਂ ਦਾਖਲ ਹੋਣ ਲੱਗਾ, ਜੋ ਗ੍ਰਿਫ਼ਤਾਰ ਸਿੰਘਾਂ ਦੀ ਤੁਰੰਤ ਰਿਹਾਈ ਦੀ ਮੰਗ ਕਰ ਰਿਹਾ ਸੀ। ਇੱਥੇ ਸਥਾਨਕ ਪ੍ਰਸ਼ਾਸਨ ਅਤੇ ਪੁਲਿਸ ਅਧਿਕਾਰੀਆਂ ਨੇ ਬੇਹੱਦ ਸੰਜਮ ਅਤੇ ਸਮਝਦਾਰੀ ਤੋਂ ਕੰਮ ਲਿਆ। ਅਧਿਕਾਰੀਆਂ ਨੇ ਜਥੇ ਨੂੰ ਸਮਝਾਇਆ ਕਿ ਰਿਹਾਈ ਕੇਵਲ ਕਾਨੂੰਨੀ ਅਤੇ ਅਦਾਲਤੀ ਪ੍ਰਕਿਰਿਆ ਰਾਹੀਂ ਹੀ ਸੰਭਵ ਹੈ। ਪ੍ਰਸ਼ਾਸਨ ਦੇ ਭਰੋਸੇ ਤੋਂ ਬਾਅਦ ਜਥਾ ਸ਼ਾਂਤੀਪੂਰਵਕ ਪਾਉਂਟਾ ਸਾਹਿਬ ਵੱਲ ਵਾਪਸ ਪਰਤ ਗਿਆ। ਕਾਨੂੰਨੀ ਮਾਹਿਰਾਂ ਦੀ ਸਹੀ ਪੈਰਵੀ ਅਤੇ ਪ੍ਰਸ਼ਾਸਨਿਕ ਤਾਲਮੇਲ ਸਦਕਾ ਇਹ ਕਾਨੂੰਨੀ ਮੋਰਚਾ ਸਫ਼ਲਤਾਪੂਰਵਕ ਫਤਹਿ ਹੋਇਆ।

### ਕੀ ਪਹਾੜੀ ਲੋਕ ਸਿੱਖਾਂ ਨਾਲ ਨਫ਼ਰਤ ਕਰਦੇ ਹਨ ?

ਇਸ ਘਟਨਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਕੁਝ ਅਫਵਾਹਾਂ ਉੱਡੀਆਂ ਕਿ ਪਹਾੜੀ ਲੋਕ ਸਿੱਖਾਂ ਨਾਲ ਨਫ਼ਰਤ ਕਰਦੇ ਹਨ, ਪਰ ਤੱਥ ਇਸ ਦੇ ਬਿਲਕੁਲ ਉਲਟ ਹਨ। ਖ਼ੁਦ ਅਦਾਲਤ ਦੇ ਫੈਸਲੇ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਇਹ ਕੋਈ ਭਾਈਚਾਰਕ ਜਾਂ ਧਾਰਮਿਕ ਲੜਾਈ ਨਹੀਂ ਸੀ, ਸਗੋਂ ਸੜਕ 'ਤੇ ਵਾਪਰਿਆ ਇੱਕ ਆਮ ਹਾਦਸਾ ਸੀ ਜੋ ਗੁੱਸੇ ਕਾਰਨ ਵਧ ਗਿਆ। ਉੱਤਰਾਖੰਡ ਦੀ ਧਰਤੀ 'ਤੇ ਸਿੱਖ ਧਰਮ ਦੇ ਪਵਿੱਤਰ ਅਸਥਾਨ ਜਿਵੇਂ ਕਿ ਸ੍ਰੀ ਹੇਮਕੁੰਟ ਸਾਹਿਬ ਅਤੇ ਗੁਰਦੁਆਰਾ ਰੀਠਾ ਸਾਹਿਬ ਸਥਿਤ ਹਨ। ਸਦੀਆਂ ਤੋਂ ਸਥਾਨਕ ਪਹਾੜੀ ਲੋਕ ਅਤੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸਿੱਖ ਸ਼ਰਧਾਲੂ ਆਪਸੀ ਪਿਆਰ, ਸਤਿਕਾਰ ਅਤੇ ਭਾਈਚਾਰਕ ਸਾਂਝ ਨਾਲ ਰਹਿੰਦੇ ਆ ਰਹੇ ਹਨ। ਸਥਾਨਕ ਲੋਕ ਹਮੇਸ਼ਾ ਯਾਤਰੀਆਂ ਦੀ ਸੇਵਾ ਅਤੇ ਮਦਦ ਲਈ ਤਿਆਰ ਰਹਿੰਦੇ ਹਨ। ਇਸ ਲਈ, ਕਿਸੇ ਇੱਕ ਮੰਦਭਾਗੀ ਸੜਕੀ ਘਟਨਾ ਨੂੰ ਪੂਰੇ ਪਹਾੜੀ ਸਮਾਜ ਦੀ ਨਫ਼ਰਤ ਵਜੋਂ ਵੇਖਣਾ ਪੂਰੀ ਤਰ੍ਹਾਂ ਗਲਤ ਅਤੇ ਬੇਬੁਨਿਆਦ ਹੈ। ਸਚਾਈ ਦਾ ਇਕ ਪਹਿਲੂ ਇਹ ਵੀ ਹੈ ਕਿ ਪਹਾੜੀ ਰਸਤਿਆਂ 'ਤੇ ਸਥਾਨਕ ਹੋਟਲ, ਢਾਬੇ ਅਤੇ ਦੁਕਾਨਦਾਰ (ਗੜ੍ਹਵਾਲੀਏ) ਯਾਤਰੀਆਂ ਤੋਂ ਪਾਣੀ ਦੀ ਬੋਤਲ, ਕੋਲਡ ਡਰਿੰਕ (ਬਾਕੀ ਸਫ਼ਾ 26 'ਤੇ)

# ਖ਼ਾਲਸੇ ਦੀਆਂ ਲਾਡਲੀਆਂ ਫ਼ੌਜਾਂ: ਬਿਖੜੇ ਸਮਿਆਂ ਦੇ ਪਹਿਰੇਦਾਰ ਅਤੇ ਗੁਰੂ ਪੰਥ ਦੀ ਜਿਉਂਦੀ-ਜਾਗਦੀ ਮਿਸਾਲ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਪਿਛਲੇ ਦਿਨੀਂ ਉੱਤਰਾਖੰਡ ਦੇ ਨਾਗਰਾਸੂ ਗੁਰਦੁਆਰਾ ਸਾਹਿਬ ਵਿਖੇ ਵਾਪਰੀ ਘਟਨਾ ਤੋਂ ਬਾਅਦ ਜਿੱਥੇ ਸਥਾਨਕ ਪ੍ਰਸ਼ਾਸਨ ਅਤੇ ਸਿੱਖ ਜਥੇਬੰਦੀਆਂ ਦੀ ਸੂਝ-ਬੂਝ ਸਦਕਾ ਮਾਮਲਾ ਪਿਆਰ ਨਾਲ ਸੁਲਝ ਗਿਆ ਹੈ, ਉੱਥੇ ਹੀ ਕੁਝ ਫਿਰਕੂ ਹਿੰਦੂਤਵੀ ਹਲਕਿਆਂ ਵੱਲੋਂ ਸਿੱਖ ਕੌਮ ਦੇ ਸਭ ਤੋਂ ਨਿਵੇਕਲੇ ਅੰਗ — 'ਨਿਹੰਗ ਸਿੰਘਾਂ' ਦੇ ਸਰੂਪ, ਸ਼ਸਤਰਾਂ ਅਤੇ ਰੀਤਾਂ, ਸੰਵਿਧਾਨਕ ਹੱਕਾਂ 'ਤੇ ਮੁੜ ਸਵਾਲ ਖੜ੍ਹੇ ਕੀਤੇ ਜਾਣ ਲੱਗੇ ਹਨ। ਅਜਿਹੇ ਸਮੇਂ ਇਹ ਬੇਹੱਦ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਕਿਸੇ ਇੱਕ ਘਟਨਾ ਦੇ ਚਸ਼ਮੇ ਤੋਂ ਦੇਖਣ ਦੀ ਬਜਾਏ ਨਿਹੰਗ ਸਿੰਘਾਂ ਦੇ ਮਾਣਮੱਤੇ ਇਤਿਹਾਸ, ਉਨ੍ਹਾਂ ਦੀ ਸਖ਼ਤ ਰਹਿਤ-ਮਰਯਾਦਾ ਅਤੇ ਖ਼ਾਲਸਾ ਪੰਥ ਵਿੱਚ ਉਨ੍ਹਾਂ ਦੀ ਕੇਂਦਰੀ ਭੂਮਿਕਾ ਨੂੰ ਨਿਰਪੱਖਤਾ ਨਾਲ ਸਮਝੀਏ।

ਸਿੱਖ ਇਤਿਹਾਸ ਗਵਾਹ ਹੈ ਕਿ ਨਿਹੰਗ ਸਿੰਘ (ਜਿਨ੍ਹਾਂ ਨੂੰ ਅਕਾਲੀ ਵੀ ਕਿਹਾ ਜਾਂਦਾ ਹੈ)। ਇਹ ਕੋਈ ਡੇਰਾ, ਸਾਧ ਜਾਂ ਆਮ ਸੰਪਰਦਾ ਨਹੀਂ, ਸਗੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਤਿਆਰ ਕੀਤੀ ਗਈ ਉਹ 'ਲਾਡਲੀ ਫ਼ੌਜ' ਹੈ, ਜਿਸ ਦਾ ਮੁੱਖ ਮਕਸਦ ਧਰਮ ਦੀ ਰੱਖਿਆ, ਗੁਰਧਾਮਾਂ ਦੀ ਪਹਿਰੇਦਾਰੀ ਅਤੇ ਜ਼ੁਲਮ ਖਿਲਾਫ਼ ਹਮੇਸ਼ਾ ਤਿਆਰ-ਬਰ-ਤਿਆਰ ਰਹਿਣਾ ਰਿਹਾ ਹੈ। ਇਸ ਨਿਵੇਕਲੇ ਸਰੂਪ ਦੀ ਸ਼ੁਰੂਆਤ ਪਿੱਛੇ ਬੜਾ ਮਨਮੋਹਕ ਮੂੰਹ ਬੋਲਦਾ ਇਤਿਹਾਸ ਹੈ। ਇਤਿਹਾਸਕ ਗ੍ਰੰਥਾਂ (ਜਿਵੇਂ ਬਾਬਾ ਸੁਮੇਰ ਸਿੰਘ ਰਚਿਤ ਸ੍ਰੀ ਗੁਰ ਪਦ ਪ੍ਰੇਮ ਪ੍ਰਕਾਸ਼) ਮੁਤਾਬਕ, ਇੱਕ ਵਾਰ ਗੁਰੂ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਬਾਬਾ ਫ਼ਤਿਹ ਸਿੰਘ ਜੀ ਨੇ ਨੀਲੇ ਰੰਗ ਦਾ ਪੋਸ਼ਾਕਾ ਪਹਿਨ ਕੇ ਅਤੇ ਸਿਰ 'ਤੇ ਉੱਚਾ ਦੁਮਾਲਾ ਸਜਾ ਕੇ ਗੁਰੂ ਸਾਹਿਬ ਦੇ ਸਨਮੁਖ ਪੇਸ਼ ਹੋਏ। ਗੁਰੂ ਜੀ ਨੇ ਉਨ੍ਹਾਂ ਦੇ ਇਸ ਬੀਰ-ਰਸੀ ਸਰੂਪ ਨੂੰ ਬੇਹੱਦ ਪਸੰਦ ਕੀਤਾ ਅਤੇ ਬਚਨ ਕੀਤੇ ਕਿ ਇਸ ਰੂਪ ਵਾਲੇ ਯੋਧੇ 'ਨਿਹੰਗ ਸਿੰਘ' ਕਹਾਉਣਗੇ, ਜੋ ਧਰਮ ਦੇ ਰਾਖੇ ਹੋਣਗੇ। ਭਾਈ ਦਇਆ ਸਿੰਘ ਜੀ ਦੇ ਰਹਿਤਨਾਮੇ ਵਿੱਚ ਵੀ ਨਿਹੰਗਾਂ ਨੂੰ ਨੀਲੇ ਬਸਤਰਾਂ ਅਤੇ ਸ਼ਸਤਰਾਂ ਨਾਲ ਲੈਸ 'ਅਕਾਲੀ' (ਅਕਾਲ ਪੁਰਖ ਦੀ ਫ਼ੌਜ) ਕਿਹਾ ਗਿਆ ਹੈ।

ਅੱਜ ਬਹੁਤ ਸਾਰੇ ਲੋਕ ਨਿਹੰਗ ਸਿੰਘਾਂ ਦੇ ਹੱਥਾਂ ਵਿੱਚ ਸ਼ਸਤਰ ਦੇਖ ਕੇ ਭੈਅਭੀਤ ਹੁੰਦੇ ਹਨ ਜਾਂ ਉਨ੍ਹਾਂ ਦੀ ਆਲੋਚਨਾ ਕਰਦੇ ਹਨ, ਪਰ ਉਹ ਇਹ ਭੁੱਲ ਜਾਂਦੇ ਹਨ ਕਿ ਇਹ ਸ਼ਸਤਰ ਧਰਮ ਅਤੇ ਮਜ਼ਲੂਮ ਦੀ ਰੱਖਿਆ ਲਈ ਹਨ, ਨਾ ਕਿ ਕਿਸੇ ਨਿਹੱਥੇ 'ਤੇ ਵਾਰ ਕਰਨ ਲਈ। 18ਵੀਂ ਸਦੀ ਦੇ ਬਿਖੜੇ ਦਿਨਾਂ ਵਿੱਚ ਜਦੋਂ ਮੁਗਲ ਹਕੂਮਤ ਅਤੇ ਅਹਿਮਦ ਸ਼ਾਹ ਅਬਦਾਲੀ ਵਰਗੇ ਧਾੜਵੀ ਸਿੱਖਾਂ ਦੀ ਨਸਲਕੁਸ਼ੀ 'ਤੇ ਉਤਾਰੂ ਸਨ, ਉਦੋਂ ਇਨ੍ਹਾਂ ਅਕਾਲੀ ਨਿਹੰਗ ਸਿੰਘਾਂ ਨੇ ਹੀ ਜੰਗਲਾਂ ਵਿੱਚ ਭੁੱਖੇ-ਭਾਣੇ ਰਹਿ ਕੇ ਵੀ ਸ੍ਰੀ ਦਰਬਾਰ ਸਾਹਿਬ ਸਮੇਤ ਤਮਾਮ ਗੁਰਧਾਮਾਂ ਦੀ ਪਹਿਰੇਦਾਰੀ ਕੀਤੀ ਅਤੇ ਸਿੱਖੀ ਦੀ ਆਨ-ਬਾਨ-ਸ਼ਾਨ ਨੂੰ ਆਂਚ ਨਹੀਂ ਆਉਣ ਦਿੱਤੀ।

ਇਤਿਹਾਸਕਾਰ ਗਿਆਨੀ ਗਿਆਨ ਸਿੰਘ ਅਨੁਸਾਰ, ਨਿਹੰਗ ਸਿੰਘ 'ਜੰਗ, ਸ਼ਸਤਰ ਅਤੇ ਘੋੜਿਆਂ' ਦੇ ਪ੍ਰੇਮੀ ਜ਼ਰੂਰ ਹਨ, ਪਰ ਉਹ ਗੁਰੂ ਸਾਹਿਬ ਦੇ ਦੱਸੇ 10 ਗੁਣਾਂ — ਦਇਆ, ਦਾਨ, ਖਿਮਾ, ਸ਼ੁੱਧਤਾ, ਮਨ ਦੀ ਇਕਾਗਰਤਾ ਅਤੇ ਅਕਾਲ ਪੁਰਖ ਦੀ ਭਗਤੀ ਦੇ ਧਾਰਨੀ ਹੁੰਦੇ ਹਨ। ਉਨ੍ਹਾਂ ਦੀ ਰਹਿਤ ਨਿਰਦਈ ਹਿੰਸਾ, ਹੰਕਾਰ, ਆਲਸ ਅਤੇ ਅਪਵਿੱਤਰਤਾ ਵਰਗੇ ਔਗੁਣਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੰਦੀ ਹੈ। ਬਾਬਾ ਅਕਾਲੀ ਫੂਲਾ ਸਿੰਘ ਜੀ ਵਰਗੇ ਮਹਾਨ ਜਰਨੈਲ ਇਸੇ ਪਰੰਪਰਾ ਦੇ ਪ੍ਰਤੀਕ ਸਨ, ਜੋ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੇ ਸਭ ਤੋਂ ਵੱਡੇ ਥੰਮ੍ਹ ਹੋਣ ਦੇ ਨਾਲ-ਨਾਲ ਇੰਨੇ ਖ਼ੁਦਮੁਖਤਿਆਰ ਸਨ ਕਿ ਰਾਜੇ ਦੀ ਧਾਰਮਿਕ ਭੁੱਲ 'ਤੇ ਉਨ੍ਹਾਂ ਨੂੰ ਅਕਾਲ ਤਖ਼ਤ 'ਤੇ ਤਲਬ ਕਰਨ ਦੀ ਜੁਰਅੱਤ ਰੱਖਦੇ ਸਨ। ਖ਼ਾਲਸਾ ਰਾਜ ਦੀ ਰਖਿਆ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਸਹਿਯੋਗ ਵੀ ਦਿੰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਹਰ ਜੰਗ ਦੀ ਜਿੱਤ ਵਿੱਚ ਨਿਹੰਗ ਸਿੰਘਾਂ ਦੀ ਭੂਮਿਕਾ ਸੀ। 1823 ਦੀ ਨੌਸ਼ਹਿਰਾ ਦੀ ਜੰਗ ਵਿੱਚ ਅਕਾਲੀ ਫੂਲਾ ਸਿੰਘ ਜੀ ਦੀ ਸ਼ਹੀਦੀ ਨੇ ਸਿੱਖ ਸਾਮਰਾਜ ਦੀਆਂ ਨੀਹਾਂ ਮਜ਼ਬੂਤ ਕੀਤੀਆਂ ਅਤੇ ਨਿਹੰਗਾਂ ਦੇ ਰੁਤਬੇ ਨੂੰ ਅਮਰ ਕਰ ਦਿੱਤਾ।

ਨਿਹੰਗਾਂ ਦੀ ਇੱਕ ਹੋਰ ਦਿਲਚਸਪ ਅਤੇ ਨਿਵੇਕਲੀ ਵਿਸ਼ੇਸ਼ਤਾ ਉਨ੍ਹਾਂ ਦੀ 'ਗੜਗੱਜ ਬੋਲੀ' ਜਾਂ ਖ਼ਾਲਸਾਈ ਬੋਲੇ ਹਨ। ਜੰਗਲਾਂ ਅਤੇ ਮੁਸ਼ਕਿਲ ਹਾਲਾਤਾਂ ਵਿੱਚ ਰਹਿਣ ਦੇ ਬਾਵਜੂਦ ਆਪਣੇ ਹੌਸਲੇ ਬੁਲੰਦ ਰੱਖਣ ਲਈ ਉਨ੍ਹਾਂ ਨੇ ਅਜਿਹੇ ਸ਼ਬਦ ਘੜੇ ਜੋ ਅੱਜ ਵੀ ਚੜ੍ਹਦੀ ਕਲਾ ਦਾ ਪ੍ਰਤੀਕ ਹਨ — ਜਿਵੇਂ ਇੱਕ ਸਿੰਘ ਨੂੰ 'ਸਵਾ ਲੱਖ' ਕਹਿਣਾ, ਸੁੱਕੇ ਛੋਲਿਆਂ ਨੂੰ 'ਬਾਦਾਮ' ਆਖਣਾ, ਰੁਪਿਆਂ ਨੂੰ 'ਛਿੱਲੜ' ਅਤੇ ਟੁੱਟੀ ਹੋਈ ਛੱਪਰੀ ਨੂੰ 'ਸ਼ੀਸ਼ ਮਹਿਲ' ਕਹਿਣਾ। ਇਹ ਬੋਲੀ ਦਰਸਾਉਂਦੀ ਹੈ ਕਿ ਨਿਹੰਗ ਸਿੰਘ ਹਰ ਮੁਸੀਬਤ ਨੂੰ ਹੱਸ ਕੇ ਝੱਲਣ ਵਾਲੇ ਸੁਭਾਅ ਦੇ ਮਾਲਕ ਹਨ।

ਇਹ ਸੱਚ ਹੈ ਕਿ ਸਮੇਂ ਦੇ ਬਦਲਣ ਨਾਲ ਅਤੇ ਕੇਂਦਰੀ ਕਮਾਂਡ ਦੀ ਘਾਟ ਕਾਰਨ ਕੁਝ ਥਾਵਾਂ 'ਤੇ ਆਪਸੀ ਮਤਭੇਦ ਜਾਂ ਵਿਵਾਦ ਸਾਹਮਣੇ ਆਉਂਦੇ ਹਨ। ਅੱਜ ਨਿਹੰਗ ਸਿੰਘ ਕਿਸੇ ਇੱਕ ਕੇਂਦਰੀ ਕਮਾਂਡ ਦੇ ਅਧੀਨ ਨਹੀਂ ਹਨ, ਸਗੋਂ ਇਹ ਵੱਖ-ਵੱਖ ਦਲਾਂ (ਜਿਵੇਂ ਬੁੱਢਾ ਦਲ, ਤਰੁਣਾ ਦਲ) ਵਿੱਚ ਵੰਡੇ ਹੋਏ ਹਨ, ਜਿਨ੍ਹਾਂ ਦੇ ਆਪਣੇ ਜਥੇਦਾਰ ਹੁੰਦੇ ਹਨ। ਇਹ ਸਿੰਘ ਅੱਜ ਵੀ ਘੋੜਸਵਾਰੀ, ਗੱਤਕਾ (ਸਿੱਖ ਮਾਰਸ਼ਲ ਆਰਟ) ਅਤੇ ਪੁਰਾਤਨ ਖ਼ਾਲਸਾਈ ਰਹਿਣੀ-ਬਹਿਣੀ ਨੂੰ ਜਿਉਂਦਾ ਰੱਖ ਰਹੇ ਹਨ। ਅਨੰਦਪੁਰ ਸਾਹਿਬ ਵਿਖੇ ਹੋਲਾ-ਮਹੱਲਾ ਦੇ ਦਿਨ ਨਿਹੰਗ ਸਿੰਘਾਂ ਦੇ ਜੌਹਰ ਦੇਖਣਯੋਗ ਹੁੰਦੇ ਹਨ। ਪੁਰਾਤਨ ਸਮੇਂ ਜੰਗਾਂ ਦੌਰਾਨ ਸਰੀਰਕ ਪੀੜਾ ਘਟਾਉਣ ਲਈ ਵਰਤੀ ਜਾਂਦੀ 'ਸ਼ਹੀਦੀ ਦੇਗ' (ਸੁੱਖਾ) ਦੀ ਵਰਤੋਂ ਨੂੰ ਲੈ ਕੇ ਵੀ ਅਜੋਕੇ ਸਿੱਖ ਵਿਦਵਾਨਾਂ ਵਿੱਚ ਚਰਚਾ ਹੁੰਦੀ ਹੈ ਪਰ ਇਨ੍ਹਾਂ ਵਖਰੇਵਿਆਂ ਦੇ ਬਾਵਜੂਦ, ਨਿਹੰਗ ਸਿੰਘਾਂ ਵੱਲੋਂ ਦੁਮਾਲਾ, ਫ਼ਰਲਾ ਅਤੇ ਪੁਰਾਤਨ ਸਿੱਖ ਮਾਰਸ਼ਲ ਆਰਟ (ਗੱਤਕਾ) ਤੇ ਘੋੜਸਵਾਰੀ ਦੀ ਵਿਰਾਸਤ ਨੂੰ ਜਿਉਂਦਾ ਰੱਖਣਾ ਬੇਮਿਸਾਲ ਹੈ।

18ਵੀਂ ਸਦੀ ਵਿੱਚ ਜਦੋਂ ਸਿੱਖ ਜੰਗਲਾਂ ਵਿੱਚ ਰਹਿ ਕੇ ਮੁਗਲਾਂ ਅਤੇ ਅਫ਼ਗਾਨ ਧਾੜਵੀਆਂ ਨਾਲ ਗੁਰੀਲਾ ਯੁੱਧ (ਧਾੜਵੀ ਜੰਗਾਂ) ਲੜ ਰਹੇ ਸਨ, ਉਦੋਂ ਉਨ੍ਹਾਂ ਨੇ ਮੁਸ਼ਕਿਲ ਹਾਲਾਤ ਵਿੱਚ ਵੀ ਆਪਣੇ ਹੌਸਲਿਆਂ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਅਤੇ ਦੁਸ਼ਮਣ ਨੂੰ ਭੁਲੇਖਾ ਪਾਉਣ ਲਈ ਇਸ ਗੁਪਤ (ਕੋਡਡ) ਭਾਸ਼ਾ ਦੀ ਸਿਰਜਣਾ ਕੀਤੀ।

ਇਸ ਬੋਲੀ ਦੀ ਖ਼ਾਸੀਅਤ ਇਹ ਹੈ ਕਿ ਇਸ ਵਿੱਚ ਮਾੜੀ ਜਾਂ ਥੋੜ੍ਹੀ ਚੀਜ਼ ਨੂੰ ਬਹੁਤ ਵੱਡੀ ਅਤੇ ਸ਼ਾਹੀ ਕਰਕੇ ਦੱਸਿਆ ਜਾਂਦਾ ਹੈ।

ਜੇਕਰ ਇੱਕ ਸਿੰਘ ਕੋਲ ਪੈਸੇ ਖ਼ਤਮ ਹੋ ਗਏ ਹੋਣ ਅਤੇ ਉਹ ਟੁੱਟੀ ਝੁੱਗੀ ਵਿੱਚ ਰਹਿ ਰਿਹਾ ਹੋਵੇ, ਤਾਂ ਉਹ ਇਹ ਨਹੀਂ ਕਹੇਗਾ ਕਿ 'ਮੈਂ ਗਰੀਬ ਹਾਂ ਤੇ ਮੇਰੇ ਕੋਲ ਪੈਸੇ ਨਹੀਂ ਹਨ।' ਉਹ ਚੜ੍ਹਦੀ ਕਲਾ ਵਿੱਚ ਆਖੇਗਾ: 'ਫ਼ੌਜਾਂ ਅੱਜਕੱਲ੍ਹ 'ਸ਼ੀਸ਼ ਮਹਿਲ' ਵਿੱਚ ਬਿਰਾਜਮਾਨ ਹਨ ਅਤੇ ਖ਼ਜ਼ਾਨਾ 'ਮਸਤ' ਹੈ (ਯਾਨੀ ਛਿੱਲੜ ਖ਼ਤਮ ਹਨ)! (ਬਾਕੀ ਸਫ਼ਾ 26 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਸਰਕਾਰਾਂ ਦੇ ਦਾਅਵੇ ਬਨਾਮ ਹਕੀਕਤਾਂ

ਕੇਂਦਰ ਸਰਕਾਰ ਪਿਛਲੇ ਕਾਫ਼ੀ ਸਮੇਂ ਤੋਂ ਦਾਅਵਾ ਕਰ ਰਹੀ ਹੈ ਕਿ ਉਸ ਵੱਲੋਂ ਲੱਖਾਂ ਭਾਰਤੀ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਸਰਕਾਰ ਵੱਲੋਂ ਲੱਖਾਂ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਸਸਤੀਆਂ ਦਰਾਂ 'ਤੇ ਕਰਜ਼ੇ ਮੁਹੱਈਆ ਕਰਵਾਏ ਗਏ ਹਨ ਤਾਂ ਕਿ ਉਹ ਆਪਣੇ ਕੰਮ ਧੰਦੇ ਖੋਲ੍ਹ ਕੇ ਹੋਰਨਾਂ ਨੌਜਵਾਨਾਂ ਨੂੰ ਨੌਕਰੀਆਂ ਦੇਣ ਵਾਲੇ ਬਣਨ। ਇਸੇ ਤਰ੍ਹਾਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੀ ਕਾਫ਼ੀ ਸਮੇਂ ਤੋਂ ਦਾਅਵੇ ਕਰ ਰਹੀ ਹੈ ਕਿ ਉਸ ਵੱਲੋਂ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਮੁੱਖ ਮੰਤਰੀ ਮਾਨ ਤਾਂ ਜਨਤਕ ਤੌਰ 'ਤੇ ਅਕਸਰ ਇਹ ਦਾਅਵਾ ਵੀ ਕਰਦੇ ਹਨ ਕਿ ਹੁਣ ਤਾਂ ਵਿਦੇਸ਼ਾਂ ਤੋਂ ਵੀ ਵਾਪਸ ਆ ਕੇ ਪੰਜਾਬੀ ਨੌਜਵਾਨ ਪੰਜਾਬ ਵਿੱਚ ਨੌਕਰੀਆਂ ਕਰਨ ਲੱਗ ਪਏ ਹਨ। ਦੂਜੇ ਪਾਸੇ ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਲੱਖਾਂ ਨੌਜਵਾਨਾਂ ਦੀ ਵਿਹਲੀ ਫ਼ਿਰਦੀ ਫ਼ੌਜ ਕੇਂਦਰ ਅਤੇ ਪੰਜਾਬ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲ ਰਹੀ ਹੈ। ਇਸ ਤੋਂ ਇਲਾਵਾ ਹਰ ਦਿਨ ਭਾਰਤ ਤੋਂ ਜਹਾਜ਼ ਭਰ ਕੇ ਵਿਦੇਸ਼ਾਂ ਨੂੰ ਜਾ ਕੇ ਰਹੇ ਨੌਜਵਾਨ ਵੀ ਆਪਣੀ ਕਹਾਣੀ ਆਪ ਕਹਿ ਰਹੇ ਹਨ। ਇਹ ਸਰਕਾਰਾਂ ਦੀਆਂ ਨਾਕਾਮ ਨੀਤੀਆਂ ਦਾ ਹੀ ਸਿੱਟਾ ਹੈ ਕਿ ਨਿਰਾਸ਼ ਹੋ ਕੇ ਨੌਜਵਾਨਾਂ ਨੂੰ ਵਿਦੇਸ਼ੀ ਧਰਤੀ 'ਤੇ ਜਾ ਕੇ ਕੰਮ ਕਰਨਾ ਪੈਂਦਾ ਹੈ। ਇਸ ਤਰ੍ਹਾਂ ਸਰਕਾਰਾਂ ਦੇ ਦਾਅਵਿਆਂ ਅਤੇ ਅਸਲ ਹਕੀਕਤਾਂ ਵਿੱਚ ਵੱਡਾ ਅੰਤਰ ਹੈ।

ਪੰਜਾਬ, ਹਰਿਆਣਾ ਸਮੇਤ ਭਾਰਤ ਦੇ ਵੱਖ- ਵੱਖ ਰਾਜਾਂ ਦੇ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਰੁਝਾਨ ਦਿਨੋਂ ਦਿਨ ਵੱਧਦਾ ਜਾ ਰਿਹਾ ਹੈ। ਵੱਡੀ ਗਿਣਤੀ ਨੌਜਵਾਨ ਤਾਂ ਜਾਇਜ਼ ਤਰੀਕੇ ਨਾਲ ਵਿਦੇਸ਼ ਚਲੇ ਜਾਂਦੇ ਹਨ, ਜਿਹੜੇ ਨੌਜਵਾਨ ਜਾਇਜ਼ ਅਤੇ ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਨਹੀਂ ਜਾ ਸਕਦੇ ਉਹ ਨੌਜਵਾਨ ਫ਼ੇਰ 'ਡੰਕੀ' ਲਗਾ ਕੇ ਵਿਦੇਸ਼ ਜਾਣ ਦਾ ਯਤਨ ਕਰਦੇ ਹਨ। ਗ਼ੈਰ-ਕਾਨੂੰਨੀ ਤਰੀਕਿਆਂ ਨਾਲ ਕੀਤੇ ਜਾਣ ਵਾਲੇ ਪਰਵਾਸ ਨੂੰ ਡੰਕੀ ਰੂਟ ਜਾਂ ਡੰਕੀ ਲਗਾ ਕੇ ਵਿਦੇਸ਼ ਜਾਣਾ ਕਹਿੰਦੇ ਹਨ। ਡੰਕੀ ਰੂਟ ਰਾਹੀਂ ਵਿਦੇਸ਼ ਜਾਣ ਵਾਲੇ ਨੌਜਵਾਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਭਾਰਤ ਵਿੱਚ ਬੇਰੁਜ਼ਗਾਰੀ ਕਾਰਨ ਵਿਦੇਸ਼ ਜਾਣ ਲਈ ਮਜਬੂਰ ਹੋਣਾ ਪਿਆ ਅਤੇ ਇਸ ਦੌਰਾਨ ਉਨ੍ਹਾਂ ਨੂੰ ਵਿਦੇਸ਼ੀ ਧਰਤੀ ਉਤੇ ਭਾਰੀ ਮੁਸ਼ਕਿਲਾਂ ਵੀ ਝੱਲਣੀਆਂ ਪਈਆਂ। ਭਾਰਤ ਵਿੱਚ ਡੰਕੀ ਰੂਟ ਰਾਹੀਂ ਵਿਦੇਸ਼ ਜਾਣ ਦਾ ਰੁਝਾਨ ਬਹੁਤ ਵਧਦਾ ਜਾ ਰਿਹਾ ਹੈ, ਜੋ ਕਿ ਸਰਕਾਰਾਂ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ ਪਰ ਕੇਂਦਰ ਸਰਕਾਰ ਅਤੇ ਵੱਖ -ਵੱਖ ਰਾਜਾਂ ਦੀਆਂ ਸਰਕਾਰਾਂ ਆਪਣੇ ਜ਼ਰੂਰੀ ਕੰਮਾਂ ਵਿੱਚ ਅਜਿਹੀਆਂ ਰੁਝੀਆਂ ਹੋਈਆਂ ਹਨ ਕਿ ਉਹਨਾਂ ਕੋਲ ਨੌਜਵਾਨਾਂ ਬਾਰੇ ਸੋਚਣ ਦਾ ਸਮਾਂ ਹੀ ਨਹੀਂ ਹੈ।

ਭਾਰਤ ਤੋਂ ਦੂਜੇ ਦੇਸ਼ਾਂ ਨੂੰ ਨੌਜਵਾਨਾਂ ਦੇ ਹੋ ਰਹੇ ਪਰਵਾਸ ਅਤੇ ਗ਼ੈਰਕਾਨੂੰਨੀ ਪਰਵਾਸ ਦਾ ਮੁੱਖ ਕਾਰਨ ਭਾਰਤ ਵਿੱਚ ਫ਼ੈਲੀ ਹੋਈ ਬੇਰੁਜ਼ਗਾਰੀ ਹੈ। ਅੰਤਰਰਾਸ਼ਟਰੀ ਕਿਰਤ ਸੰਗਠਨ (ਆਈ.ਐਲ.ਓ.) ਵੱਲੋਂ ਕੁਝ ਸਮਾਂ ਪਹਿਲਾਂ ਜਾਰੀ ਕੀਤੀ ਗਈ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਕੁੱਲ ਬੇਰੁਜ਼ਗਾਰਾਂ ਵਿੱਚੋਂ 80 ਫ਼ੀਸਦੀ ਨੌਜਵਾਨ ਹਨ। 'ਦਿ ਇੰਡੀਆ ਇੰਪਲਾਇਮੈਂਟ ਰਿਪੋਰਟ 2024' ਦੇ ਅਨੁਸਾਰ, ਪਿਛਲੇ 20 ਸਾਲਾਂ ਵਿੱਚ ਭਾਰਤ ਵਿੱਚ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਲਗਭਗ 30 ਪ੍ਰਤੀਸ਼ਤ ਵਧੀ ਹੈ। ਸਾਲ 2000 ਵਿੱਚ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ 35.2 ਫ਼ੀਸਦੀ ਸੀ ਜੋ 2022 ਵਿੱਚ ਵਧ ਕੇ 65.7 ਫ਼ੀਸਦੀ ਹੋ ਗਈ। ਇੰਟਰਨੈਸ਼ਨਲ ਲੇਬਰ ਆਰਗੇਨਾਈਜੇਸ਼ਨ ਅਤੇ ਇੰਸਟੀਚਿਊਟ ਆਫ਼ ਹਿਊਮਨ ਡਿਵੈਲਪਮੈਂਟ ਨੇ ਮਿਲ ਕੇ ਇਹ ਰਿਪੋਰਟ ਤਿਆਰ ਕੀਤੀ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਹਾਈ ਸਕੂਲ ਜਾਂ ਇਸ ਤੋਂ ਉੱਪਰ ਦੀ ਪੜ੍ਹਾਈ ਕਰਨ ਵਾਲੇ ਨੌਜਵਾਨਾਂ 'ਚ ਬੇਰੁਜ਼ਗਾਰੀ ਦਾ ਅਨੁਪਾਤ ਬਹੁਤ ਜ਼ਿਆਦਾ ਹੈ।

ਕੁਝ ਵਿਦਵਾਨ ਚਿੰਤਾ ਕਰਦੇ ਹੋਏ ਕਹਿੰਦੇ ਹਨ ਕਿ ਵਿਹਲੇ ਫ਼ਿਰਦੇ ਬੇਰੁਜ਼ਗਾਰ ਨੌਜਵਾਨ ਵੀ ਸਮਾਜ ਲਈ ਸਮੱਸਿਆ ਬਣਦੇ ਜਾ ਰਹੇ ਹਨ। ਇਹਨਾਂ ਵਿਹਲੇ ਫ਼ਿਰਦੇ ਨੌਜਵਾਨਾਂ ਨੂੰ ਕੋਈ ਵੀ ਪੰਜਾਬ ਵਿਰੋਧੀ ਸ਼ਕਤੀ ਕਦੇ ਵੀ ਗੁੰਮਰਾਹ ਕਰ ਸਕਦੀ ਹੈ। ਪੰਜਾਬ ਵਿੱਚ ਲੰਬਾਂ ਸਮਾਂ ਅੱਤਵਾਦ ਰਿਹਾ, ਜਿਸ ਦਾ ਮੁੱਖ ਕਾਰਨ ਪੰਜਾਬ ਵਿੱਚ ਫ਼ੈਲੀ ਬੇਰੁਜ਼ਗਾਰੀ ਵੀ ਸੀ। ਬੇਰੁਜ਼ਗਾਰ ਨੌਜਵਾਨਾਂ ਨੂੰ ਕਈ ਵੀ ਸ਼ਕਤੀ ਪੈਸੇ ਦਾ ਲਾਲਚ ਦੇ ਕੇ ਆਪਣੇ ਪੱਖ ਵਿੱਚ ਕਰ ਸਕਦੀ ਹੈ ਅਤੇ ਉਹਨਾਂ ਨੌਜਵਾਨਾਂ ਤੋਂ ਸਮਾਜ ਵਿਰੋਧੀ ਕਾਰਵਾਈਆਂ ਕਰਵਾ ਸਕਦੀ ਹੈ। ਇਸ ਪਾਸੇ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਪਰ ਸਰਕਾਰ ਕੋਲ ਬੇਰੁਜ਼ਗਾਰਾਂ ਬਾਰੇ ਸੋਚਣ ਲਈ ਵਿਹਲ ਹੀ ਨਹੀਂ ਹੈ।

ਪੰਜਾਬ ਸਮੇਤ ਪੂਰੇ ਭਾਰਤ ਵਿੱਚ ਹੀ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਦਿੱਤੀ ਜਾ ਰਹੀ ਹੈ ਜੋ ਕਿ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਬੇਰੁਜ਼ਗਾਰਾਂ ਦੀ ਭੀੜ ਇਕੱਠੀ ਕਰ ਰਹੀ ਹੈ। ਵਿਦਵਾਨਾਂ ਅਨੁਸਾਰ ਭਾਰਤ ਵਿੱਚ ਸਿੱਖਿਆ ਦਾ ਮਾਡਲ ਅੰਗ੍ਰੇਜ਼ਾਂ ਦੇ ਸਮੇਂ ਦਾ ਹੀ ਹੈ, ਜਿਸ ਕਰਕੇ ਇਹ ਸਿੱਖਿਆ ਪ੍ਰਣਾਲੀ ਕਲਰਕ ਅਤੇ ਬਾਬੂ ਤਾਂ ਪੈਦਾ ਕਰ ਸਕਦੀ ਹੈ, ਪਰ ਰੁਜ਼ਗਾਰਦਾਤਾ ਅਤੇ ਵੱਡੇ ਅਫ਼ਸਰ ਬਣਾਉਣ ਵਿੱਚ ਇਹ ਸਿੱਖਿਆ ਪ੍ਰਣਾਲੀ ਅਸਫ਼ਲ ਹੈ।

ਕੇਂਦਰ ਅਤੇ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਯੋਗ ਉਪਰਾਲੇ ਕਰਨ ਅਤੇ ਨੌਜਵਾਨਾਂ ਨੂੰ ਆਪਣੇ ਕੰਮ ਧੰਦੇ ਖੋਲ੍ਹਣ ਲਈ ਉਤਸ਼ਾਹਿਤ ਕੀਤਾ ਜਾ ਸਕੇ ਤਾਂ ਕਿ ਇਹ ਨੌਜਵਾਨ ਵਿਦੇਸ਼ ਜਾਣ ਦੀ ਥਾਂ ਆਪਣੇ ਦੇਸ਼ ਅੰਦਰ ਰਹਿ ਕੇ ਹੀ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ।

# ਪੰਜਾਬ ਦੀ ਰਾਜਨੀਤੀ ਦਾ ਡਿੱਗਦਾ ਮਿਆਰ



ਇਕਬਾਲ ਸਿੰਘ ਲਾਲਪੁਰਾ



ਪੰਜਾਬ ਦੇ ਅੱਜ ਦੇ ਰਾਜਸੀ ਹਾਲਾਤ ਚਿੰਤਾ ਤੇ ਗੰਭੀਰ ਚਿੰਤਨ ਦਾ ਵਿਸ਼ਾ ਹਨ। ਕਿਸੇ ਵੀ ਲੋਕ ਰਾਜ ਪ੍ਰਣਾਲੀ ਵਿੱਚ ਵਿਧਾਨਕਾਰ ਹੀ ਕਾਨੂੰਨ ਬਣਾਉਣ ਦੀ ਸ਼ਕਤੀ ਰੱਖਦੇ ਹਨ। ਅਫ਼ਸਰਸ਼ਾਹੀ ਤੇ ਅਦਾਲਤਾਂ ਤਾਂ ਇਸ ਦੀ ਇਨ-ਬਿਨ ਪਾਲਣਾ ਕਰਨ ਤੇ ਕਰਾਉਣ ਦੀ ਜ਼ਿੰਮੇਵਾਰੀ ਨਿਭਾਉਂਦੀਆਂ ਹਨ। ਇੱਕ ਸਾਬਕਾ ਮੰਤਰੀ ਵੱਲੋਂ ਕਥਿਤ ਤੌਰ 'ਤੇ ਥਾਣੇ ਦੇ ਅੰਦਰੋਂ ਇੱਕ ਹਵਾਲਾਤੀ ਨੂੰ ਛੁਡਾਉਣ ਦੀ ਕੋਸ਼ਿਸ਼ ਅਤੇ ਉਸ ਦੇ ਪੁਰਾਣੇ ਸਹਾਇਕ (ਜੋ ਹੁਣ ਵਿਰੋਧੀ ਬਣ ਚੁੱਕਾ ਹੈ) ਵੱਲੋਂ ਲਗਾਏ ਜਾ ਰਹੇ ਦੋਸ਼, ਰਾਜਨੀਤੀ ਦੇ ਨੀਵੇਂ ਪੱਧਰ ਦੀ ਮਿਸਾਲ ਹੈ। ਭ੍ਰਿਸ਼ਟਾਚਾਰ, ਅਪਰਾਧਿਕ ਮਾਮਲਿਆਂ ਅਤੇ ਸਰਕਾਰੀ ਤੰਤਰ ਦੀ ਦੁਰਵਰਤੋਂ ਕਰਕੇ ਕਈ ਵਿਧਾਨਕਾਰ ਤੇ ਮੰਤਰੀ ਜੇਲ੍ਹਾਂ ਵਿੱਚ ਹਨ। ਉੱਚ ਆਚਰਣ ਤੇ ਵਧੀਆ ਬੋਲਚਾਲ ਵਾਲੇ ਸਦਨਾਂ ਦੇ ਮੈਂਬਰ ਰਹੇ ਆਗੂ ਅਤੇ ਮੌਜੂਦਾ ਵਿਧਾਇਕ ਇੱਕ-ਦੂਜੇ ਲਈ ਨੀਵੇਂ ਦਰਜੇ ਦੀ ਭਾਸ਼ਾ ਵਰਤ ਕੇ ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੇ ਹਨ। ਉਹ ਕੇਵਲ ਇੱਕ-ਦੂਜੇ ਨੂੰ ਹੀ ਨਹੀਂ ਲਲਕਾਰ ਰਹੇ, ਸਗੋਂ ਆਪਣੀਆਂ ਤਿੰਨ-ਤਿੰਨ ਪੀੜ੍ਹੀਆਂ ਨੂੰ ਵੀ ਬਦਨਾਮ ਕਰਨ ਤੋਂ ਗੁਰੇਜ਼ ਨਹੀਂ ਕਰ ਰਹੇ। ਬਿਰਾਜਮਾਨ ਵਿਅਕਤੀ ਵੀ ਰਾਜਸੀ ਮੰਚ ਨੂੰ ਹਲਕੇ-ਫੁਲਕੇ ਚੁਟਕਲਿਆਂ ਦੀ ਸਟੇਜ ਬਣਾਉਂਦੇ ਨਜ਼ਰ ਆ ਰਹੇ ਹਨ।

ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਫ਼ਕੀਰਾਂ ਅਤੇ ਸੰਤਾਂ ਦੀ ਧਰਤੀ ਮੰਨੀ ਜਾਂਦੀ ਹੈ। ਸਪਤ ਸਿੰਧੂ ਦੇ ਇਲਾਕੇ ਵਿੱਚ ਹੀ ਵੇਦਾਂ, ਵਾਲਮੀਕੀ ਰਾਮਾਇਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਕਾਸ਼ ਹੋਇਆ। ਗੁਰੂ ਸਾਹਿਬਾਨ ਨੇ ਧਰਮ ਨੂੰ ਆਪਣੇ ਜੀਵਨ ਵਿੱਚ ਪ੍ਰਗਟ ਕਰਕੇ ਸੱਚ ਅਤੇ ਬਹਾਦਰੀ ਦਾ ਸੁਮੇਲ ਪੇਸ਼ ਕੀਤਾ ਅਤੇ ਸੰਤ-ਸਿਪਾਹੀ ਬਣਨ ਦਾ ਰਾਹ ਦੱਸਿਆ। ਇਨ੍ਹਾਂ ਸੰਤ-ਸਿਪਾਹੀਆਂ ਨੇ ਆਪਣੀ ਬਹਾਦਰੀ ਨਾਲ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਪੋਰਸ ਅਤੇ ਮਹਾਰਾਜਾ ਰਣਜੀਤ ਸਿੰਘ ਵਰਗੇ ਰਾਜਿਆਂ ਨੇ ਆਦਰਸ਼ ਰਾਜ-ਪ੍ਰਬੰਧ ਦੀਆਂ ਮਿਸਾਲਾਂ ਕਾਇਮ ਕੀਤੀਆਂ।

ਇਸ ਤਰ੍ਹਾਂ ਦੇ ਉੱਚ ਜੀਵਨ-ਮੁੱਲਾਂ ਵਾਲੇ ਪੰਜਾਬੀ ਜਦੋਂ ਅੰਗਰੇਜ਼ਾਂ ਦੇ ਅਧੀਨ ਹੋਏ ਤਾਂ ਬਹੁਤੇ ਲੋਕ ਆਪਣੇ ਸਿਧਾਂਤਾਂ ਤੋਂ ਦੂਰ ਹੋ ਗਏ। ਅੰਗਰੇਜ਼ਾਂ ਲਈ ਆਪਸ ਵਿੱਚ ਵੰਡੇ ਹੋਏ ਲੋਕਾਂ 'ਤੇ ਰਾਜ ਕਰਨਾ ਆਸਾਨ ਹੋ ਗਿਆ। ਇੱਕ ਸੋਚੀ-ਸਮਝੀ ਨੀਤੀ ਤਹਿਤ ਅੰਗਰੇਜ਼ਾਂ ਨੇ ਮੁੱਢ-ਕਦੀਮ ਤੋਂ ਇਕੱਠੇ ਰਹਿੰਦੇ ਪੰਜਾਬੀ ਸਮਾਜ ਨੂੰ ਹਿੰਦੂ-ਸਿੱਖ ਵੰਡ ਵਿੱਚ ਧੱਕ ਦਿੱਤਾ, ਜਿਸ ਦੇ ਪ੍ਰਭਾਵ ਅੱਜ ਵੀ ਬਰਕਰਾਰ ਹਨ ਮੰਡੀ ਹਮੇਸ਼ਾ ਸਿਰ ਵੱਲੋਂ ਖ਼ਰਾਬ ਹੋਣੀ ਸ਼ੁਰੂ ਹੁੰਦੀ ਹੈ। ਦੇਸ਼ ਦੀ ਆਜ਼ਾਦੀ ਤੋਂ ਤੁਰੰਤ ਬਾਅਦ ਹੀ ਰਾਜ ਵਿੱਚ ਕਾਬਜ਼ ਧਿਰ ਦੇ ਆਗੂ ਆਪਣੇ ਕੀਤੇ ਵਾਅਦਿਆਂ ਤੋਂ ਮੁੱਕਰ ਗਏ। ਸਿਰਫ਼ ਇਹ ਹੀ ਨਹੀਂ, ਪੰਜਾਬੀ ਅਤੇ ਹਿੰਦੀ ਦਾ ਝਗੜਾ ਵੀ ਖੜ੍ਹਾ ਕਰ ਦਿੱਤਾ ਗਿਆ। ਆਜ਼ਾਦੀ ਅਤੇ ਪੰਥ ਲਈ ਇਕੱਠੇ ਲੜਨ ਵਾਲੇ ਬਹੁਤ ਸਾਰੇ ਪੰਜਾਬੀ ਆਗੂ ਕੁਰਸੀ ਦੇ ਲਾਲਚ ਵਿੱਚ ਕਾਂਗਰਸੀ ਬਣ ਗਏ ਅਤੇ ਪੰਜਾਬ ਤੇ ਪੰਜਾਬੀ ਦੇ ਵਿਰੋਧੀ ਬਣ ਕੇ ਆਪਣੇ ਪੁਰਾਣੇ ਸਾਥੀਆਂ ਉੱਤੇ ਹੀ ਤਸ਼ੱਦਦ ਕਰਨ ਲੱਗ ਪਏ। ਕਾਂਗਰਸ ਪਾਰਟੀ ਨੇ ਆਜ਼ਾਦੀ ਦੇ ਵਿਰੋਧੀ ਰਹੇ ਆਗੂਆਂ ਨੂੰ ਵੀ ਰਾਜਸੀ ਸ਼ਕਤੀ ਨਾਲ ਨਿਵਾਜਿਆ। ਇਸ ਕਾਰਨ ਆਜ਼ਾਦੀ ਤੋਂ ਬਾਅਦ ਵੀ ਪੰਜਾਬ ਅਸ਼ਾਂਤ ਰਿਹਾ। ਇਸ ਦੌਰ ਵਿੱਚ ਹੋਏ ਜਾਨੀ ਅਤੇ ਮਾਲੀ ਨੁਕਸਾਨ ਦਾ ਪੂਰਾ ਹਿਸਾਬ ਲਗਾਉਣਾ ਸੰਭਵ ਨਹੀਂ ਹੈ, ਪਰ ਇਸ ਸਭ ਦੇ ਬਾਵਜੂਦ ਰਾਜਨੀਤਿਕ ਮਤਭੇਦਾਂ ਦੀ ਭਾਸ਼ਾ ਅਕਸਰ ਮਰਿਆਦਾ ਵਿੱਚ ਰਹਿੰਦੀ ਸੀ।

ਅੱਸੀਵੇਂ ਦੇ ਦਹਾਕੇ ਵਿੱਚ ਹਾਲਾਤ ਹੋਰ ਗੰਭੀਰ ਹੋ ਗਏ। ਪੰਜਾਬ ਸੰਤਾਪ ਦੌਰਾਨ ਮਨੁੱਖਤਾ ਲਹੂ-ਲੁਹਾਨ ਹੋਈ ਅਤੇ ਅੱਜ ਵੀ ਇੱਥੇ ਜਾਨ ਅਤੇ ਮਾਲ ਦੀ ਸੁਰੱਖਿਆ ਬਾਰੇ ਪੂਰਾ ਭਰੋਸਾ ਮਹਿਸੂਸ ਨਹੀਂ ਹੁੰਦਾ।

ਕਤਲਾਂ ਵਿੱਚ ਸ਼ਾਮਲ ਅਪਰਾਧੀ ਧਰਮ ਅਤੇ ਰਾਜਨੀਤੀ ਦਾ ਬੁਰਕਾ ਪਾ ਕੇ ਆਗੂ ਬਣੇ ਫਿਰਦੇ ਹਨ। ਮੰਦਰਾਂ ਵਿੱਚ ਗਊ ਦੇ ਸਿਰ ਅਤੇ ਪੂਛਾਂ ਸੁੱਟਣ ਜਾਂ ਗੁਰਦੁਆਰਿਆਂ ਵਿੱਚ ਸਿਗਰਟ ਸੁੱਟਣ ਦੇ ਦੋਸ਼ੀ ਵੀ ਨਵੇਂ ਅਵਤਾਰ ਵਿੱਚ ਆਗੂ ਬਣੇ ਨਜ਼ਰ ਆਉਂਦੇ ਹਨ। ਇਸ ਦੌਰ ਵਿੱਚ ਰਾਜ ਸੱਤਾ ਦਾ ਕੇਂਦਰ ਅਫ਼ਸਰਸ਼ਾਹੀ ਅਤੇ ਪੁਲਿਸ ਤੰਤਰ ਹੀ ਬਣਿਆ ਰਿਹਾ।

1992 ਦੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ, ਜਿਨ੍ਹਾਂ ਦਾ ਇੱਕ ਵੱਡੀ ਧਿਰ ਵੱਲੋਂ ਬਾਈਕਾਟ ਕੀਤਾ ਗਿਆ ਸੀ, ਪੰਜਾਬ ਦੀ ਰਾਜਨੀਤੀ ਦਾ ਇੱਕ ਵਿਸ਼ੇਸ਼ ਅਧਿਆਇ ਹਨ। ਇਸ ਦੌਰ ਵਿੱਚ ਕੁਝ ਸਰਕਾਰੀ ਏਜੰਸੀਆਂ ਨਾਲ ਜੁੜੇ ਲੋਕ ਵੀ ਚੁਣੇ ਗਏ। ਸ਼ਕਤੀ ਫਿਰ ਵੀ ਭ੍ਰਿਸ਼ਟ ਤੰਤਰ ਕੋਲ ਹੀ ਰਹੀ, ਪਰ ਰਾਜਨੀਤਿਕ ਆਗੂਆਂ ਅਤੇ ਨਵੇਂ ਨੇਤਾਵਾਂ ਨੇ ਆਪਸ ਵਿੱਚ ਹੱਥ ਮਿਲਾ ਲਏ। ਰਾਜਨੀਤਿਕ ਵਿਰੋਧੀਆਂ ਨਾਲ ਅਪਰਾਧੀਆਂ ਵਾਂਗ ਵਿਹਾਰ ਹੋਣ ਲੱਗਾ।

ਪੰਜਾਬ ਵਿੱਚ 15-20 ਸਾਲ ਤੱਕ ਚੱਲੀ ਕਤਲੋਗਾਰਤ ਦੇ ਕਾਰਨਾਂ ਦਾ ਹੱਲ ਲੱਭਣ ਜਾਂ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਅਮਲੀ ਰੂਪ ਦੇਣ ਲਈ ਕੋਈ ਗੰਭੀਰ ਯਤਨ ਨਹੀਂ ਕੀਤਾ ਗਿਆ। ਨੌਜਵਾਨਾਂ ਦੀ ਮਾਨਸਿਕਤਾ ਨੂੰ ਸ਼ਾਂਤ ਕਰਨ ਬਾਰੇ ਵੀ ਸੋਚਣ ਦੀ ਲੋੜ ਮਹਿਸੂਸ ਨਹੀਂ ਕੀਤੀ ਗਈ।

1985, 1989, 1996, 1997, 2007 ਅਤੇ 2012 ਦੀਆਂ ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਆਗੂਆਂ ਨੂੰ ਜਿੱਤ ਦੀ ਬਖ਼ਸ਼ਿਸ਼ ਦਿੱਤੀ, ਜਿਨ੍ਹਾਂ ਨੇ ਸਿੱਖ ਅੰਦੋਲਨ ਦੌਰਾਨ ਕੌਮ ਦੀ ਅਗਵਾਈ ਕੀਤੀ ਸੀ। ਲੋਕ ਰਾਜਨੀਤੀ ਵਿੱਚ ਸੇਵਾ ਅਤੇ ਕੁਰਬਾਨੀ ਕਰਨ ਵਾਲੇ ਨੂੰ ਹੀ ਨੇਤਾ ਮੰਨਦੇ ਹਨ। ਪਰ ਇਨ੍ਹਾਂ ਆਗੂਆਂ ਨੇ ਬਿਨਾਂ ਕਿਸੇ ਅੰਤਿਮ ਪ੍ਰਾਪਤੀ ਦਾ ਨਿਸ਼ਾਨਾ ਤੈਅ ਕੀਤੇ, ਲੋਕ ਭਾਵਨਾਵਾਂ ਨੂੰ ਭੜਕਾ ਕੇ ਹਜ਼ਾਰਾਂ ਲੋਕਾਂ ਦੀਆਂ ਸ਼ਹਾਦਤਾਂ ਅਤੇ ਬੇਅੰਤ ਮਾਲੀ ਨੁਕਸਾਨ ਤੋਂ ਬਾਅਦ ਮੁੱਖ ਮੰਤਰੀ ਅਤੇ ਕੇਂਦਰੀ ਮੰਤਰੀਆਂ ਦੇ ਅਹੁਦੇ ਹਾਸਲ ਕੀਤੇ।

ਕੇਂਦਰ ਸਰਕਾਰ ਵਿੱਚ ਭਾਈਵਾਲ ਹੋਣ ਦੇ ਬਾਵਜੂਦ, ਜਿਨ੍ਹਾਂ ਮੁੱਦਿਆਂ ਨੂੰ ਲੈ ਕੇ ਸੰਘਰਸ਼ ਸ਼ੁਰੂ ਕੀਤਾ ਗਿਆ ਸੀ, ਉਨ੍ਹਾਂ ਦੇ ਹੱਲ ਲਈ ਕੋਈ ਗੰਭੀਰ ਗੱਲਬਾਤ ਨਹੀਂ ਕੀਤੀ ਗਈ। ਜਦੋਂ ਉਹ ਸੱਤਾ ਵਿੱਚ ਆਏ ਤਾਂ ਉਨ੍ਹਾਂ ਲੋਕਾਂ ਅਤੇ ਸੰਸਥਾਵਾਂ ਨੂੰ ਤਰਜੀਹ ਦਿੱਤੀ ਜਿਨ੍ਹਾਂ ਨੇ ਉਨ੍ਹਾਂ ਦੇ ਸੰਘਰਸ਼ ਦਾ ਵਿਰੋਧ ਕੀਤਾ ਸੀ। ਇਸ ਤਰ੍ਹਾਂ ਕੌਮ ਦੀਆਂ ਭਾਵਨਾਵਾਂ ਨੂੰ ਭਟਕਾ ਕੇ ਕੌਮ ਅਤੇ ਪੰਜਾਬ ਦੋਵਾਂ ਦਾ ਨੁਕਸਾਨ ਕੀਤਾ ਗਿਆ। ਪਿਛਲੇ ਚਾਰ ਸਾਲਾਂ ਤੋਂ ਵੱਧ ਸਮੇਂ ਤੋਂ ਸੱਤਾ 'ਤੇ ਕਾਬਜ਼ ਲੋਕਾਂ ਨੇ ਚੋਣਾਂ ਦੌਰਾਨ ਕੀਤੇ ਵਾਅਦਿਆਂ ਦੇ ਉਲਟ ਕੰਮ ਕੀਤੇ ਹਨ। ਪੰਜਾਬ ਉੱਤੇ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਗਈ ਹੈ। ਅਮਨ-ਕਾਨੂੰਨ ਦੀ ਸਥਿਤੀ ਗੰਭੀਰ ਹੈ। ਪੁਲਿਸ ਦੇ ਥਾਣਿਆਂ ਤੱਕ ਉੱਤੇ ਹਮਲੇ ਹੋ ਰਹੇ ਹਨ। ਸਰਕਾਰੀ ਫ਼ੈਸਲੇ ਉਹ ਲੋਕ ਪ੍ਰਭਾਵਿਤ ਕਰ ਰਹੇ ਹਨ ਜਿਨ੍ਹਾਂ ਦਾ ਪੰਜਾਬ ਨਾਲ ਕੋਈ ਸਿੱਧਾ ਸਬੰਧ ਨਹੀਂ ਅਤੇ ਜੋ ਲੋਕਾਂ ਵੱਲੋਂ ਚੁਣੇ ਵੀ ਨਹੀਂ ਗਏ। ਪੰਜਾਬ ਦੇ ਮੁੱਖ ਮੰਤਰੀਆਂ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ 1960 ਦੇ ਦਹਾਕੇ ਤੋਂ ਹੀ ਲੱਗਣੇ ਸ਼ੁਰੂ ਹੋ ਗਏ ਸਨ। ਇੱਕ-ਦੂਜੇ ਅਪਵਾਦ ਨੂੰ ਛੱਡ ਕੇ ਬਹੁਤੇ ਮੁੱਖ ਮੰਤਰੀ ਕਿਸੇ ਨਾ ਕਿਸੇ ਵਿਵਾਦ ਨਾਲ ਜੁੜੇ ਰਹੇ ਹਨ। ਜੇ ਕਿਸੇ ਪਰਿਵਾਰ, ਰਾਜ ਜਾਂ ਦੇਸ਼ ਦਾ ਮੁਖੀ ਹੀ ਵਿਵਾਦਾਂ ਵਿੱਚ ਘਿਰਿਆ ਹੋਵੇ ਤਾਂ ਪ੍ਰਣਾਲੀ ਨੂੰ ਸਹੀ ਦਿਸ਼ਾ ਵਿੱਚ ਲੈ ਜਾਣਾ ਔਖਾ ਹੋ ਜਾਂਦਾ ਹੈ।



ਸਭ ਤੋਂ ਵੱਡਾ ਨੁਕਸਾਨ ਸਿੱਖ ਕੌਮ ਦਾ ਹੋਇਆ ਹੈ। ਪੰਜਾਬ ਸੰਤਾਪ ਦੌਰਾਨ ਉਨ੍ਹਾਂ ਸਿਰ ਅੱਤਵਾਦੀ ਸ਼ਬਦ ਮੜ੍ਹ ਦਿੱਤਾ ਗਿਆ। ਇਸ ਪਿਛੇ ਕਾਂਗਰਸ ਦੀ ਸਾਜ਼ਿਸ਼ ਸੀ ਜਿਸਨੇ ਦਿੱਲੀ ਵਿੱਚ ਨਵੰਬਰ ਚੌਰਾਸੀ ਦੌਰਾਨ ਕਤਲੇਆਮ ਕਰਵਾਇਆ।

ਪੰਜਾਬ ਨੇ ਹਰ ਦੌਰ ਵਿੱਚ ਮਹਾਨ ਨੇਤਾ ਪੈਦਾ ਕੀਤੇ ਹਨ। ਅੰਗਰੇਜ਼ਾਂ ਤੋਂ ਆਜ਼ਾਦੀ ਲਈ ਸੰਘਰਸ਼ ਕਰਨ ਵਾਲਿਆਂ ਅਤੇ ਕੁਰਬਾਨੀਆਂ ਦੇਣ ਵਾਲਿਆਂ ਦੀ ਇੱਕ ਲੰਬੀ ਸੂਚੀ ਹੈ। ਆਜ਼ਾਦੀ ਤੋਂ ਬਾਅਦ ਵੀ ਮਾਸਟਰ ਤਾਰਾ ਸਿੰਘ, ਜਥੇਦਾਰ ਮੋਹਣ ਸਿੰਘ ਤੁੜ, ਸਰਦਾਰ ਮੇਜਰ ਸਿੰਘ ਉਬੋਕੇ, ਰਘੁਨੰਦਨ ਲਾਲ ਭਾਟੀਆ, ਬ੍ਰਿਜ ਭੂਸ਼ਣ ਮਹਿਰਾ, ਮਾਸਟਰ ਕੁੰਦਨ ਸਿੰਘ, ਸਰਦਾਰ ਕ੍ਰਿਪਾਲ ਸਿੰਘ, ਡਾ. ਬਲਦੇਵ ਪ੍ਰਕਾਸ਼ ਅਤੇ ਡਾ. ਬਲਦੇਵ ਚਾਵਲਾ ਵਰਗੇ ਆਗੂਆਂ ਨੇ ਆਪਣੇ ਨਿੱਜੀ ਸਵਾਰਥਾਂ ਤੋਂ ਉੱਪਰ ਉੱਠ ਕੇ ਲੋਕ ਸੇਵਾ ਨੂੰ ਤਰਜੀਹ ਦਿੱਤੀ। ਉਹ ਆਮ ਲੋਕਾਂ ਦੀ ਆਸ ਬਣੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਕਾਇਮ ਕਰ ਗਏ।

ਪੰਜਾਬ ਦੇਸ਼ ਦਾ ਮੋਹਰੀ ਸੂਬਾ, ਖ਼ਾਲਸਾ ਪੰਥ ਦੀ ਜਨਮ ਭੂਮੀ ਅਤੇ ਗੁਰੂਆਂ-ਪੀਰਾਂ ਦੀ ਧਰਤੀ ਹੈ। ਇਸ ਧਰਤੀ ਦੇ ਆਗੂ ਸੂਰਬੀਰ ਅਤੇ ਬਚਨ ਦੇ ਪੱਕੇ ਰਹੇ ਹਨ। ਸਰਬੱਤ ਦੇ ਭਲੇ ਦਾ ਸੰਦੇਸ਼ ਦੇਣ ਵਾਲੀ? ਇਹ ਧਰਤੀ ਨਸ਼ਿਆਂ ਦੇ ਵਪਾਰੀਆਂ, ਗੈਂਗਸਟਰਾਂ, ਦੇਸ਼ ਦੇ ਗੱਦਾਰਾਂ ਅਤੇ ਭ੍ਰਿਸ਼ਟਾਚਾਰੀਆਂ ਦਾ ਕੇਂਦਰ ਨਾ ਬਣ ਜਾਵੇ, ਇਸ ਲਈ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲਿਆਂ ਨੂੰ ਇੱਕਜੁੱਟ ਹੋਣਾ ਪਵੇਗਾ।

ਜੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੀਆਂ ਸ਼ਕਤੀਆਂ ਇੱਕਜੁੱਟ ਹੋ ਕੇ ਇਸ ਦਿਸ਼ਾ ਵਿੱਚ ਯਤਨ ਕਰਨ, ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਮੁੜ ਦੇਸ਼ ਦਾ ਮੋਹਰੀ ਸੂਬਾ ਬਣੇਗਾ। ਇਹ ਉਹ ਧਰਤੀ ਹੈ ਜਿਸ ਨੇ ਸੰਸਾਰ ਨੂੰ 'ਸਰਬੱਤ ਦੇ ਭਲੇ' ਦਾ ਸੰਦੇਸ਼ ਦਿੱਤਾ ਹੈ। ਇਸ ਲਈ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੰਡਿਆ ਹੋਇਆ, ਕਰਜ਼ੇ ਹੇਠ ਦੱਬਿਆ ਅਤੇ ਨਿਰਾਸ਼ ਪੰਜਾਬ ਨਹੀਂ, ਸਗੋਂ ਇੱਕ ਅਜਿਹਾ ਪੰਜਾਬ ਸੌਂਪੀਏ ਜੋ ਆਰਥਿਕ ਤੌਰ 'ਤੇ ਮਜ਼ਬੂਤ, ਸਮਾਜਿਕ ਤੌਰ 'ਤੇ ਸਦਭਾਵਨਾ ਭਰਿਆ, ਨੈਤਿਕ ਤੌਰ 'ਤੇ ਉੱਚਾ ਅਤੇ ਰਾਸ਼ਟਰੀ ਤੌਰ 'ਤੇ ਮਾਣਯੋਗ ਹੋਵੇ।

ਪੰਜਾਬ ਦਾ ਭਵਿੱਖ ਕਿਸੇ ਇੱਕ ਪਾਰਟੀ, ਇੱਕ ਨੇਤਾ ਜਾਂ ਇੱਕ ਵਿਚਾਰਧਾਰਾ ਨਾਲ ਨਹੀਂ ਜੁੜਿਆ। ਇਹ ਪੰਜਾਬ ਦੇ ਤਿੰਨ ਅਮੁੱਲੇ ਸ਼ਬਦਾਂ 'ਪੰਜਾਬ, ਪੰਜਾਬੀ ਅਤੇ ਪੰਜਾਬੀਅਤ' ਦੀ ਸੁਰੱਖਿਆ ਅਤੇ ਪ੍ਰਫੁੱਲਤਾ ਨਾਲ ਜੁੜਿਆ ਹੋਇਆ ਹੈ। ਜੇ ਅਸੀਂ ਇਨ੍ਹਾਂ ਨੂੰ ਬਚਾ ਲਿਆ, ਤਾਂ ਪੰਜਾਬ ਦਾ ਭਵਿੱਖ ਸੁਰੱਖਿਅਤ ਹੈ; ਜੇ ਇਨ੍ਹਾਂ ਨੂੰ ਗੁਆ ਬੈਠੇ, ਤਾਂ ਇਤਿਹਾਸ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ।

**ਸਾਬਕਾ ਚੇਅਰਮੈਨ,**
**ਰਾਸ਼ਟਰੀ ਘੱਟ ਗਿਣਤੀ ਕਮਿਸ਼ਨ,ਭਾਰਤ ਸਰਕਾਰ**

# ਕੀ ਅਮਰੀਕਾ ਦਾ ਹਮਲਾਵਰ ਰੁਖ਼ ਮੱਠਾ ਪਵੇਗਾ ?

ਡਾ. ਸੁਰਿੰਦਰ ਮੰਡ

ਅਮਰੀਕਾ ਅਤੇ ਇਰਾਨ ਦਰਮਿਆਨ ਜੰਗ ਰੁਕਣ ਦੀ ਖ਼ਬਰ ਨਾਲ ਇਜ਼ਰਾਇਲ ਨੂੰ ਛੱਡ ਕੇ ਬਾਕੀ ਸਾਰੀ ਦੁਨੀਆਂ ਨੇ ਸੁਖ ਦਾ ਸਾਹ ਲਿਆ, ਕਿਉਂਕਿ ਇਸ ਜੰਗ ਨੇ ਸਾਰੇ ਸੰਸਾਰ ਵਿੱਚ ਗੈਸ ਤੇਲ ਦੀ ਘਾਟ ਅਤੇ ਮਹਿੰਗਾਈ ਦੇ ਵਧਣ ਦੇ ਭਿਆਨਕ ਹਾਲਾਤ ਪੈਦਾ ਕਰ ਦਿੱਤੇ ਸਨ। ਡੋਨਾਲਡ ਟਰੰਪ ਅਤੇ ਇਰਾਨ ਦੇ ਰਾਸ਼ਟਰਪਤੀ ਨੇ 14 ਨੁਕਾਤੀ 'ਮੈਮੋਰੈਂਡਮ ਔਫ ਅੰਡਰਸਟੈਂਡਿੰਗ' ਉੱਤੇ ਦਸਤਖ਼ਤ ਕਰ ਦਿੱਤੇ। ਜੋ ਦੋ ਮਹੀਨਿਆਂ ਵਿੱਚ ਮੱਦਾਂ ਲਾਗੂ ਹੋਣ ਉਪਰੰਤ ਸਮਝੌਤੇ ਦਾ ਰੂਪ ਲਵੇਗਾ ਤੇ ਯੂ. ਐੱਨ. ਓ ਦੀ ਸੁਰੱਖਿਆ ਪ੍ਰੀਸ਼ਦ ਦੀ ਕਾਰਵਾਈ ਦਾ ਹਿੱਸਾ ਵੀ ਬਣੇਗਾ।

ਇਜ਼ਰਾਇਲ ਨੇ ਸਮਝੌਤੇ ਨੂੰ ਮੰਨਣ ਤੋਂ ਇਨਕਾਰ ਕੀਤਾ ਅਤੇ ਲੈਬਨਾਨ ਉੱਤੇ ਹਮਲੇ ਜਾਰੀ ਰੱਖੇ।

ਇਜ਼ਰਾਇਲ ਸੋਚਦਾ ਕਿ ਅਮਰੀਕਾ ਨੂੰ ਨਾਲ ਲੈ ਕੇ ਇਰਾਨ ਨੂੰ ਬਰਬਾਦ ਕਰਨ ਦਾ ਮਸਾਂ ਹੱਥ ਆਇਆ ਮੌਕਾ ਖੁੰਝ ਗਿਆ। ਭਾਵੇਂ ਕਿ ਇਰਾਨ ਦੇ ਤਿੱਖੇ ਤੇਵਰਾਂ ਦੀ ਬਦੌਲਤ ਲੈਬਨਾਨ ਉੱਤੇ ਬੰਬਾਰੀ ਕੁਛ ਕੁ ਰੋਕਣ ਦੀ ਖ਼ਬਰ ਵੀ ਹੈ। ਇਜ਼ਰਾਇਲ ਇਸ ਸ਼ਾਂਤੀ ਸਮਝੌਤੇ ਵਿੱਚ ਖੱਲਲ ਪਾਉਣ ਲਈ ਹਰ ਹੀਲਾ ਵਰਤੇਗਾ। ਖ਼ਬਰ ਆਈ ਹੈ ਕਿ ਇਜ਼ਰਾਇਲ ਨੇ ਗਾਜ਼ਾ ਉੱਤੇ ਹਮਲਾ ਕਰ ਦਿੱਤਾ ਹੈ। ਉਹ ਤਾਂ ਇਸ ਜੰਗ ਦੇ ਓਹਲੇ ਲਿਬਨਾਨ ਦੇ ਅੰਦਰ 30 ਕਿਲੋਮੀਟਰ 'ਲਿਤਾਨੀ' ਦਰਿਆ ਤਕ ਕਬਜ਼ਾਏ ਇਲਾਕੇ ਦੇ ਬਰਾਬਰ ਪੈਂਦੇ 25 ਕਿਲੋਮੀਟਰ ਸਮੁੰਦਰ ਤੱਕ ਵੀ ਕਬਜ਼ੇ ਦਾ ਹੱਕ ਜਤਾ ਚੁੱਕਾ ਹੈ, ਜਿਸ ਵਿੱਚ ਲਿਬਨਾਨ ਦੇ ਦੋ ਵੱਡੇ ਗੈਸ ਫੀਲਡ ਵੀ ਹਨ। ਇੱਕ ਗੈਸ ਫੀਲਡ ਫ਼ਲਸਤੀਨੀਆਂ ਦੇ ਸਮੁੰਦਰ ਦੇ ਉਸ ਹਿੱਸੇ ਵਿੱਚ ਵੀ ਹੈ, ਜੋ ਇਜ਼ਰਾਇਲੀ ਕਬਜ਼ੇ ਹੇਠ ਲਏ ਗਏ ਗਾਜ਼ਾ ਦੇ ਇਲਾਕੇ ਦੇ ਬਰਾਬਰ ਪੈਂਦਾ ਹੈ। ਇਰਾਨੀ ਲੋਕਾਂ ਦੀ ਕੌਮੀ ਇਕਮੁੱਠਤਾ, ਦਲੇਰੀ, ਫ਼ੌਜੀ ਤਾਕਤ ਅਤੇ ਰਾਜਨੀਤਕ ਸਿਆਣਪ ਕਾਰਨ ਅਮਰੀਕਾ ਨੂੰ ਪਿੱਛੇ ਹਟ ਕੇ ਸਮਝੌਤਾ ਕਰਨਾ ਪਿਆ ਹੈ। ਅਮਰੀਕਾ ਵੱਲੋਂ ਇਰਾਨ ਦੀ ਨਾਕਾਬੰਦੀ ਤੁਰੰਤ

ਹਟਾਉਣਾ, ਇਰਾਨ ਤੋਂ ਪਾਬੰਦੀਆਂ ਹਟਾਉਣੀਆਂ, ਫਰੀਜ਼ ਕੀਤੇ 24 ਅਰਬ ਡਾਲਰ ਵਾਪਸ ਦੇਣੇ, 300 ਬਿਲੀਅਨ ਡਾਲਰ ਇਰਾਨ ਦੀ ਮੁੜ-ਉਸਾਰੀ ਲਈ ਦੇਣਾ, ਹੋਰਮੁਜ਼ ਉੱਤੇ ਇਰਾਨੀ ਕੰਟਰੋਲ ਮੰਨਣਾ, ਇਰਾਨ ਨੂੰ ਕੌਮਾਂਤਰੀ ਨਿਯਮਾਂ ਤਹਿਤ ਸ਼ਾਂਤਮਈ ਮਕਸਦ ਲਈ ਪ੍ਰਮਾਣੂ ਵਿਕਾਸ ਦਾ ਹੱਕ ਦੇਣਾ ਮੈਮੋਰੈਂਡਮ ਦੇ ਅਹਿਮ ਨੁਕਤੇ ਹਨ।

ਜੰਗ ਕਾਰਨ ਬੰਦ ਕੀਤਾ 'ਹੋਰਮੁਜ਼' ਇਰਾਨ ਖੋਲ੍ਹ ਦੇਵੇਗਾ ਅਤੇ 'ਪ੍ਰਮਾਣੂ ਬੰਬ ਨਹੀਂ ਬਣਾਵੇਗਾ'। ਸਮਝੌਤੇ ਅੰਦਰਲੀਆਂ ਇਨ੍ਹਾਂ ਦੋਵਾਂ ਗੱਲਾਂ ਨੂੰ ਟਰੰਪ ਆਪਣੀ ਜਿੱਤ ਵਜੋਂ ਪ੍ਰਚਾਰਨਾ ਚਾਹੇਗਾ। ਜਦਕਿ ਬੰਬ ਨਾ ਬਣਾਉਣਾ ਤਾਂ ਇਰਾਨ ਦੀ ਆਇਤੁਲਾ ਖੁਮੈਨੀ ਵੱਲੋਂ ਸੁਝਾਈ ਨੀਤੀ ਹੈ ਜੋ ਪ੍ਰਮਾਣੂ ਬੰਬ ਨੂੰ ਇਸਲਾਮ ਵਿਰੋਧੀ ਮੰਨਦਾ ਸੀ।

ਇਹਨਾਂ ਨੁਕਤਿਆਂ ਉੱਤੇ ਜਨੇਵਾ ਵਿੱਚ ਅਮਰੀਕਾ ਅਤੇ ਇਰਾਨ ਦਰਮਿਆਨ 21 ਜੂਨ ਨੂੰ ਚੱਲ ਰਹੀ ਗੱਲਬਾਤ ਤਲਖੀ ਅਤੇ ਕਈ ਉਤਰਾਵਾਂ ਚੜ੍ਹਾਵਾਂ ਵਿਚੋਂ ਲੰਘੀ ਅਤੇ ਆਖਿਰ ਫੈਸਲਾ ਕੀਤਾ ਕਿ ਡੀਲ ਸਿਰੇ ਚੜ੍ਹਾਉਣ ਲਈ ਹਾਈ ਲੈਵਲ ਕਮੇਟੀ ਬਣੇਗੀ, 60 ਦਿਨਾਂ ਦਾ ਰੋਡ ਮੈਪ ਬਣੇਗਾ, ਨਿਊਕਲੀਅਰ ਮੁੱਦੇ ਨੂੰ

ਨਜਿੱਠਣ ਲਈ ਵਰਕਿੰਗ ਗਰੁੱਪ ਬਣੇਗਾ। ਅਮਰੀਕੀ ਉਪ-ਰਾਸ਼ਟਰਪਤੀ ਜੇ. ਡੀ. ਵੈਂਸ ਨੇ ਦੱਸਿਆ ਕਿ ਤਕਨੀਕੀ ਟੀਮਾਂ ਵੀ ਕੰਮ ਕਰਨਗੀਆਂ।

ਡੋਨਲਡ ਟਰੰਪ ਅਤੇ ਇਰਾਨੀ ਵਫ਼ਦ ਦੇ ਮੁਖੀ ਸੰਸਦ ਸਪੀਕਰ ਮੁਹੰਮਦ ਕਾਲੀਬਾਫ਼ ਦੋਵਾਂ ਦਾ ਬਿਆਨ ਹੈ ਕਿ ਅਮਰੀਕਾ ਵੱਲੋਂ ਇਰਾਨ ਦੇ ਫਰੀਜ਼ ਕੀਤੇ 12 ਅਰਬ ਡਾਲਰ ਵਾਪਿਸ ਮਿਲ ਰਹੇ ਹਨ। ਇਰਾਨ ਦੇ ਤੇਲ ਅਤੇ ਪੈਟਰੋਲੀਅਮ ਪਦਾਰਥ ਵੇਚਣ ਉੱਤੇ ਲਗਾਈ ਰੋਕ 60 ਦਿਨਾਂ ਲਈ ਹਟਾਉਣ ਦਾ ਪੱਤਰ ਅਮਰੀਕਾ ਨੇ ਜਾਰੀ ਕਰ ਦਿੱਤਾ ਹੈ। ਹੋਰਮੁਜ਼



ਇਰਾਨੀ ਨਿਗਰਾਨੀ ਵਿਚ ਖੁੱਲ੍ਹ ਗਿਆ ਹੈ। ਲੈਬਨਾਨ ਉੱਤੇ ਇਜ਼ਰਾਇਲ ਦੇ ਹਮਲੇ ਰੁਕਵਾਉਣ ਦੀ ਜ਼ਿੰਮੇਵਾਰੀ ਲੈਣ ਵਰਗੀ ਗੱਲ ਵੀ ਟਰੰਪ ਨੇ ਮੰਨੀ ਹੈ। ਵਾਰਤਾ ਸਫ਼ਲ ਰਹੀ, ਭਾਵੇਂ ਕਿ ਇਰਾਨ ਦੇ ਵਫ਼ਦ ਨੇ ਅਮਰੀਕੀਆਂ ਨਾਲ ਹੱਥ ਮਿਲਾਉਣ ਅਤੇ ਫੋਟੋ ਖਿਚਵਾਉਣ ਤੋਂ ਇਨਕਾਰ ਕੀਤਾ, ਕਿਉਂਕਿ ਸ਼ਾਇਦ ਅਜੇ ਜ਼ਖ਼ਮ ਅੱਲੇ ਹਨ।

ਇਸ ਸਮੇਂ ਸਭ ਤੋਂ ਬੁਰੀ ਫ਼ਲਸਤੀਨੀਆਂ ਨਾਲ ਹੋ ਰਹੀ ਹੈ, ਜਿਸ ਬਾਰੇ ਕੋਈ ਚਰਚਾ ਨਹੀਂ। ਉਨ੍ਹਾਂ ਦੇ ਸਾਰੇ ਮੁਲਕ ਉੱਤੇ ਅਮਰੀਕਾ ਦੀ ਸ਼ਹਿ ਨਾਲ ਇਜ਼ਰਾਈਲ ਨੇ ਕਬਜ਼ਾ ਕਰ ਲਿਆ ਹੈ ਤੇ ਜ਼ੁਲਮ ਢਾਹ ਰਿਹਾ ਹੈ।

ਆਪਣੇ ਉੱਤੇ ਹੋਏ 'ਹਮਲੇ' ਦਾ ਬਹਾਨਾ ਬਣਾ ਕੇ 2023 ਤੋਂ ਲੈ ਕੇ ਹੁਣ ਤੱਕ 73,000 ਤੋਂ ਵੱਧ ਫ਼ਲਸਤੀਨੀ ਮਾਰ ਦਿੱਤੇ ਅਤੇ ਪੌਣੇ ਦੋ ਲੱਖ ਜ਼ਖਮੀ ਕੀਤੇ ਹਨ। ਘਰ ਢਾਹ ਦਿੱਤੇ। ਫ਼ਲਸਤੀਨੀਆਂ ਦੀ ਜਾਨ ਦੀ ਕੋਈ ਕੀਮਤ ਨਹੀਂ ਰਹੀ। ਉਨ੍ਹਾਂ ਦੀ ਪੀੜ ਹੁਣ ਕਿਸੇ ਨੂੰ ਵੀ ਨਹੀਂ ਮਹਿਸੂਸ ਹੁੰਦੀ। ਦੂਜੀ ਸੰਸਾਰ ਜੰਗ (1939-1945) ਸ਼ੁਰੂ ਹੋਣ ਤੋਂ ਪਹਿਲਾਂ ਵਰਗੇ ਹਾਲਾਤ ਬਣ ਰਹੇ ਹਨ।

ਅਮਰੀਕਾ ਵੱਲੋਂ ਯੂ ਏ ਈ, ਬਹਿਰੀਨ, ਮੋਰੱਕੋ, ਸੂਡਾਨ ਦੀ ਮਦਦ ਨਾਲ 15 ਸਤੰਬਰ 2020 ਨੂੰ ਇਜ਼ਰਾਇਲ ਨਾਲ ਕਰਵਾਇਆ ਗਿਆ 'ਇਬਰਾਹੀਮ ਸਮਝੌਤਾ' ਨੇਤਨਯਾਹੂ ਦੇ ਮਨਸੂਬੇ 'ਗਰੇਟਰ ਇਜ਼ਰਾਇਲ' ਦੀ ਵਿਚਾਰਧਾਰਕ ਬੁਨਿਆਦ ਰੱਖਣ ਵਰਗਾ ਸੀ। ਇਬਰਾਹੀਮ ਨੂੰ ਇਸਲਾਮ, ਯਹੂਦੀ ਅਤੇ

ਇਸਾਈ ਮੱਤ ਦਾ 4000 ਸਾਲ ਪਹਿਲਾਂ ਦੱਖਣੀ ਇਰਾਕ ਵਿੱਚ ਜਨਮਿਆ ਸਾਂਝਾ ਵਡੇਰਾ ਮੰਨਿਆ ਜਾਂਦਾ ਹੈ।

ਪਿਛਲੇ ਦਿਨੀਂ ਤਾਂ ਟਰੰਪ ਨੇ ਧਮਕੀ ਵੀ ਦਿੱਤੀ ਸੀ ਕਿ ਇਸ ਖਿੱਤੇ ਦੇ ਮੁਲਕਾਂ ਨੇ ਸਾਡੇ ਨਾਲ ਚੱਲਣਾ ਹੈ ਤਾਂ 'ਇਬਰਾਹੀਮ ਸਮਝੌਤਾ' ਤਾਂ ਮੰਨਣਾ ਹੀ ਹੋਵੇਗਾ।

ਇਰਾਨ ਵਿੱਚ ਹਰ ਪੱਖੋਂ ਅਸਫ਼ਲ ਹੋਣ ਉਪਰੰਤ ਡੀਲ ਕਰਕੇ ਏਥੋਂ ਸਿੱਧੀ ਜੰਗ ਵੱਲੋਂ ਫਿਲਹਾਲ ਪਾਸਾ ਵੱਟਣਾ ਤਾਂ ਅਮਰੀਕਾ ਦੀ ਆਰਜ਼ੀ ਮਜਬੂਰੀ ਹੈ। ਲੇਕਿਨ ਜੇ ਜ਼ਰਾ ਗਹੁ ਨਾਲ ਵੇਖੀਏ ਤਾਂ ਕਈ ਪਾਸਿਉਂ ਕਿਸੇ ਵੱਡੀ ਜੰਗ ਵਰਗੀ ਗਹਿਰ ਚੜ੍ਹੀ ਆਉਂਦੀ ਜਾਪਦੀ ਹੈ, ਜਿਸ ਵਿੱਚ ਅਮਰੀਕੀ/ਸਾਮਰਾਜੀ ਗ਼ਲਬੇ ਅਤੇ ਲੁੱਟ ਦੇ ਮਨਸੂਬੇ ਦਿਸਦੇ ਹਨ।

ਯਾਦ ਰੱਖੋ ਕਿ ਡੋਨਾਲਡ ਟਰੰਪ ਨੇ ਚੋਣਾਂ ਵਿੱਚ 'ਮੇਕ ਅਮੈਰਿਕਾ ਗਰੇਟ ਅਗੇਨ' ਦਾ ਨਾਅਰਾ ਦੇ ਕੇ ਚੋਣ ਜਿੱਤੀ ਸੀ। ਟਰੰਪ ਨੇ ਕਈ ਵਾਰ ਕਿਹਾ ਕਿ ਉਸਨੇ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨੂੰ ਬੰਦੀ ਬਣਾ ਕੇ ਉਨ੍ਹਾਂ ਦੇ ਬਹੁਤ ਵੱਡੇ ਤੇਲ ਭੰਡਾਰਾਂ ਉੱਤੇ ਅਮਰੀਕੀ ਕਬਜ਼ਾ ਸਥਾਪਤ ਕਰ ਦਿੱਤਾ ਹੈ; ਯੂਰੋਪੀਅਨ ਮੁਲਕ ਗਰੀਨਲੈਂਡ ਨੂੰ ਅਮਰੀਕਾ ਨਾਲ ਰਲਾਉਣਾ ਹੈ; ਕੈਨੇਡਾ ਨੂੰ ਆਖਿਆ ਕਿ ਤੁਹਾਨੂੰ ਅਮਰੀਕਾ ਦਾ ਇਕਵੰਜਵਾਂ ਸੂਬਾ ਬਣਾਇਆ ਜਾ ਸਕਦਾ; ਮੈਕਸਿਕੋ ਅਤੇ ਕੋਲੰਬੀਆ ਨੂੰ ਅਮਰੀਕਾ ਪੱਖੀ ਸਰਕਾਰਾਂ ਬਣਾਉਣ ਦਾ ਇਸ਼ਾਰਾ ਦੇ ਦਿੱਤਾ।

ਕਿਊਬਾ ਵਿੱਚ ਆਪਣੇ ਪੱਖੀ ਸਰਕਾਰ ਬਣਾਉਣ ਦਾ ਐਲਾਨ ਵਾਰ-ਵਾਰ ਕੀਤਾ ਜਾ ਰਿਹਾ। ਇਸ ਤੋਂ ਅਮਰੀਕਾ ਦੇ ਲਾਤੀਨੀ, ਉੱਤਰੀ ਅਮਰੀਕਾ ਵਿਚ ਕਬਜੇ ਵਾਲੇ ਹਮਲਾਵਰ ਤੇਵਰ ਸਾਫ ਦਿੱਸਦੇ ਹਨ। ਸਾਰੀ ਦੁਨੀਆਂ ਉੱਤੇ ਟਰੰਪ ਵੱਲੋਂ ਆਪਹੁਦਰੇ ਢੰਗ ਨਾਲ ਟੈਰਿਫ਼ ਬੰਬ ਸੁੱਟਣਾ ਵੀ ਤਾਂ ਹਮਲੇ ਵਰਗਾ ਹੀ ਸੀ।ਇਸ ਤੋਂ ਪਹਿਲਾਂ ਵੀ ਦੁਨੀਆਂ ਨੇ ਵੇਖਿਆ ਹੈ ਕਿ ਸੋਵੀਅਤ ਰੂਸ ਨੂੰ 15 ਦੇਸ਼ਾਂ ਵਿੱਚ ਖਿੰਡਾਉਣ ਦੀਆਂ ਸਾਜ਼ਿਸ਼ਾਂ ਕਾਮਯਾਬ ਹੋਣ ਮਗਰੋਂ ਵੀ 'ਨਾਟੋ' ਦੇਸ਼ ਢੈਲੇ ਨਹੀਂ ਸਨ ਪਏ। ਰੂਸ ਨੂੰ ਹੋਰ ਘੇਰਨ ਲਈ ਇਸ ਨਾਲੋਂ ਟੁੱਟੇ ਮੁਲਕਾਂ ਨੂੰ ਨਾਟੋ ਦੇ ਮੈਂਬਰ ਬਣਾਉਣ ਦੀ ਨੀਤੀ ਅਪਣਾਈ। ਜਦੋਂ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਰਾਹੀਂ ਯੂਕ੍ਰੇਨ ਨੂੰ ਨਾਟੋ ਮੈਂਬਰ ਬਣਾ ਕੇ ਰੂਸ ਦੇ ਬਿਲਕੁਲ ਬਰੂਹੀਂ ਬੈਠਣ ਲੱਗੇ ਤਾਂ ਰੂਸ ਕੋਲ ਦੋ ਹੀ ਬਦਲ ਸਨ ਕਿ ਉਹ ਜਾਂ ਤਾਂ ਇਕੱਲੇ ਯੂਕਰੇਨ ਨਾਲ ਹੁਣ ਲੜ ਲਵੇ ਜਾਂ ਫਿਰ ਕੁਝ ਸਾਲਾਂ ਬਾਅਦ ਨਾਟੋ ਦੇ 33 ਦੇਸ਼ਾਂ ਨਾਲ ਯੁੱਧ ਕਰੇ। ਇਸੇ ਦਾ ਨਤੀਜਾ ਮੌਜੂਦਾ ਰੂਸ-ਯੂਕ੍ਰੇਨ ਜੰਗ ਦੇ ਰੂਪ ਵਿੱਚ ਨਿਕਲਿਆ। ਅੱਜ ਯੂਕ੍ਰੇਨ ਨੂੰ 32 ਨਾਟੋ ਦੇਸ਼ਾਂ ਦੀ ਮਦਦ ਨਾਲ ਰੂਸ ਨੂੰ ਕਮਜ਼ੋਰ ਕਰਨ ਲਈ ਲੜਾਇਆ ਜਾ ਰਿਹਾ ਹੈ। ਹਾਲਾਤ ਇਵੇਂ ਰਹੇ ਤਾਂ ਇਸ ਜੰਗ ਦੇ ਬਹੁਤ ਭਿਆਨਕ ਰੂਪ ਲੈਣ ਦੀ ਸੰਭਾਵਨਾ ਹੈ।ਸੰਨ 1949 ਤੋਂ ਲੈ ਕੇ 1973 ਤੱਕ ਤਾਇਵਾਨ ਹੀ ਚੀਨ ਸਰਕਾਰ ਦੀ ਯੂ ਐੱਨ ਓ ਵਿੱਚ ਪ੍ਰਤੀਨਿਧਤਾ ਕਰਦਾ ਸੀ। ਹੁਣ ਇਹ ਖ਼ੁਦਮੁਖਤਾਰ ਖੇਤਰ ਹੈ। ਤਾਇਵਾਨ ਦਾ ਨਾਮ 'ਰਿਪਬਲਿਕ ਔਫ ਚਾਈਨਾ' ਹੈ। ਅਮਰੀਕਾ ਇਸ ਨੂੰ ਲਗਾਤਾਰ ਚੀਨ ਵਿਰੁੱਧ ਉਕਸਾ ਰਿਹਾ ਹੈ ਕਿ ਉਹ ਆਪਣੇ ਆਪ ਨੂੰ ਆਜ਼ਾਦ ਦੇਸ਼ ਐਲਾਨ ਕਰ ਦੇਵੇ ਅਤੇ ਅਮਰੀਕਾ ਦਾ ਜੋੜੀਦਾਰ ਬਣੇ।

(ਬਾਕੀ ਸਫ਼ਾ 27 'ਤੇ)

# ਮੋਦੀ-ਟਰੰਪ ਮੁਲਾਕਾਤ: ਨਿੱਘ ਗਾਇਬ, ਰਣਨੀਤਕ ਦੂਰੀਆਂ ਅਤੇ ਬਦਲਦੇ ਸਮੀਕਰਨ

ਵਿਜੈ ਕਪੂਰ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ 16 ਮਹੀਨਿਆਂ ਬਾਅਦ ਫਰਾਂਸ ਦੇ ਏਵੀਅਨ ਜੀ-7 ਸੰਮੇਲਨ ਤੋਂ ਵੱਖ ਇੱਕ ਦੁਵੱਲੀ ਮੁਲਾਕਾਤ ਹੋਈ। ਵਣਜ ਤੇ ਉਦਯੋਗ ਮੰਤਰੀ ਪਿਊਸ਼ ਗੋਇਲ ਦੇ ਅਨੁਸਾਰ ਇਹ ਮੁਲਾਕਾਤ ਬਹੁਤ ਮਹੱਤਵਪੂਰਨ ਹੈ, ਕਿਉਂਕਿ ਨਵੀਂ ਦਿੱਲੀ ਤੇ ਵਾਸ਼ਿੰਗਟਨ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਵੱਲ ਵਧ ਰਹੇ ਹਨ, ਜਿਸ ਦਾ ਪਹਿਲਾ ਹਿੱਸਾ ਜੁਲਾਈ ਦੇ ਅੱਧ ਤੱਕ ਲਾਗੂ ਹੋ ਸਕਦਾ ਹੈ। ਇਹ ਮੁਲਾਕਾਤ ਉਸ ਸਮੇਂ ਹੋਈ, ਜਦੋਂ ਅਮਰੀਕਾ ਤੇ ਇਰਾਨ ਸਵਿਟਜ਼ਰਲੈਂਡ ਵਿੱਚ ਇੱਕ ਅੰਤਰਿਮ ਸ਼ਾਂਤੀ ਸਮਝੌਤੇ 'ਤੇ ਦਸਤਖ਼ਤ ਕਰਨ ਜਾ ਰਹੇ ਸਨ। ਹਾਲਾਂਕਿ ਆਪਣੀ ਦੁਵੱਲੀ ਮੁਲਾਕਾਤ ਤੋਂ ਪਹਿਲਾਂ ਦੋਹਾਂ ਨੇਤਾਵਾਂ ਨੇ ਮੀਡੀਆ ਨਾਲ ਗੱਲ ਕੀਤੀ, ਜਿੱਥੇ ਓਮਾਨ ਦੀ ਖਾੜੀ 'ਚ ਅਮਰੀਕੀ ਜਲ ਸੈਨਾ ਦੁਆਰਾ ਹਾਲ ਹੀ 'ਚ 3 ਭਾਰਤੀ ਮਲਾਹਾਂ ਦੇ ਮਾਰੇ ਜਾਣ ਦਾ ਮੁੱਦਾ ਉੱਠਣਾ ਲਾਜ਼ਮੀ ਸੀ। ਮੋਦੀ ਨੇ ਹਮਲੇ ਦੇ ਲਈ ਅਮਰੀਕਾ ਦਾ ਸਿੱਧਾ ਨਾਂਅ ਲਏ ਬਗੈਰ ਰਾਸ਼ਟਰਪਤੀ ਟਰੰਪ ਨੂੰ ਕਿਹਾ ਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਸ਼ਾਂਤੀ ਸਮਝੌਤੇ ਨੂੰ ਲਾਗੂ ਕਰਦੇ ਸਮੇਂ ਮਲਾਹਾਂ ਦੀ ਸੁਰੱਖਿਆ ਦੇ ਮੁੱਦੇ ਨੂੰ 'ਉੱਚ ਤਰਜੀਹ' ਦਿੱਤੀ ਜਾਵੇਗੀ। ਮੋਦੀ ਨੇ ਇਰਾਨ ਨਾਲ ਸਮਝੌਤੇ 'ਤੇ ਪਹੁੰਚਣ ਲਈ ਟਰੰਪ ਦੇ 'ਜ਼ਬਰਦਸਤ ਯਤਨਾਂ' ਦੀ ਸ਼ਲਾਘਾ ਕੀਤੀ। ਜਦੋਂ ਮੋਦੀ ਨੂੰ ਪੁੱਛਿਆ ਗਿਆ ਕਿ ਕੀ ਟਰੰਪ ਕੋਲ ਭਾਰਤੀ ਮਲਾਹਾਂ ਦੀ ਮੌਤ ਨੂੰ ਲੈ ਕੇ ਸ਼ੋਕ ਦੇ ਕੋਈ ਸ਼ਬਦ ਹਨ ਤਾਂ ਉਨ੍ਹਾਂ ਜਵਾਬ 'ਚ ਸਿਰਫ਼ 'ਹਾਂ', ਕਹਿੰਦਿਆਂ ਕਿਹਾ ਕਿ ਅਜਿਹੀਆਂ ਨਿੰਦਣਯੋਗ ਘਟਨਾਵਾਂ ਪਹਿਲਾਂ ਵੀ ਵਾਪਰੀਆਂ ਹਨ।ਜ਼ਿਕਰਯੋਗ ਹੈ ਕਿ ਸੈਂਕੜੇ ਭਾਰਤੀ ਮਲਾਹ ਹੋਰਮੁਜ਼ ਜਲਡਮਰੂ ਸਮੇਤ ਵਿਸ਼ਵ ਸਮੁੰਦਰੀ ਵਪਾਰ ਦੇ ਮਾਰਗਾਂ 'ਤੇ ਕੰਮ ਕਰਦੇ ਹਨ, ਜਿਨ੍ਹਾਂ ਦੀ ਸੁਰੱਖਿਆ ਭਾਰਤ ਲਈ ਬਹੁਤ ਮਹੱਤਵਪੂਰਨ ਹੈ। ਹਾਲਾਂਕਿ ਟਰੰਪ ਨਾਲ ਆਪਣੀ ਗੱਲਬਾਤ ਸੰਬੰਧੀ ਪ੍ਰਧਾਨ ਮੰਤਰੀ ਮੋਦੀ ਨੇ ਐਕਸ 'ਤੇ ਲਿਖਿਆ ਹੈ ਕਿ ਉਨ੍ਹਾਂ ਨੇ ਵਪਾਰ, ਊਰਜਾ, ਰੱਖਿਆ, ਤਕਨਾਲੋਜੀ ਤੇ ਲੋਕਾਂ ਦੇ ਲੋਕਾਂ ਨਾਲ ਸੰਬੰਧਾਂ ਅਤੇ ਹੋਰ ਦੁਵੱਲੇ ਸਹਿਯੋਗ ਸੰਬੰਧੀ ਨਿਯਮਿਤ ਪ੍ਰਗਤੀ ਦੀ ਸਮੀਖਿਆ ਕੀਤੀ ਹੈ। ਭਾਰਤ ਪੱਛਮੀ ਏਸ਼ੀਆ 'ਚ ਸ਼ਾਂਤੀ ਤੇ ਸਥਿਰਤਾ ਬਹਾਲ ਕਰਨ ਦੇ ਯਤਨਾਂ ਵਿੱਚ ਹੋਈ ਪ੍ਰਗਤੀ ਦੀ ਸ਼ਲਾਘਾ ਕਰਦਾ ਹੈ, ਹੋਰਮੁਜ਼ ਜਲਡਮਰੂ ਦਾ ਖੁੱਲ੍ਹਾ ਰਹਿਣਾ ਵਿਸ਼ਵ ਅਰਥਵਿਵਸਥਾ ਲਈ ਬਹੁਤ ਮਹੱਤਵਪੂਰਨ ਹੈ। ਮੋਦੀ ਨੇ ਮਲਾਹਾਂ




ਸਮੇਤ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਦੂਜੇ ਪਾਸੇ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ 'ਸਖ਼ਤ ਵਾਰਤਾਕਾਰ' ਦੱਸਦਿਆਂ ਕਿਹਾ ਹੈ ਕਿ ਭਾਰਤ ਤੇ ਅਮਰੀਕਾ ਜਲਦੀ ਹੀ 'ਵਪਾਰ ਸਮਝੌਤੇ' 'ਤੇ ਦਸਤਖ਼ਤ ਕਰਨ ਵਾਲੇ ਹਨ। ਟਰੰਪ ਅਨੁਸਾਰ ਉਹ ਭਵਿੱਖ ਵਿੱਚ ਕਿਸੇ ਸਮੇਂ ਵੀ ਭਾਰਤ ਦਾ ਦੌਰਾ ਕਰ ਸਕਦੇ ਹਨ, ਹਾਲਾਂਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਅਮਰੀਕਾ ਆਉਣ ਦੇ ਦਿੱਤੇ ਆਪਣੇ ਸੱਦੇ ਦਾ ਕੋਈ ਜ਼ਿਕਰ ਨਹੀਂ ਕੀਤਾ। ਦੱਸਣਯੋਗ ਹੈ ਕਿ ਪਿਛਲੇ ਮਹੀਨੇ ਜਦੋਂ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਭਾਰਤ ਆਏ ਸਨ ਤਾਂ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਨੇ ਟਰੰਪ ਵੱਲੋਂ ਮੋਦੀ ਨੂੰ ਅਮਰੀਕਾ ਆਉਣ ਦਾ ਸੱਦਾ ਦਿੱਤਾ ਹੈ। ਟਰੰਪ ਦੀ ਮੋਦੀ ਨਾਲ ਮੀਡੀਆ ਗੱਲਬਾਤ ਮਜ਼ਾਕ ਤੇ ਟਿੱਪਣੀਆਂ ਨਾਲ ਭਰੀ ਹੋਈ ਸੀ, ਜਿਨ੍ਹਾਂ ਨੂੰ ਕੁਝ ਲੋਕ ਘਟੀਆ ਕਹਿ ਸਕਦੇ ਹਨ, ਕਿਉਂਕਿ ਉਨ੍ਹਾਂ ਵਿੱਚ ਗੰਭੀਰਤਾ ਦੀ ਘਾਟ ਸੀ।

ਜਦੋਂ ਟਰੰਪ ਤੋਂ ਭਾਰਤ ਨਾਲ ਰੱਖਿਆ ਸਹਿਯੋਗ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਜੇਕਰ ਕੋਈ ਇਸ ਵਿਅਕਤੀ 'ਤੇ ਹਮਲਾ ਕਰਦਾ ਹੈ (ਮੋਦੀ ਵੱਲ ਇਸ਼ਾਰਾ ਕਰਦਿਆਂ), ਤਾਂ ਅਸੀਂ ਉੱਥੇ ਰੱਖਿਆ ਕਰਨ ਲਈ ਮੌਜੂਦ ਹੋਵਾਂਗੇ। ਹੁਣ ਜੇਕਰ ਕੋਈ ਨਵਾਂ ਨੇਤਾ (ਭਾਰਤ ਵਿੱਚ) ਹੋਵੇਗਾ ਤਾਂ ਮੈਂ ਯਕੀਨ ਨਾਲ ਕੁਝ ਨਹੀਂ ਕਹਿ ਸਕਦਾ। ਜੇਕਰ ਕੋਈ ਨਵਾਂ ਨੇਤਾ ਹੈ ਤਾਂ ਮੈਨੂੰ ਉਸ ਬਾਰੇ ਪਤਾ ਨਹੀਂ ਹੈ। ਪਰ ਜੇਕਰ ਕੋਈ ਹਮਲਾ ਹੁੰਦਾ ਹੈ ਤੇ ਇਹ (ਮੋਦੀ) ਨੇਤਾ ਹੈ ਤਾਂ ਅਸੀਂ ਮਦਦ ਲਈ ਉੱਥੇ ਹੋਵਾਂਗੇ। ਅਜਿਹੇ ਘਟੀਆ ਮਜ਼ਾਕ ਤੋਂ ਇਸ ਤੱਥ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ 8 ਸਾਲ ਪਹਿਲਾਂ ਟਰੰਪ ਪ੍ਰਸ਼ਾਸਨ ਨੇ ਚੀਨ ਨੂੰ 'ਕੰਟਰੋਲ' ਕਰਨ ਅਤੇ ਨਵੀਂ ਦਿੱਲੀ ਦੇ ਵਧਦੇ ਰਣਨੀਤਕ ਮਹੱਤਵ ਦਾ ਸੰਕੇਤ ਦਿੰਦਿਆਂ ਅਮਰੀਕਾ ਨੇ 'ਯੂ.ਐਸ. ਪੈਸੀਫਿਕ ਕਮਾਂਡ' ਦਾ ਨਾਂਅ ਬਦਲ ਕੇ ਇੰਡੋ-ਪੈਸੀਫਿਕ ਕਮਾਂਡ ਰੱਖ ਦਿੱਤਾ ਸੀ। ਹਾਲਾਂਕਿ ਫਰਾਂਸ 'ਚ ਟਰੰਪ ਤੇ ਮੋਦੀ ਦੀ ਮੁਲਾਕਾਤ ਤੋਂ ਪਹਿਲਾਂ ਪੈਂਟਾਗਨ ਨੇ ਚੁੱਪਚਾਪ ਇਸ ਫ਼ੈਸਲੇ ਨੂੰ ਪਲਟ ਦਿੱਤਾ। ਅਮਰੀਕੀ ਯੁੱਧ ਵਿਭਾਗ ਨੇ 16 ਜੂਨ, 2026 ਨੂੰ ਐਲਾਨ ਕੀਤਾ ਕਿ ਇੰਡੋ-ਪੈਸੀਫਿਕ ਕਮਾਂਡ ਦਾ ਨਾਂਅ ਇਕ ਵਾਰ ਮੁੜ ਤੋਂ ਯੂ.ਐਸ. ਪੈਸੀਫਿਕ ਕਮਾਂਡ ਕਰ ਦਿੱਤਾ ਗਿਆ ਹੈ, ਜਿਵੇਂ ਕਿ ਇਹ 1947 ਤੋਂ 2018 ਤੱਕ ਸੀ। ਇਸ ਬਦਲਾਅ ਦੇ ਪ੍ਰਤੀਕ ਤੇ ਸਮੇਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਵਾਸ਼ਿੰਗਟਨ ਇਸ ਗੱਲ 'ਤੇ ਜ਼ੋਰ ਦੇ ਰਿਹਾ ਹੈ ਕਿ ਅਧਿਕਾਰਤ ਤੌਰ 'ਤੇ ਕੁਝ ਵੀ ਨਹੀਂ ਬਦਲਿਆ ਤੇ ਕਮਾਂਡ ਦੀ ਜ਼ਿੰਮੇਵਾਰੀ ਦਾ ਖੇਤਰ 'ਭਾਰਤ ਦੀ ਪੱਛਮੀ ਸਰਹੱਦ ਤੱਕ ਫੈਲਿਆ ਹੋਇਆ ਹੈ' ਪੈਂਟਾਗਨ ਇਸ ਸੰਬੰਧੀ ਇਤਿਹਾਸ ਦੇ ਹਵਾਲੇ ਦੇ ਰਿਹਾ ਹੈ, ਪਰ ਰਣਨੀਤਕ ਅਧਿਐਨ ਖੇਤਰਾਂ 'ਚ ਜਿੱਥੇ ਪ੍ਰਤੀਕਾਂ ਦੇ ਲੁਕਵੇਂ ਸੰਦੇਸ਼ਾਂ ਦੇ ਅਰਥ ਕੱਢੇ ਜਾਂਦੇ ਹਨ, ਉੱਥੇ ਨਾਂਅ ਬਦਲਣ ਨੇ ਚਿੰਤਾਵਾਂ ਪੈਦਾ ਕੀਤੀਆਂ ਹਨ ਕਿ ਭਾਰਤ ਨੂੰ ਹੌਲੀ-ਹੌਲੀ ਅਮਰੀਕੀ ਏਸ਼ੀਆ ਨੀਤੀ ਦੇ ਕੇਂਦਰ ਤੋਂ ਬਾਹਰ ਧੱਕਿਆ ਜਾ ਰਿਹਾ ਹੈ ਅਤੇ ਟਰੰਪ ਬੀਜਿੰਗ ਤੇ ਇਸਲਾਮਾਬਾਦ ਨਾਲ ਆਪਣੇ ਸਬੰਧਾਂ 'ਚ ਸੁਧਾਰ ਕਰਦੇ ਦਿਖਾਈ ਦੇ ਰਹੇ ਹਨ। ਸ਼ਾਇਦ ਇਸੇ ਕਾਰਨ ਟਰੰਪ ਨੇ ਭਾਰਤ ਨਾਲ ਰੱਖਿਆ ਸਹਿਯੋਗ ਦੇ ਸਵਾਲ ਨੂੰ ਮਜ਼ਾਕ 'ਚ ਉਡਾ ਦਿੱਤਾ ਸੀ। ਨਾਂਅ ਬਦਲਣ ਦੀ 'ਟਾਈਮਿੰਗ' ਨੂੰ ਸਮਝਣਾ ਵੀ ਜ਼ਰੂਰੀ ਹੈ, ਇਹ ਐਲਾਨ ਟਰੰਪ ਤੇ ਮੋਦੀ ਦੀ ਮੁਲਾਕਾਤ ਹੋਣ ਤੋਂ ਕੁਝ ਘੰਟੇ ਪਹਿਲਾਂ ਕੀਤਾ ਗਿਆ। ਇਸ ਮੁਲਾਕਾਤ 'ਚ ਪਹਿਲਾਂ ਜਿਹੀਆਂ ਜੱਫੀਆਂ ਤੇ ਨਿੱਘ ਵੀ ਨਹੀਂ ਸੀ, ਜੋ ਕਦੇ ਦੋਵੇਂ ਨੇਤਾਵਾਂ ਦੇ ਰਿਸ਼ਤੇ ਨੂੰ ਪਰਿਭਾਸ਼ਿਤ ਕਰਦਾ ਸੀ।

ਸਟੇਡੀਅਮ ਰੈਲੀਆਂ ਤੇ ਗਲੇ ਮਿਲਣ ਦੇ ਦਿਨ ਚਲੇ ਗਏ ਹਨ, ਹਾਲਾਂਕਿ ਟਰੰਪ ਵਲੋਂ ਮਹਾਨ ਨਿੱਜੀ ਦੋਸਤੀ ਦੇ ਦਾਅਵੇ ਅਜੇ ਵੀ ਕਾਇਮ ਹਨ। ਪਰ ਜਿਸ ਮੁਲਾਕਾਤ ਦੀ ਪਿੱਠਭੂਮੀ 'ਚ ਟੈਰਿਫ ਵਿਵਾਦ, ਭਾਰਤੀ ਪ੍ਰਵਾਸੀਆਂ ਨੂੰ ਹੱਥਕੜੀਆਂ ਤੇ ਬੇੜੀਆਂ ਲਗਾ ਕੇ ਫ਼ੌਜੀ ਹਵਾਈ ਜਹਾਜ਼ 'ਚ ਵਾਪਸ ਭੇਜਣ, ਰੂਸੀ ਊਰਜਾ ਖਰੀਦਦਾਰੀ 'ਤੇ ਨਾਰਾਜ਼ਗੀ ਤੇ ਭਾਰਤੀ ਪੇਸ਼ੇਵਰਾਂ ਨੂੰ ਪ੍ਰਭਾਵਿਤ ਕਰਨ ਵਾਲੀ ਵੀਜ਼ਾ ਨੀਤੀ ਮੁੱਦੇ ਅਤੇ ਇਰਾਨ ਨਾਲ ਆਪਣੀ 'ਡੀਲ' ਵਿੱਚ ਅਮਰੀਕਾ ਦੁਆਰਾ ਪਾਕਿਸਤਾਨ ਨੂੰ ਵਧੇਰੇ ਮਹੱਤਵ ਦੇਣ ਦੇ ਮੁੱਦੇ ਅਤੇ ਖਾੜੀ 'ਚ 7 ਭਾਰਤੀ ਮਲਾਹਾਂ ਦੀ ਹੱਤਿਆ ਦਾ ਮਾਮਲਾ ਆਦਿ ਹੋਵੇ ਤਾਂ ਮੀਟਿੰਗ 'ਚ ਪਹਿਲਾਂ ਜਿਹਾ ਜੋਸ਼ ਕਿਵੇਂ ਰੱਖਿਆ ਜਾ ਸਕਦਾ ਸੀ?

(ਬਾਕੀ ਸਫ਼ਾ 27 'ਤੇ)

# ਸੰਘ ਆਪਣੀ ਰਜਿਸਟ੍ਰੇਸ਼ਨ ਤੋਂ ਇਨਕਾਰੀ ਕਿਉਂ ?

## ਪ੍ਰਿਯਾਂਕ ਖੜਗੇ ਦੇ ਸਵਾਲ ’ਤੇ ਭਖੀ ਸਿਆਸਤ





ਆਸ਼ੂਤੋਸ਼ ਸੀਨੀਅਰ ਪੱਤਰਕਾਰ

ਕਰਨਾਟਕ ਦੇ ਗ੍ਰਹਿ ਮੰਤਰੀ ਪ੍ਰਿਯਾਂਕ ਖੜਗੇ ਨੇ ਆਰ.ਐਸ.ਐਸ. (ਸੰਘ) ਮੁਖੀ ਮੋਹਨ ਭਾਗਵਤ ਤੋਂ ਇੱਕ ਸਵਾਲ ਪੁੱਛਿਆ ਕਿ ਸੰਘ ਨੇ ਹੁਣ ਤੱਕ ਆਪਣਾ ਰਜਿਸਟ੍ਰੇਸ਼ਨ ਕਿਉਂ ਨਹੀਂ ਕਰਵਾਇਆ ? ਭਾਗਵਤ ਕਹਿ ਸਕਦੇ ਸਨ ਕਿ ਰਜਿਸਟ੍ਰੇਸ਼ਨ ਕਰਵਾ ਲਵਾਂਗੇ, ਪਰ ਸੰਘ ਮੁਖੀ ਨੇ ਸਿੱਧਾ ਜਵਾਬ ਦੇਣ ਦੀ ਬਜਾਏ ਬੜਾ ਹਾਸੋਹੀਣਾ ਤੇ ਅਪਮਾਨਜਨਕ ਜਵਾਬ ਦਿੱਤਾ। ਭਾਗਵਤ ਦਾ ਕਹਿਣਾ ਹੈ ਕਿ ਹਿੰਦੂ ਧਰਮ ਦਾ ਕਦੋਂ ਰਜਿਸਟ੍ਰੇਸ਼ਨ ਹੋਇਆ ਹੈ ? ਇਹ ਹੰਕਾਰ ਭਰਿਆ ਜਵਾਬ ਕਰੋੜਾਂ ਹਿੰਦੂਆਂ ਦਾ ਅਪਮਾਨ ਹੈ। ਸੰਘ ਮੁਖੀ ਆਪਣੇ ਹੰਕਾਰ ਵਿੱਚ ਭੁੱਲ ਗਏ ਕਿ ਆਰ.ਐਸ.ਐਸ.. ਹਿੰਦੂ ਧਰਮ ਨਹੀਂ ਹੈ, ਜੇਕਰ ਉਹ ਕਿਸੇ ਭਰਮ ’ਚ ਹਨ ਤਾਂ ਇਹ ਜਲਦੀ ਹੀ ਦੂਰ ਹੋ ਜਾਵੇਗਾ, ਕਿਉਂਕਿ ਹਿੰਦੂ ਧਰਮ ਕਿਸੇ ਦੇ ਹੰਕਾਰ ਨੂੰ ਬਰਦਾਸ਼ਤ ਨਹੀਂ ਕਰਦਾ। ਜੇਕਰ ਆਰ.ਐਸ.ਐਸ. ਭਾਰਤੀ ਸੰਵਿਧਾਨ ਨੂੰ ਮੰਨਦਿਆਂ ਕਾਨੂੰਨ ਦੇ ਦਾਇਰੇ ’ਚ ਰਹਿ ਕੇ ਕੰਮ ਕਰਦਾ ਹੈ, ਤਾਂ ਉਸ ਨੂੰ ਰਜਿਸਟ੍ਰੇਸ਼ਨ ਕਰਵਾਉਣੀ ਚਾਹੀਦੀ ਹੈ। ਜੇ ਉਨ੍ਹਾਂ ਅੰਗਰੇਜ਼ਾਂ ਦੇ ਜ਼ਮਾਨੇ ’ਚ ਰਜਿਸਟ੍ਰੇਸ਼ਨ ਨਹੀਂ ਕਰਵਾਈ ਤਾਂ ਵੱਖਰੀ ਗੱਲ ਹੈ, ਪਰ ਦੇਸ਼ ਆਜ਼ਾਦ ਹੋਣ ਤੋਂ ਬਾਅਦ ਰਜਿਸਟ੍ਰੇਸ਼ਨ ਕਰਵਾਉਣੀ ਚਾਹੀਦੀ ਸੀ, ਕਿਉਂਕਿ ਦੇਸ਼ ਦਾ ਸੰਵਿਧਾਨ ਕਹਿੰਦਾ ਹੈ ਕਿ ਦੇਸ਼ ਕਾਨੂੰਨ ਦੇ ਅਨੁਸਾਰ ਚੱਲੇਗਾ। ਦੇਸ਼ ਦੇ ਸੰਵਿਧਾਨ ਅਨੁਸਾਰ ਜੇਕਰ ਕੁਝ ਲੋਕ ਇੱਕ ਸੰਗਠਨ ਬਣਾ ਕੇ ਕੋਈ ਕੰਮ ਕਰਨਾ ਚਾਹੁੰਦੇ ਹਨ ਤਾਂ ਇਸ ਦੀ ਰਜਿਸਟ੍ਰੇਸ਼ਨ ਹੋਣੀ ਚਾਹੀਦੀ ਹੈ ਤਾਂ ਜੋ ਪਤਾ ਚੱਲ ਸਕੇ, ਕਿ ਸੰਬੰਧਿਤ ਸੰਗਠਨ ਦੇ ਕੰਮ ਦਾ ਉਦੇਸ਼ ਕੀ ਹੈ, ਉਨ੍ਹਾਂ ਦੇ ਮੈਂਬਰ ਤੇ ਅਹੁਦੇਦਾਰ ਕੌਣ ਹਨ ? ਉਹ ਕਾਨੂੰਨ ਦੀ ਕਿਸ ਧਾਰਾ ਦੇ ਤਹਿਤ ਆਪਣੀਆਂ ਸਰਗਰਮੀਆਂ ਚਲਾਉਂਦੇ ਹਨ ? ਉਹ ਸੰਗਠਨ ਕੋਈ ਵਿੱਤੀ ਲੈਣ-ਦੇਣ ਕਰਦਾ ਹੈ ਤਾਂ ਕੀ ਉਸ ਦਾ ਹਿਸਾਬ ਰੱਖਿਆ ਜਾਂਦਾ ਹੈ ਜਾਂ ਨਹੀਂ ? ਇਹ ਸਭ ਕਾਨੂੰਨ ਅਨੁਸਾਰ ਕਿਸੇ ਵੀ ਸੰਗਠਨ ਲਈ ਜ਼ਰੂਰੀ ਹੈ।

ਸੰਘ ਪਰਿਵਾਰ ਜੋ ਦੁਨੀਆ ਦਾ ਸਭ ਤੋਂ ਵੱਡਾ ਸੰਗਠਨ ਹੋਣ ਦਾ ਦਾਅਵਾ ਕਰਦਾ ਹੈ, ਪ੍ਰਧਾਨ ਮੰਤਰੀ ਖ਼ੁਦ ਲਾਲ ਕਿਲ੍ਹੇ ਦੀ ਫਸੀਲ ਤੋਂ ਆਰ.ਐਸ.ਐਸ. ਬਾਰੇ ਦੁਨੀਆ ਦਾ ਸਭ ਤੋਂ ਵੱਡਾ ਐਨ.ਜੀ.ਓ. ਹੋਣ ਦਾ ਦਾਅਵਾ ਕਰਦੇ ਹਨ। ਫਿਰ ਇਹ ਸੰਗਠਨ ਇਸ ਤੱਥ ਨੂੰ ਮੰਨਣ ਤੋਂ ਇਨਕਾਰੀ ਕਿਉਂ ਹੁੰਦਾ ਹੈ ? ਸੰਘ ਨੂੰ ਇਹ ਦੱਸਣ ਦੀ ਲੋੜ ਹੈ। ਸੰਘ ਆਪਣੀ ਸੰਗਠਨਾਤਮਕ ਤਾਕਤ ’ਤੇ ਮਾਣ ਕਰਦਿਆਂ ਉਸ ਨਾਲ ਕਰੋੜਾਂ ਲੋਕਾਂ ਦੇ ਜੁੜੇ ਹੋਣ ਤੇ ਉਨ੍ਹਾਂ ਦੁਆਰਾ 50 ਤੋਂ ਵੱਧ ਸੰਗਠਨਾਂ ਨੂੰ ਬੜੇ ਸੁਚੱਜੇ ਢੰਗ ਨਾਲ ਚਲਾਉਣ ਦਾ ਦਾਅਵਾ ਵੀ ਕਰਦਾ ਹੈ। ਜਿਸ ਵਿੱਚ ਮੁਖੀ ਤੋਂ ਲੈ ਕੇ ਹੇਠਲੇ ਪੱਧਰ ਤੱਕ ਕੰਮ ਕਰਨ ਵਾਲੇ ਵਿਅਕਤੀ ਦੇ ਕਾਰਜ ਨਿਰਧਾਰਤ ਹਨ, ਫਿਰ ਉਸ ਦਾ ਕਹਿਣਾ ਹੈ ਕਿ ਉਹ ਸੰਗਠਨ ਨਹੀਂ ਹੈ, ਸਗੋਂ ਸਿਰਫ਼ ‘ਵਿਅਕਤੀਆਂ ਦਾ ਸਮੂਹ’ ਹੈ।

ਹੁਣ ਕੌਣ ਮੰਨੇਗਾ ਕਿ ਸੰਘ ਸਿਰਫ਼ ਵਿਅਕਤੀਆਂ ਦਾ ਸਮੂਹ ਹੈ ਜੋ ਰੋਜ਼ਾਨਾ ਇੱਕ ਦੂਜੇ ਨੂੰ ਮਿਲ ਕੇ ਚਲੇ ਜਾਂਦੇ ਹਨ ? ਸੰਘ ਦਰਅਸਲ ਸੰਗਠਨ ਦਾ ਸਮਾਨਾਰਥੀ ਹੈ, ਜਿਸ ਤੋਂ ਪੂਰੀ ਦੁਨੀਆ ਨੂੰ ਸਿੱਖਣਾ ਚਾਹੀਦਾ ਹੈ ਕਿ ਇਕ ਸੰਗਠਨ ਕਿਵੇਂ ਬਣਦਾ ਹੈ, ਇਹ ਕਿਵੇਂ ਚਲਦਾ ਤੇ ਕੰਮ ਕਰਦਾ ਹੈ। ਇਹ ਆਪਣੇ ਅਹੁਦੇਦਾਰਾਂ ਤੇ ਕਾਰਕੁੰਨਾਂ ’ਚ ਕਿਵੇਂ ਅਨੁਸ਼ਾਸਨ ਪੈਦਾ ਕਰਦਾ ਹੈ, ਪਰ ਦਾਅਵਾ ਕਰਦਾ ਹੈ ਕਿ ਉਹ ਸੰਗਠਨ ਨਹੀਂ ਹੈ। ਹੁਣ ਇਸ ਨੂੰ ਝੂਠ ਨਾ ਕਹੀਏ ਤਾਂ ਕੀ ਕਹੀਏ ? ਸਵਾਲ ਉੱਠਦਾ ਹੈ ਕਿ ਆਰ.ਐਸ.ਐਸ. ਆਪਣੇ ਆਪ ਨੂੰ ਇੱਕ ਸੰਗਠਨ ਕਿਉਂ ਨਹੀਂ ਮੰਨਦਾ ?ਦਰਅਸਲ ਆਰ.ਐਸ.ਐਸ. ਦੇ ਇਸ ਝੂਠ ’ਚ ਉਸ ਦਾ ਦਰਦ ਤੇ ਮਜਬੂਰੀ ਦੋਵੇਂ ਛੁਪੇ ਹੋਏ ਹਨ। ਸੰਘ ਦਾ ਮੂਲ ਉਦੇਸ਼ ਹਿੰਦੂਆਂ ਨੂੰ ਇਕਜੁੱਟ ਕਰਨਾ ਹੈ, ਕਿਉਂਕਿ ਉਸ ਦਾ ਮੰਨਣਾ ਹੈ ਕਿ ਹਿੰਦੂਆਂ ਦੇ ਇਕਜੁੱਟ ਨਾ ਹੋਣ ਕਰਕੇ ਉਹ ਸਦੀਆਂ ਤੱਕ ਗੁਲਾਮ ਰਹੇ ਹਨ। ਵੱਖ-ਵੱਖ ਜਾਤਾਂ ’ਚ ਵੰਡੇ ਹਿੰਦੂਆਂ ਨੂੰ ਇਕਜੁੱਟ ਕਰਨ ਲਈ ਸੰਘ ਨੂੰ ਇੱਕ ਦੁਸ਼ਮਣ ਦੀ ਲੋੜ ਹੈ, ਜਿਸ ਨੂੰ ਉਹ ਮੁਸਲਮਾਨਾਂ ਤੇ ਇਸਾਈਆਂ ਦੇ ਰੂਪ ’ਚ ਲੱਭ ਕੇ ਉਨ੍ਹਾਂ ਦਾ ਡਰ ਦਿਖਾ ਕੇ ਹਿੰਦੂਆਂ ਨੂੰ ਇਕਜੁੱਟ ਕਰਨਾ ਚਾਹੁੰਦਾ ਹੈ। ਆਪਣੀ ਕਿਤਾਬ ‘ਬੰਚ ਆਫ਼ ਥੌਟਸ’ ’ਚ ਸੰਘ ਦੇ ਦੂਜੇ ਸਭ ਤੋਂ ਵੱਡੇ ਨੇਤਾ ਐਮ.ਐਸ. ਗੋਲਵਲਕਰ ਨੇ ਲਿਖਿਆ ਕਿ ਭਾਰਤ ਦੇ 3 ਦੁਸ਼ਮਣ: ਮੁਸਲਮਾਨ, ਇਸਾਈ ਤੇ ਕਮਿਊਨਿਸਟ ਹਨ।ਮੋਹਨ ਭਾਗਵਤ ਦਾ ਕਹਿਣਾ ਹੈ ਕਿ ਸੰਘ ਨੇ ਗੋਲਵਲਕਰ ਦੀ ਕਿਤਾਬ ਦੇ ਇਸ ਹਿੱਸੇ ਨੂੰ ਹਟਾ ਦਿੱਤਾ ਹੈ, ਜੋ ਸੰਘ ਦੇ ਵਿਚਾਰਾਂ ਨੂੰ ਨਹੀਂ ਦਰਸਾਉਂਦਾ। ਫਿਰ ਕਿਉਂ ਸੰਘ ਦੇ ਅਹੁਦੇਦਾਰ ਤੇ ਕਾਰਕੁੰਨ ਰੋਜ਼ਾਨਾ ਮੁਸਲਮਾਨਾਂ ਤੇ ਇਸਾਈਆਂ ਵਿਰੁੱਧ ਜ਼ਹਿਰ ਉਗਲਦੇ ਰਹਿੰਦੇ ਹਨ ? ਸੰਘ ਦੇ ਇਸੇ ਕਿਰਦਾਰ ਦਾ ਪਰਦਾਫਾਸ਼ ਸਰਦਾਰ ਪਟੇਲ ਨੇ ਕੀਤਾ ਸੀ, ਜਦੋਂ ਉਨ੍ਹਾਂ 11 ਸਤੰਬਰ 1948 ਨੂੰ ਗੋਲਵਲਕਰ ਨੂੰ ਲਿਖੇ ਇਕ ਪੱਤਰ ’ਚ ਕਿਹਾ ਸੀ ਕਿ ਹਿੰਦੂਆਂ ਨੂੰ ਇਕਜੁੱਟ ਕਰਨਾ ਤੇ ਉਨ੍ਹਾਂ ਦੀ ਮਦਦ ਕਰਨਾ ਠੀਕ ਹੈ, ਪਰ ਉਨ੍ਹਾਂ ਦੇ ਦੁੱਖਾਂ ਦੇ ਲਈ ਮਾਸੂਮ ਤੇ ਬੇਸਹਾਰਾ ਮਰਦਾਂ, ਔਰਤਾਂ ਤੇ ਬੱਚਿਆਂ ਤੋਂ ਬਦਲਾ ਲੈਣਾ ਬਿਲਕੁਲ ਗ਼ਲਤ ਗੱਲ ਹੈ। ਗੋਲਵਲਕਰ ਦੇ ਭਾਸ਼ਣ ਫਿਰਕੂ ਜ਼ਹਿਰ ਨਾਲ ਭਰੇ ਹੁੰਦੇ ਸਨ, ਇਸ ਜ਼ਹਿਰ ਦੇ ਨਤੀਜੇ ਵਜੋਂ ਮਹਾਤਮਾ ਗਾਂਧੀ ਦੀ ਕੀਮਤੀ ਜਾਨ ਚਲੀ ਗਈ। ਜਦੋਂ ਗਾਂਧੀ ਦੀ ਹੱਤਿਆ ਤੋਂ ਬਾਅਦ ਸੰਘ ਦੇ ਲੋਕਾਂ ਨੇ ਮਠਿਆਈਆਂ ਵੰਡੀਆਂ ਤਾਂ ਪਟੇਲ ਨੇ ਸੰਘ ’ਤੇ ਪਾਬੰਦੀ ਲਗਾਉਂਦਿਆ ਗੋਲਵਲਕਰ ਤੇ ਉਨ੍ਹਾਂ ਦੇ ਹਜ਼ਾਰਾਂ ਕਾਰਕੁੰਨਾਂ ਨੂੰ ਜੇਲ੍ਹਾਂ ’ਚ ਸੁੱਟ ਦਿੱਤਾ। ਹਾਲਾਂਕਿ ਇਸ ਗੱਲ ਦਾ ਕਦੇ ਕੋਈ ਸਬੂਤ ਨਹੀਂ ਮਿਲਿਆ ਕਿ ਗਾਂਧੀ ਦੀ ਹੱਤਿਆ ’ਚ ਸੰਘ ਦਾ ਕੋਈ ਹੱਥ ਸੀ ਜਾਂ ਨਹੀਂ। ਪਟੇਲ, ਗਾਂਧੀ ਦੇ ਪੱਕੇ ਪੈਰੋਕਾਰ ਤੇ ਕਾਂਗਰਸੀ ਹੋਣ ਦੇ ਬਾਵਜੂਦ ਸੰਘ ਨਾਲ ਹਮਦਰਦੀ ਰੱਖਦੇ ਸਨ। ਫਿਰ ਵੀ ਉਨ੍ਹਾਂ ਸੰਘ ’ਤੇ ਇਸ ਲਈ ਪਾਬੰਦੀ ਲਗਾਈ ਕਿਉਂਕਿ ਸੰਘ ਦੀਆਂ ਸਰਗਰਮੀਆਂ ਦੇਸ਼ ਤੇ ਸਮਾਜ ਲਈ ਖ਼ਤਰਨਾਕ ਸਨ।

ਇੰਦਰਾ ਗਾਂਧੀ ਵੱਲੋਂ 1975 ’ਚ ਦੇਸ਼ ’ਚ ਐਮਰਜੈਂਸੀ ਲਗਾਉਣ ਸਮੇਂ ਸੰਘ ’ਤੇ ਪਾਬੰਦੀ ਲਗਾ ਦਿੱਤੀ ਸੀ। ਅਟਲ ਬਿਹਾਰੀ ਵਾਜਪਾਈ ਤੇ ਸੰਘ ਮੁਖੀ ਬਾਲਾ ਸਾਹਿਬ ਦੇਵਰਸ ਵੀ ਇੰਦਰਾ ਗਾਂਧੀ ਦੀ ਪ੍ਰਸੰਸਾ ਕਰਦੇ ਸਨ। ਇੰਦਰਾ ਗਾਂਧੀ ਸੰਘ ਨੂੰ ਨਫ਼ਰਤ ਨਹੀਂ ਕਰਦੀ ਸੀ, ਫਿਰ ਵੀ ਉਸ ਨੂੰ ਸੰਘ ’ਤੇ ਪਾਬੰਦੀ ਲਗਾਉਣੀ ਪਈ ਸੀ ? ਇਸੇ ਤਰ੍ਹਾਂ ਪੀ.ਵੀ. ਨਰਸਿਮ੍ਹਾ ਰਾਓ ਨੇ 6 ਦਸੰਬਰ 1992 ਨੂੰ ਬਾਬਰੀ ਮਸਜਿਦ ਢਾਹੁਣ ਤੋਂ ਬਾਅਦ ਸੰਘ ’ਤੇ ਪਾਬੰਦੀ ਲਗਾ ਦਿੱਤੀ ਸੀ। ਲਾਲ ਕ੍ਰਿਸ਼ਨ ਅਡਵਾਨੀ ਨੇ ਬਾਬਰੀ ਮਸਜਿਦ ਨੂੰ ਢਾਹੁਣ ਵਾਲੇ ਦਿਨ ਨੂੰ ਆਪਣੀ ਜ਼ਿੰਦਗੀ ਦੀ ਸਭ ਤੋਂ ਦੁਖਦਾਈ ਘਟਨਾ ਕਿਹਾ ਸੀ, ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਇਸ ਨੂੰ ਇੱਕ ਅਪਰਾਧਿਕ ਕਾਰਵਾਈ ਲਿਖਿਆ ਹੈ। ਬਾਬਰੀ ਮਸਜਿਦ ਨੂੰ ਢਾਹੁਣ ਦੀ ਪੂਰੀ ਯੋਜਨਾ ਸੰਘ ਦੇ ਕਾਰਕੁੰਨਾਂ ਨੇ ਤਿਆਰ ਕੀਤੀ ਸੀ। ਨਰਸਿਮ੍ਹਾ ਰਾਓ ਵੀ ਸੰਘ ਦੇ ਦੁਸ਼ਮਣ ਨਹੀਂ ਸਨ ਤੇ ਸੰਘ ਪ੍ਰਤੀ ਨਰਮ ਵਤੀਰਾ ਰੱਖਦੇ ਸਨ। ਪਟੇਲ, ਇੰਦਰਾ ਗਾਂਧੀ ਤੇ ਰਾਓ ਸਾਰੇ ਸੰਘ ਪ੍ਰਤੀ ਨਰਮ ਵਤੀਰਾ ਰੱਖਦੇ ਸਨ, ਫਿਰ ਵੀ ਉਨ੍ਹਾਂ ਨੂੰ ਇਸ ’ਤੇ ਪਾਬੰਦੀ ਲਗਾਉਣੀ ਪਈ। ਕਿਉਂ ?

ਜਿਸ ਸੰਗਠਨ ’ਤੇ ਦੇਸ਼ ’ਚ 3 ਵਾਰ ਪਾਬੰਦੀ ਲੱਗੀ ਹੋਵੇ, ਉਹ ਹਮੇਸ਼ਾ ਕੋਸ਼ਿਸ਼ ਕਰਦਾ ਹੈ ਕਿ ਉਸ ਦੀ ਕੋਈ ਵੀ ਸਰਗਰਮੀ ਕਾਗਜ਼ਾਂ ’ਤੇ ਦਰਜ਼ ਨਾ ਹੋਵੇ ਤਾਂ ਜੋ ਕੋਈ ਸਬੂਤ ਨਾ ਮਿਲ ਸਕੇ, ਜੇਕਰ ਸੰਘ ਰਜਿਸਟ੍ਰੇਸ਼ਨ ਕਰਵਾਉਂਦਾ ਹੈ ਤਾਂ ਉਸ ਨੂੰ ਆਪਣੇ ਵਰਕਰਾਂ ਤੇ ਅਹੁਦੇਦਾਰਾਂ ਦਾ ਰਜਿਸਟਰ ਰੱਖਣਾ ਪਵੇਗਾ। ਜੇਕਰ ਉਹ ਕਦੇ ਵੀ ਕਿਸੇ ਗਲਤ ਕੰਮ ਜਾਂ ਸਮਾਜ ਵਿਰੋਧੀ ਸਰਗਰਮੀਆਂ ’ਚ ਸ਼ਾਮਿਲ ਹੋਣ ਕਰਕੇ ਫੜੇ ਜਾਂਦੇ ਹਨ ਤਾਂ ਸੰਘ ਉਨ੍ਹਾਂ ਨੂੰ ਆਪਣੇ ਵਰਕਰ ਨਾ ਹੋਣ ਦਾ ਕਹਿ ਕੇ ਇਨਕਾਰ ਨਹੀਂ ਕਰ ਸਕੇਗਾ, ਕਿਉਂਕਿ ਰਜਿਸਟ੍ਰੇਸ਼ਨ ਹੋਣ ਤੋਂ ਬਾਅਦ ਹੁਣ ਵਾਲੀ ਸਹੂਲਤ ਨਹੀਂ ਮਿਲੇਗੀ। ਮੈਨੂੰ ਉਮੀਦ ਨਹੀਂ ਹੈ ਕਿ ਸੰਘ ਕਰਨਾਟਕ ਸਰਕਾਰ ਦੇ ਦਬਾਅ ਹੇਠ ਰਜਿਸਟ੍ਰੇਸ਼ਨ ਕਰਵਾਉਣ ਲਈ ਸਹਿਮਤ ਹੋ ਜਾਵੇਗਾ, ਕਿਉਂਕਿ ਕੇਂਦਰ ’ਚ ਉਨ੍ਹਾਂ ਦੀ ਸਰਕਾਰ ਹੈ। ਅਜਿਹੀ ਸਥਿਤੀ ਵਿਚ ਕਰਨਾਟਕ ਸਰਕਾਰ ਵੀ ਇਕ ਹੱਦ ਤੋਂ ਬਾਅਦ ਸੰਘ ਨੂੰ ਰਜਿਸਟ੍ਰੇਸ਼ਨ ਲਈ ਮਜਬੂਰ ਨਹੀਂ ਕਰ ਸਕੇਗੀ। ਪਰ ਲੋਕਾਂ ਦੇ ਮਨਾਂ ’ਚ ਇਹ ਸਵਾਲ ਜ਼ਰੂਰ ਰਹੇਗਾ, ਕਿ ਦੁਨੀਆ ਦਾ ਸਭ ਤੋਂ ਵੱਡਾ ਸੰਗਠਨ ਆਪਣੇ ਆਪ ਨੂੰ ਇਕ ਸੰਗਠਨ ਕਿਉਂ ਨਹੀਂ ਮੰਨਦਾ ? ਸੰਘ ਸੱਚ ਬੋਲਣ ਤੋਂ ਕਿਉਂ ਝਿਜਕਦਾ ਹੈ ? ਕੁਝ ਤਾਂ ਗਲਤ ਹੈ, ਜੋ ਸੰਘ ਦੇ ਨੈਤਿਕਤਾ ਦੇ ਝੂਠੇ ਪਰਦੇ ਨੂੰ ਨੁਕਸਾਨ ਪਹੁੰਚਾਉਣ ਲਈ ਕਾਫ਼ੀ ਹੈ ਅਤੇ ਸ਼ਾਇਦ ਇਹੀ ਕਾਂਗਰਸ ਦਾ ਉਦੇਸ਼ ਹੈ।

# ਕਾਰੋਬਾਰ ਬਣੀ ਦੇਸ਼ ਦੀ ਸਿੱਖਿਆ ਵਿਵਸਥਾ



ਅਮਨਪ੍ਰੀਤ ਸਿੰਘ ਬਰਾੜ



ਕੀ ਦੇਸ਼ ਦਾ ਨੌਜਵਾਨ ਪੈਰਾਸਾਇਟ (ਚਿੱਚੜ/ਖਟਮਲ ਜਾਂ ਜੂਆਂ) ਜੋ ਖ਼ੂਨ ਚੂਸਦੇ ਹਨ ਜਾਂ ਫਿਰ ਕਾਕਰੋਚ ਹਨ ? ਕੀ ਸਾਡੇ ਬੱਚੇ ਜੋ ਪੜ੍ਹ ਕੇ ਵੀ ਅਨਪੜ੍ਹਾਂ ਵਾਲਾ ਕੰਮ ਕਰਨ ਨੂੰ ਮਜਬੂਰ ਹਨ, ਉਹ ਕੀੜੇ-ਮਕੌੜੇ ਹਨ ? ਠੀਕ ਹੈ ਆਮ ਇਨਸਾਨ ਸਾਧਨਾਂ ਦੀ ਕਮੀ ਕਰਕੇ ਆਰਥਿਕ ਤੌਰ ’ਤੇ ਕਮਜ਼ੋਰ ਹਨ।ਅਗੋਂ ਸਰਕਾਰਾਂ ਨੇ ਵੀ ਨੌਕਰੀ ਦੀ ਬਜਾਏ ਬਿਨਾਂ ਕੰਮ ਤੋਂ ਸਰਕਾਰੀ ਪੈਸਾ ਵੰਡਣ ਨੂੰ ਤਰਜੀਹ ਦਿੱਤੀ ਹੈ, ਤਾਂ ਕਿ ਲੋਕ ਨਿਕੰਮੇ ਰਹਿਣ ਤੇ ਉਨ੍ਹਾਂ ਦੀ ਮੁਫ਼ਤ ਅਨਾਜ ਤੇ ਹੋਰ ਸਹੂਲਤਾਂ ਨਾਲ ਵੋਟ ਪੱਕੀ ਰਹੇ। ਅੱਜ ਸਰਕਾਰਾਂ ਲੋਕਾਂ ਲਈ ਜਾਂ ਦੇਸ਼ ਲਈ ਕੀਤੇ ਕੰਮਾਂ ਕਰਕੇ ਨਹੀਂ, ਸਗੋਂ ਮੁਫ਼ਤ ਦੀਆਂ ਸਹੂਲਤਾਂ ਨਾਲ ਬਣਦੀਆਂ ਹਨ, ਜਿਸ ਕਰਕੇ ਦੇਸ਼ ਦੀ ਉਤਪਾਦਕਤਾ ਘਟਦੀ ਜਾਂਦੀ ਹੈ। ਅਸਲ ਵਿੱਚ ਤਾਂ ਸਿਸਟਮ ਕੁਰਸੀ ’ਤੇ ਬੈਠਣ ਵਾਲਿਆਂ ਨੇ ਅਜਿਹਾ ਬਣਾ ਲਿਆ ਕਿ ਉਹ ਸਮਾਜ ਦੇ ਮੱਧ ਤੇ ਗਰੀਬ ਵਰਗ ਨੂੰ ਘੁਣ ਵਾਂਗ ਚਿੰਬੜ ਗਏ ਹਨ। ਆਮ ਲੋਕ ਤਾਂ ਦੋ ਵਕਤ ਦੀ ਰੋਟੀ ਤੇ ਆਪਣੀ ਔਲਾਦ ਨੂੰ ਪੜ੍ਹਾਉਣ ਵਿੱਚ ਕੋਹਲੂ ਦੇ ਬੈਲ ਬਣ ਜਾਂਦੇ ਹਨ ਤੇ ਉਨ੍ਹਾਂ ਦੀ ਸੋਚ ਸ਼ਕਤੀ ਹੀ ਨਹੀਂ ਰਹਿੰਦੀ। ਕੀ ਕਦੇ ਕਿਸੇ ਨੇ ਸੋਚਿਆ ਕਿ ਸਾਡੀ ਨੌਜਵਾਨੀ ਦੀ ਮਾੜੀ ਦੁਰਦਸ਼ਾ ਪਿੱਛੇ ਕਿਸ ਦਾ ਹੱਥ ਹੈ ? ਕੌਣ ਇਨ੍ਹਾਂ ਨੂੰ ਆਪਣਾ ਦੇਸ਼ ਛੱਡਣ ਲਈ ਮਜਬੂਰ ਕਰ ਰਿਹਾ ਹੈ ? ਇਸ ਸਭ ਦੇ ਪਿੱਛੇ ਹੱਥ ਹੈ ਸਾਡੇ ਸਿਸਟਮ ਦਾ, ਜਿਸ ਨੂੰ ਸਿਰਜਦੇ ਹਨ ਤਕੜੇ ਲੋਕ, ਜੋ ਆਮ ਇਨਸਾਨਾਂ ਨੂੰ ਕੀੜੇ-ਮਕੌੜੇ ਹੀ ਸਮਝਦੇ ਹਨ। ਇਸ ਵਿੱਚ ਉਨ੍ਹਾਂ ਦਾ ਸਾਥ ਦਿੰਦੇ ਹਨ ਸਾਡੇ ਸੰਵਿਧਾਨ ਦੇ ਤਿੰਨ ਥੰਮ ਤੇ ਆਮ ਕਿਹਾ ਜਾਣ ਵਾਲਾ ਚੌਥਾ ਥੰਮ (ਮੀਡੀਆ)। ਜੇ ਇਹ ਲੋਕ ਆਪਣਾ ਕੰਮ ਦੇਸ਼ ਤੇ ਲੋਕ ਹਿੱਤ ਨੂੰ ਧਿਆਨ ਵਿਚ ਰੱਖ ਕੇ ਇਮਾਨਦਾਰੀ ਨਾਲ ਕਰਦੇ ਤਾਂ ਸ਼ਾਇਦ ਅੱਜ ਦੇਸ਼ ਦੇ ਹਾਲਾਤ ਹੋਰ ਹੁੰਦੇ। ਪੂੰਜੀਪਤੀਆਂ ਨੇ ਅੱਜ ਵਿੱਦਿਆ ਤੇ ਸਿਹਤ ਵਰਗੇ ਪਵਿੱਤਰ ਕਿੱਤੇ ਨੂੰ ਵੀ ਵਪਾਰ ਬਣਾ ਦਿੱਤਾ ਹੈ।

ਵਿੱਦਿਆ ਦਾ ਨਿੱਜੀਕਰਨ-ਅੱਜ ਹਾਲਾਤ ਇਹ ਹਨ ਕਿ ਚੱਪੇ-ਚੱਪੇ ’ਤੇ ਨਿੱਜੀ ਕਾਲਜ ਤੇ ਯੂਨੀਵਰਸਿਟੀਆਂ ਖੁੱਲ੍ਹ ਗਈਆਂ ਹਨ। ਜ਼ਿਕਰਯੋਗ ਹੈ ਕਿ ਵਿੱਦਿਅਕ ਅਦਾਰੇ ਆਮਦਨ ਟੈਕਸ ਦੇ ਘੇਰੇ ਵਿੱਚ ਨਹੀਂ ਆਉਂਦੇ। ਇਸ ਲਈ ਕਾਲੇ ਧਨ ਨੂੰ ਸਫ਼ੈਦ ਕਰਨ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਹੋਇਆ ਇਹ ਕਿ ਕਈ ਦੱਖਣ ਦੇ ਸਿਆਸਤਦਾਨਾਂ ਨੇ ਉੱਥੇ ਵੱਡੇ-ਵੱਡੇ ਨਿੱਜੀ ਕਾਲਜ ਤੇ ਯੂਨੀਵਰਸਿਟੀਆਂ ਖੋਲ੍ਹ ਲਈਆਂ। ਹੌਲੀ-ਹੌਲੀ ਨਿੱਜੀ ਖੇਤਰ ਵਿੱਚ ਇਸ ਨੂੰ ਵੱਡੇ ਮੁਨਾਫ਼ੇ ਦੇ ਸਾਧਨ ਵਜੋਂ ਦੇਖਿਆ ਗਿਆ ਤੇ ਪੂੰਜੀਪਤੀਆਂ ਨੇ ਸਾਰੇ ਭਾਰਤ ਵਿੱਚ ਹੀ ਆਪਣੇ ਪੈਰ ਪਸਾਰ ਲਏ। ਇਸ ਤੋਂ ਬਾਅਦ ਇਨ੍ਹਾਂ ਦੇ ਮਾਲਕਾਂ ਨੇ ਆਪਣੇ ਪੈਸੇ ਦੇ ਬਲਬੂਤੇ ਸਿਆਸਤ ਵਿੱਚ ਸ਼ਮੂਲੀਅਤ ਕਰ ਲਈ। ਸਿਆਸਤ ਵਿੱਚ ਪਹੁੰਚਣ ਕਰਕੇ ਜਾਂ ਪੈਸੇ ਦਾ ਅਸਰ-ਰਸੂਖ ਹੋਣ ਕਰਕੇ ਇਨ੍ਹਾਂ ਦੇ ਕਾਲਜਾਂ/ਯੂਨੀਵਰਸਿਟੀਆਂ ਵਿੱਚ ਨਿਯਮਾਂ ਦੀਆਂ ਧੱਜੀਆਂ ਉੱਡਣ ਲੱਗੀਆਂ। ਹੌਲੀ-ਹੌਲੀ ਹਾਲ ਇਹ ਹੋ ਗਿਆ ਕਿ ਬੱਚਾ ਪੜ੍ਹੇ ਨਾ ਪੜ੍ਹੇ, ਸਿੱਖੇ ਨਾ ਸਿੱਖੇ, ਬਸ ਫ਼ੀਸ ਲੈ ਲਓ। ਇੱਥੋਂ ਤੱਕ ਕਿ 33 ਫ਼ੀਸਦੀ ਵਾਲੇ ਨੂੰ ਪੋਸਟ ਗ੍ਰੈਜੂਏਟ ਤੇ ਪੀ.ਐਚ.ਡੀ. ਵਿੱਚ ਦਾਖ਼ਲਾ ਮਿਲਣ ਲੱਗ ਪਿਆ ਹੈ। ਭਾਵ ਹਰ ਇੱਕ ਨੂੰ ਕਾਲਜ ਤੇ ਯੂਨੀਵਰਸਿਟੀ ’ਚ ਦਾਖ਼ਲਾ ਸੌਖਾ ਮਿਲਣ ਲੱਗਾ ਤੇ ਫਿਰ ਪੜ੍ਹਾਈ ਦਾ ਮਿਆਰ ਵੀ ਹੇਠਾਂ ਵੱਲ ਵਧਣ ਲੱਗਾ। ਇਨ੍ਹਾਂ ਨੇ ਘੱਟ ਤਨਖਾਹ ’ਤੇ ਉਨ੍ਹਾਂ ਲੋਕਾਂ ਨੂੰ ਅਧਿਆਪਕ ਵਜੋਂ ਭਰਤੀ ਕੀਤਾ, ਜਿਨ੍ਹਾਂ ਨੇ ਆਪ ਕਦੇ ਕੋਈ ਖੋਜ ਨਹੀਂ ਕੀਤੀ। ਇੱਥੋਂ ਤੱਕ ਕਿ 55 ਫ਼ੀਸਦੀ ਤੋਂ ਘੱਟ ਵਾਲੇ ਵੀ ਪੜ੍ਹਾ ਰਹੇ ਹਨ। ਇਸ ਵਿੱਚ ਹੋਰ ਰੁਝਾਨ ਦੇਖਣ ਨੂੰ ਮਿਲਿਆ ਇਨ੍ਹਾਂ ਨੇ ‘ਵਿਮੈਨ ਐਮਪਾਵਰਮੈਂਟ’ ਦੀ ਆੜ ’ਚ ਬਹੁਤੀਆਂ ਲੜਕੀਆਂ, ਜਿਨ੍ਹਾਂ ਨੇ ਉਸੇ ਕਾਲਜ ’ਚੋਂ ਤਾਜ਼ੀ ਹੀ ਡਿਗਰੀ ਪ੍ਰਾਪਤ ਕੀਤੀ ਹੈ, ਨੂੰ ਅਧਿਆਪਕਾਂ ਵਜੋਂ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ। ਇੱਕ ਤਾਂ ਇਹ ਘੱਟ ਤਨਖਾਹ ’ਤੇ ਕੰਮ ਕਰ ਲੈਂਦੀਆਂ ਹਨ, ਦੂਜਾ ਨਵੀਆਂ ਕੁੜੀਆਂ ਵਿਆਹ ਵੇਲੇ ਆਪੇ ਹੀ ਸਾਲ-ਦੋ ਸਾਲ ਬਾਅਦ ਨੌਕਰੀ ਛੱਡ ਜਾਂਦੀਆਂ ਹਨ। ਉਨ੍ਹਾਂ ਨੂੰ ਤਰੱਕੀ ਦੇਣ ਜਾਂ ਤਨਖਾਹ ਵਧਾਉਣ ਦੀ ਲੋੜ ਹੀ ਨਹੀਂ ਪੈਂਦੀ। ਤੀਜਾ ਔਰਤਾਂ ਮੈਨੇਜਮੈਂਟ ਦੀ ਗੱਲ ਸੌਖੀ ਮੰਨਦੀਆਂ ਹਨ ਤੇ ਗਲਤ-ਸਹੀ ਸਭ ਕੰਮ ਕਰਨ ਨੂੰ ਤਿਆਰ ਹੋ ਜਾਂਦੀਆਂ ਹਨ। ਹਾਲ ਹੀ ’ਚ ਦੇਖ ਲਓ ਜਲਦੀ ਅਮੀਰ ਹੋਣ ਦੇ ਚੱਕਰ ’ਚ ਤਰਨ ਤਾਰਨ ਦੀ ਐਸ.ਡੀ.ਐਮ., ਖਰੜ ਦੀ ਨਾਇਬ ਤਹਿਸੀਲਦਾਰ ਤੇ ਨੀਟ ਪੇਪਰ ਲੀਕ ’ਚ ਵੀ ਇੱਕ ਮਹਿਲਾ ਪ੍ਰੋਫੈਸਰ ਦਾ ਨਾਂਅ ਚਲਦਾ ਹੈ। ਪੁਰਸ਼ ਇਨ੍ਹਾਂ ਕਾਲਜਾਂ/ਯੂਨੀਵਰਸਿਟੀਆਂ ’ਚ ਕੰਮ ਘੱਟ ਕਰਕੇ ਹੀ ਰਾਜ਼ੀ ਹਨ, ਕਿਉਂਕਿ ਤਨਖਾਹ ਘੱਟ ਹੋਣ ਕਰਕੇ ਉਨ੍ਹਾਂ ਦਾ ਗੁਜ਼ਾਰਾ ਨਹੀਂ ਹੁੰਦਾ। ਮੈਨੇਜਮੈਂਟ ਵੀ ਇਨ੍ਹਾਂ ਨੂੰ ਰੱਖ ਕਿ ਰਾਜ਼ੀ ਨਹੀਂ, ਕਿਉਂਕਿ ਉਹ ਸੰਤੁਲਿਤ ਸੋਚਦੇ ਹਨ, ਸਵਾਲ ਜਵਾਬ ਵੀ ਕਰ ਲੈਂਦੇ ਹਨ ਤੇ ਚਾਪਲੂਸੀ ਵੀ ਘੱਟ ਕਰਦੇ ਹਨ ਜਾਂ ਫਿਰ ਇਹ ਸੇਵਾਮੁਕਤ ਬੰਦੇ ਭਰਤੀ ਕਰਦੇ ਹਨ, ਜਿਨ੍ਹਾਂ ਨੇ ਟਾਈਮ ਪਾਸ ਕਰਨਾ ਹੁੰਦਾ ਹੈ।

ਨਕਲੀ ਯੂਨੀਵਰਸਿਟੀਆਂ ਤੇ ਡਿਗਰੀਆਂ-ਸਿਸਟਮ ਤੋਂ ਨਕਲੀ ਯੂਨੀਵਰਸਿਟੀਆਂ ਦੇ ਕਾਰੋਬਾਰ ’ਤੇ ਨੱਥ ਨਹੀਂ ਪਾਈ ਗਈ। ਹਰ ਸਾਲ ਯੂ.ਜੀ.ਸੀ. ਆਪਣੀ ਵੈੱਬਸਾਈਟ ’ਤੇ ਨਕਲੀ ਯੂਨੀਵਰਸਿਟੀਆਂ ਦੀ ਸੂਚੀ ਪਾਉਂਦੀ ਹੈ। ਫਰਵਰੀ 2026 ਦੀ ਯੂ.ਜੀ.ਸੀ. ਸੂਚੀ ’ਚ 32 ਯੂਨੀਵਰਸਿਟੀਆਂ ਦੇ ਨਾਂਅ ਹਨ, ਜਿਨ੍ਹਾਂ ’ਚੋਂ 12 ਯੂਨੀਵਰਸਿਟੀਆਂ ਤਾਂ ਦਿੱਲੀ ਵਿੱਚ ਹੀ ਹਨ। ਹਾਲਾਤ ਇਹ ਹਨ ਕਿ ਯੂ.ਜੀ.ਸੀ. ਸਿਰਫ਼ ਬਿਨਾਂ ਦੰਦਾਂ ਦੇ ‘ਵਾਚ ਡਾਗ’ ਬਣ ਕੇ ਹੀ ਰਹਿ ਗਿਆ ਹੈ, ਕਿਉਂਕਿ ਸਾਡੀ ਰਾਜਧਾਨੀ ’ਚ ਹੀ ਧੜੱਲੇ ਨਾਲ ਨਕਲੀ ਯੂਨੀਵਰਸਿਟੀਆਂ ਚੱਲ ਰਹੀਆਂ ਹਨ। ਆਖਰ ਇਨ੍ਹਾਂ ਨੂੰ ਬੰਦ ਕਰਨ ਦੀ ਜ਼ਿੰਮੇਵਾਰੀ ਕਿਸ ਦੀ ਬਣਦੀ ਹੈ ? ਇਸੇ ਤਰ੍ਹਾਂ ਜਾਅਲੀ ਡਿਗਰੀਆਂ ਦਾ ਕਾਰੋਬਾਰ ਬਹੁਤ ਵੱਡੇ ਪੈਮਾਨੇ ’ਤੇ ਚੱਲ ਰਿਹਾ ਹੈ। ਇਸ ਵਿੱਚ ਜੇ.ਐਸ. ਯੂਨਵਿਰਸਿਟੀ ਨੇ ਹਜ਼ਾਰਾਂ ਦੀ ਤਾਦਾਦ ਵਿੱਚ ‘ਬੈਚਲਰ ਆਫ ਫਿਜੀਕਲ ਐਜੂਕੇਸ਼ਨ’ ਦੀਆਂ ਡਿਗਰੀਆਂ ਵੰਡੀਆਂ। ਸ਼ੱਕ ਉਦੋਂ ਹੋਇਆ ਜਦੋਂ ਉੱਤਰ ਪ੍ਰਦੇਸ਼ ਸਰਕਾਰ ਨੇ ਸਰਕਾਰੀ ਭਰਤੀ ਕੱਢੀ ਤੇ ਤਕਰੀਬਨ 2200 ਦੇ ਕਰੀਬ ਲੋਕਾਂ ਦੀਆਂ ਡਿਗਰੀਆਂ ਇਸੇ ਯੂਨੀਵਰਸਿਟੀ ਦੀਆਂ ਸਨ, ਜਦਕਿ ਯੂਨੀਵਰਸਿਟੀ ਸ਼ੁਰੂ ਹੋਈ ਨੂੰ ਸਿਰਫ ਚਾਰ ਸਾਲ ਹੋਏ ਸਨ ਅਤੇ 100 ਸੀਟਾਂ ਸਾਲ ਦੀਆਂ ਸਨ। ਇਸ ਤਰ੍ਹਾਂ ਮਾਨਵ ਰਚਨਾ ਯੂਨਵਿਰਸਿਟੀ ਦੀਆਂ 45000 ਡਿਗਰੀਆਂ ਜਾਅਲੀ ਨਿਕਲੀਆਂ। ਇਸੇ ਤਰ੍ਹਾਂ ਪੰਜਾਬੀ ਯੂਨੀਵਰਸਿਟੀ ਦਾ ਨਾਂਅ ਵਰਤ ਕੇ ਵੀ ਜਾਅਲੀ ਡਿਗਰੀਆਂ ਲੋਕ ਧੜੱਲੇ ਨਾਲ ਵੇਚ ਤੇ ਖਰੀਦਦੇ ਰਹੇ ਹਨ। ਇਸ ਤਰ੍ਹਾਂ ਸੀ.ਐਮ.ਜੇ. ਯੂਨੀਵਰਸਿਟੀ ਮੇਘਾਲਿਆ ਨੇ 400 ਪੀ.ਐਚ.ਡੀ. ਡਿਗਰੀਆਂ ਇੱਕ ਸਾਲ ’ਚ ਹੀ ਦੇ ਦਿੱਤੀਆਂ ਸਨ। ਸਾਲ 2021-2025 ਵਿੱਚ ਬੋਡੋਲੈਂਡ ਯੂਨੀਵਰਸਿਟੀ ਅਸਾਮ ਨੇ ਪੀ.ਐਚ.ਡੀ. ਡਿਗਰੀਆਂ ਦਿੱਤੀਆਂ, ਖ਼ਾਸ ਕਰਕੇ ਉਨ੍ਹਾਂ ਨੂੰ ਜਿਨ੍ਹਾਂ ਦੀ ਮਾਸਟਰ ਡਿਗਰੀ ਦੀ ਘੱਟੋ-ਘੱਟ ਯੋਗਤਾ ਵੀ ਪੂਰੀ ਨਹੀਂ ਸੀ। ਇਸ ਵਿੱਚ ਰਾਜਸਥਾਨ ਦੀਆਂ ਤਿੰਨ ਯੂਨੀਵਰਸਿਟੀਆਂ ’ਤੇ ਯੂ.ਜੀ.ਸੀ. ਨੇ ਪੀਐਚ.ਡੀ. ਡਿਗਰੀ ਕਰਵਾਉਣ ’ਤੇ ਰੋਕ ਲਾਈ ਹੈ। ਗੱਲ ਇਹ ਹੈ ਕਿ ਜਿਹੜੇ ਇਨ੍ਹਾਂ ਯੂਨੀਵਰਸਿਟੀਆਂ ਜਾਂ ਇਹੋ ਜਿਹੀ ਹੋਰ ਯੂਨੀਵਰਸਿਟੀਆਂ ਤੋਂ ਪੀ.ਐੱਚ.ਡੀ. ਕਰਕੇ ਪ੍ਰਾਈਵੇਟ ਕਾਲਜਾਂ/ਯੂਨੀਵਰਸਿਟੀਆਂ ’ਚ ਪੜ੍ਹਾਉਣ ਲੱਗੇ ਹੋਏ ਹਨ, ਉਨ੍ਹਾਂ ਦਾ ਪੜ੍ਹਾਉਣ ਦਾ ਮਿਆਰ ਕਿਹੋ ਜਿਹਾ ਹੋਵੇਗਾ ?

(ਬਾਕੀ ਸਫ਼ਾ 27 ’ਤੇ)

# ਸੋਸ਼ਲ ਮੀਡੀਆ ਦਾ ਕੱਚ ਤੇ ਸੱਚ



ਦਰਬਾਰਾ ਸਿੰਘ ਕਾਹਲੋਂ

ਰਸਮੀ ਤੌਰ 'ਤੇ 1990ਵੇਂ ਦਹਾਕੇ 'ਚ ਸ਼ੁਰੂ ਅਤੇ 1997 'ਚ ਹਰ ਪਾਸੇ ਹੋਂਦ 'ਚ ਆਇਆ ਸੋਸ਼ਲ ਮੀਡੀਆ, ਜਿੱਥੇ ਜੀਵਨ ਦੇ ਹਰ ਖੇਤਰ 'ਚ ਬਹੁਤ ਮਕਬੂਲ ਹੋਇਆ, ਉੱਥੇ ਹੀ ਸਮਾਂ ਪਾ ਕੇ ਇਸ ਨੇ ਕੱਚੀ ਉਮਰ ਦੇ ਬੱਚਿਆਂ 'ਤੇ ਬਹੁਤ ਬੁਰਾ ਸਰੀਰਕ, ਮਾਨਸਿਕ, ਮਨੋਵਿਗਿਆਨਿਕ, ਬੌਧਿਕ ਅਤੇ ਸਮਾਜਿਕ ਤੌਰ 'ਤੇ ਅਸਰ ਪਾਉਣਾ ਸ਼ੁਰੂ ਕਰ ਦਿੱਤਾ। ਇਸ 'ਚ ਬੱਚਿਆਂ ਦੇ ਜਿਹਨ 'ਤੇ ਮਾਰੂ ਪ੍ਰਭਾਵ ਪਾਉਣ ਵਾਲੀ ਸਮੱਗਰੀ ਨੇ ਦਿਨ-ਬ-ਦਿਨ ਮਾਪਿਆਂ, ਸਮਾਜ ਅਤੇ ਸੂਬੇ ਦੀਆਂ ਚਿੰਤਾਵਾਂ ਵਧਾ ਦਿੱਤੀਆਂ। ਬੱਚਿਆਂ ਦੀ ਦੇਖ-ਰੇਖ ਤੋਂ ਖਹਿੜਾ ਛਡਾਉਣ ਲਈ ਮਾਪਿਆਂ ਨੂੰ ਉਨ੍ਹਾਂ ਨੂੰ ਲੈਪਟਾਪ, ਟੈਬਲੈਟ, ਮੋਬਾਈਲ ਦੇ ਕੇ ਆਹਰੇ ਲਾਈ ਰੱਖਣ ਦਾ ਤਰੀਕਾ ਭਾਰੂ ਪੈਣ ਲੱਗਾ ਬਲਕਿ ਸਕੂਲ ਸਿੱਖਿਆ ਅਤੇ ਬੱਚਿਆਂ ਦੀ ਭਵਿੱਖੀ ਸ਼ਖ਼ਸੀਅਤ ਦੀ ਸਿਰਜਣਾ ਲਈ ਬਹੁਤ ਮਾਰੂ ਸਾਬਤ ਹੋ ਰਿਹਾ ਹੈ। ਬੱਚੇ ਡਿਪਰੈਸ਼ਨ, ਮੋਟਾਪਾ, ਖਾਣ-ਪੀਣ ਦੀਆਂ ਆਦਤਾਂ, ਅੱਖਾਂ ਅਤੇ ਸਰੀਰਕ ਰੋਗਾਂ, ਜਿਵੇਂ ਗੁੱਸਾ, ਆਤਮ-ਹੱਤਿਆ, ਜਿਨਸੀ ਸੋਚ, ਕਾਸਮੈਟਿਕ ਸਰਜਰੀ, ਇਕੱਲਾਪਣ, ਉਪਰਾਮਤਾ ਅਤੇ ਬਗ਼ਾਵਤੀ ਵਰਤਾਰੇ ਦੇ ਸ਼ਿਕਾਰ ਹੋਣ ਲੱਗੇ। ਬੱਚਿਆਂ ਦੇ ਭਵਿੱਖ ਨੂੰ ਲੈ ਕੇ ਕੌਮਾਂਤਰੀ ਪੱਧਰ 'ਤੇ ਮਾਪੇ, ਸਮਾਜ ਅਤੇ ਸਰਕਾਰਾਂ ਇਸ ਮਾਰੂ ਸੋਸ਼ਲ ਮੀਡੀਆ ਦੇ ਵਿਰੋਧ 'ਚ ਉੱਠ ਰਹੀ ਤਿੱਖੀ ਆਵਾਜ਼ ਤੋਂ ਪ੍ਰਭਾਵਿਤ ਹੋਣ ਲੱਗੀਆਂ। ਇਸ ਤੋਂ ਦੁਖੀ ਹੋ ਕੇ ਸਭ ਤੋਂ ਪਹਿਲਾਂ ਆਸਟ੍ਰੇਲੀਆ, ਬ੍ਰਾਜ਼ੀਲ ਅਤੇ ਇੰਡੋਨੇਸ਼ੀਆ ਦੀਆਂ ਸਰਕਾਰਾਂ ਨੇ ਅਜਿਹੇ ਕਾਨੂੰਨ ਲਿਆਂਦੇ, ਜਿਨ੍ਹਾਂ ਰਾਹੀਂ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਪ੍ਰੋਗਰਾਮ ਵਰਜਿਤ ਕੀਤੇ ਗਏ। ਇਨ੍ਹਾਂ 'ਚੋਂ ਸਭ ਤੋਂ ਵਧੀਆ ਕਾਨੂੰਨ ਦਸੰਬਰ 2025 'ਚ ਆਸਟ੍ਰੇਲਿਆ ਦੀ ਸਰਕਾਰ ਨੇ ਲਿਆਂਦਾ। ਕਰੀਬ 50 ਲੱਖ ਨਾਬਾਲਿਗਾਂ ਦੇ ਅਕਾਊਂਟ ਫ਼ਰੀਜ਼ ਕੀਤੇ ਗਏ। ਉਸ ਨੇ ਇਸ ਦੇ ਘੇਰੇ ਹੇਠ ਦਸ ਪਲੇਟਫਾਰਮ, ਜਿਵੇਂ ਟਿਕ-ਟਾਕ, ਇਸਟਾਗ੍ਰਾਮ, ਥਰੈਡ, ਫੇਸਬੁਕ, ਸਨੈਪਚੈਟ, ਯੂਟਿਊਬ, ਐਕਸ, ਰੈਡਿਟ, ਟਵਿਚ ਐਡ ਕਿੱਕ ਆਦਿ ਲਿਆਂਦੇ ਪਰ ਇਹ ਵੇਖਿਆ ਗਿਆ ਕਿ ਆਸਟ੍ਰੇਲੀਆ 'ਚ ਵਰਚੁਅਲ ਨਿਜੀ ਨੈੱਟਵਰਕ ਅਤੇ ਜਾਅਲੀ ਪ੍ਰੋਫਾਈਲਜ਼ ਰਾਹੀਂ 16 ਸਾਲ ਤੋਂ ਘੱਟ ਉਮਰ ਦੇ ਬੱਚੇ ਸੋਸ਼ਲ ਮੀਡੀਆ ਤੱਕ ਪਹੁੰਚ ਬਣਾ ਰਹੇ ਹਨ। ਬਹੁਤ ਸਾਰੇ ਬੱਚੇ ਗ਼ੈਰ-ਰੈਗੂਲੇਟਡ ਪਲੈਟਫਾਰਮਾ ਤੱਕ ਪਹੁੰਚ ਬਣਾ ਰਹੇ ਹਨ ਜੋ ਪਾਬੰਦੀ ਦੇ ਘੇਰੇ ਤੋਂ ਬਾਹਰ ਹਨ। ਇਸ ਰਾਹੀਂ ਨੁਕਸਾਨਦਾਇਕ ਸਮੱਗਰੀ ਤੱਕ ਧੜਾਧੜ ਪਹੁੰਚ ਹਾਸਲ ਕੀਤੀ ਜਾ ਰਹੀ ਹੈ। ਇਸ ਸਬੰਧੀ ਪੱਛਮੀ ਸਿਡਨੀ ਸਥਿਤ ਪ੍ਰੋ. ਅਮਾਡਾ ਥਰਡ ਨੇ ਆਸਟ੍ਰੇਲਿਆ ਸਰਕਾਰ ਨੂੰ ਜਾਣਕਾਰੀ ਦਿੱਤੀ ਕਿ ਕਿਵੇਂ ਕੁਝ ਕਿਸ਼ੋਰ ਉਨ੍ਹਾਂ ਪਲੇਟਫਾਰਮਾ ਵੱਲ ਮਾਈਗਰੇਟ ਹੋ ਰਹੇ ਹਨ ਜੋ ਇਸ ਕਾਨੂੰਨ ਹੇਠ ਨਹੀਂ ਆਉਂਦੇ। ਪਾਬੰਦੀ ਦੇ ਵਿਰੋਧ ਅਤੇ ਅਪਣਾਏ ਜਾ ਰਹੇ ਅਪਰਾਧਕ ਤੌਰ ਤਰੀਕੇ ਦੇਖਦੇ ਹੋਏ ਆਸਟ੍ਰੇਲੀਆ ਦੀ ਸਰਕਾਰ ਨੇ ਕੁਝ ਇਕ ਪ੍ਰੋਗਰਾਮਾਂ ਤੋਂ ਪਾਬੰਦੀ ਹਟਾ ਲਈ ਹੈ। ਇਸੇ ਦੌਰਾਨ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕੈਨੇਡਾ ਅੰਦਰ ਸੋਸ਼ਲ ਮੀਡੀਆ ਤੱਕ ਪਹੁੰਚ ਤੋਂ ਰੋਕ ਲਾਉਣ ਲਈ 10 ਜੂਨ 2026 ਨੂੰ ਇਕ ਪੁਖ਼ਤਾ ਬਿੱਲ ਪਾਰਲੀਮੈਂਟ 'ਚ ਪੇਸ਼ ਕੀਤਾ ਗਿਆ ਹੈ। ਦੋਹਾਂ ਸਦਨਾਂ, ਹਾਊਸ ਆਫ਼ ਕਾਮਨਜ਼ ਅਤੇ ਸੈਨੇਟ 'ਚ ਪਾਸ ਹੋਣ ਤੋਂ ਬਾਅਦ ਗਵਰਨਰ ਜਨਰਲ ਦੇ ਦਸਤਖ਼ਤਾਂ ਉਪਰੰਤ ਇਹ ਕਾਨੂੰਨ ਬਣ ਕੇ ਦੇਸ਼ 'ਚ ਲਾਗੂ ਹੋ ਜਾਏਗਾ। ਇਸ ਬਿੱਲ 'ਚ ਆਸਟ੍ਰੇਲੀਆ ਦੇ ਕਾਨੂੰਨ 'ਚ ਕਮੀਆਂ ਦੀ ਸਮੀਖਿਆ ਕਰਦਿਆਂ ਅੱਗੇ ਵਧਿਆ ਜਾਏਗਾ। ਸੋਸ਼ਲ ਮੀਡੀਆ ਤਕਨੀਕ ਦੀ ਕੁਵਰਤੋਂ, ਨਿੱਜਤਾ ਤੇ ਮੰਦੇ ਪ੍ਰਭਾਵ, ਬੱਚਿਆਂ ਦੀ ਸੁਰੱਖਿਅਤਾ, ਉਨ੍ਹਾਂ ਦੀ ਮਾਨਸਿਕ, ਬੌਧਿਕ ਅਤੇ ਸਰੀਰਕ ਸਿਹਤ 'ਤੇ ਪ੍ਰਭਾਵ ਦੇ ਵਧਦੇ ਅਸਰ ਬਾਰੇ ਸਟੱਡੀਜ਼ ਨੂੰ ਧਿਆਨ ਗੋਚਰੇ ਰੱਖਿਆ ਜਾਏਗਾ। ਕੈਨੇਡਾ ਸਰਕਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਸਪੱਸ਼ਟ ਕੀਤਾ ਕਿ ਜਿੰਮੇਵਾਰ ਅਧਿਕਾਰੀ ਆਸਟ੍ਰੇਲੀਆ ਦੇ ਕਾਨੂੰਨ ਦੇ ਚੰਗੇ ਮਾੜੇ ਪ੍ਰਭਾਵਾਂ ਤੋਂ ਸਬਕ ਸਿੱਖ ਕੇ ਇਹ ਕਾਨੂੰਨ ਘੜ੍ਹਨ ਲਈ ਅੱਗੇ ਵਧਣਗੇ। ਕੈਨੇਡੀਅਨ ਸਟੱਡੀਜ਼ ਅਨੁਸਾਰ ਨੌਜਵਾਨ ਪੀੜ੍ਹੀ 'ਤੇ ਸੋਸ਼ਲ ਮੀਡੀਆ ਦੇ ਮਾੜੇ ਪ੍ਰਭਾਵ ਅਤੇ ਸ਼ੋਸ਼ਣ ਕਰਕੇ ਮਾਨਸਿਕ ਪਰੇਸ਼ਾਨੀ ਅਧੀਨ ਉਨ੍ਹਾਂ 'ਚ ਆਤਮ-ਹੱਤਿਆ ਦੀ ਸੋਚ ਭਾਰੂ ਹੋ ਰਹੀ ਹੈ। 12 ਤੋਂ 17 ਸਾਲ ਦੀ ਉਮਰ ਦੇ ਬੱਚੇ ਸਾਈਬਰ ਹਮਲਿਆਂ ਦਾ ਸ਼ਿਕਾਰ ਹੋ ਰਹੇ ਹਨ। ਕੈਨੇਡੀਅਨ ਪੁਲਿਸ ਨੇ ਬਹੁਤ ਸਾਰੇ ਕੇਸ ਦਰਜ ਕੀਤੇ ਹਨ, ਜਿਨ੍ਹਾਂ 'ਚ ਆਨਲਾਈਨ ਸੋਸ਼ਲ ਮੀਡੀਆ ਕਰਕੇ ਨੌਜਵਾਨ ਬੱਚੇ-ਬੱਚੀਆਂ ਦਾ ਜਿਨਸੀ ਸ਼ੋਸ਼ਣ ਹੁੰਦਾ ਵੇਖਣ ਨੂੰ ਮਿਲਿਆ। ਇਨ੍ਹਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਨਵੀਆਂ ਤਕਨੀਕਾਂ 'ਚ ਆਰਟੀਫੀਸ਼ਿਅਲ ਇੰਟੈਲੀਜੈਂਸੀ (ਏ.ਆਈ.) ਸ਼ਾਮਿਲ ਹੈ, ਜਿਸ ਦੁਆਰਾ ਬਹੁਤ ਹੀ ਨੁਕਸਾਨਦਾਇਕ ਸਮੱਗਰੀ ਆਨਲਾਈਨ ਰੁਚੀ ਨੂੰ ਵਿਸਥਾਰ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਬੱਚਿਆਂ ਦਾ ਅਜਿਹੀ ਸਮੱਗਰੀ ਸਕਰੋਲ ਕਰਦੇ ਜੀ ਹੀ ਨਹੀਂ ਭਰਦਾ। ਉਹ ਆਟੋਮੈਟਿਕ ਮਸ਼ੀਨਾਂ ਵਾਂਗ ਇਨ੍ਹਾਂ ਦੇ ਮਾਰੂ ਪ੍ਰਭਾਵਾਂ ਦਾ ਅਸਲ ਜੀਵਨ 'ਚ ਸ਼ਿਕਾਰ ਬਣਦੇ ਜਾ ਰਹੇ ਹਨ, ਜੋ ਸਮਾਜ ਅਤੇ ਅਮਨ-ਕਾਨੂੰਨ ਲਈ ਅਜ਼ਾਬ ਬਣ ਰਿਹਾ ਹੈ। ਚੈਟ ਬੋਟ ਏ.ਆਈ. ਰਾਹੀਂ ਇੰਝ ਭਰੋਸੇ ਬਣ ਜਾਂਦੇ ਹਨ ਕਿ ਬੱਚੇ ਇਨ੍ਹਾਂ ਨਾਲ ਜੁੜਨ ਬਗੈਰ ਰਹਿ ਹੀ ਨਹੀਂ ਪਾਉਂਦੇ। ਉਨ੍ਹਾਂ ਦਾ ਵਤੀਰਾ ਬਹੁਤ ਹੀ ਭੈੜਾ, ਅਸੁਰੱਖਿਅਤ ਅਤੇ ਸੰਵੇਦਨਸ਼ੀਲ ਬਣਦਾ ਜਾਂਦਾ ਹੈ। ਜਾਹਨ ਮੈਥਾਸਨ ਸਲਾਹਕਾਰ ਗਲੋਬਲ ਲਾਭ ਪ੍ਰਾਪਤਹੀਨ ਕੰਪਨੀ ਗੀਸੈਟ ਟੈਕ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਦਾ ਸਭ ਤੋਂ ਖ਼ਤਰਨਾਕ ਅਤੇ ਨੁਕਸਾਨਦਾਇਕ ਲੱਛਣ ਇਹ ਹੈ ਕਿ ਇਸ ਸਬੰਧੀ ਇੰਡਸਟਰੀ ਫੋਨ, ਟੈਬਲੇਟ ਜਾਂ ਕੰਪਿਊਟਰ 'ਚ ਅਜਿਹਾ ਫਰਮਾਇਸ਼ੀ ਇੰਜਨ ਫਿੱਟ ਕਰ ਰਿਹਾ ਹੈ ਜੋ ਬੱਚੇ ਦੀ ਇੱਛਾ ਅਨੁਸਾਰ ਅੱਗੇ ਤੋਂ ਅੱਗੇ ਉਸ ਨੂੰ ਆਟੋਮੈਟਿਕ ਉਤੇਜਨਾਤਮਕ ਸਮੱਗਰੀ ਪਰੋਸਦਾ ਚਲਿਆ ਜਾਂਦਾ ਹੈ। ਉਹ ਆਲੇ-ਦੁਆਲੇ, ਸਮੇਂ, ਖਾਣ-ਪੀਣ ਅਤੇ ਸੁਣਨ ਨੂੰ ਭੁੱਲ ਜਾਂਦਾ ਹੈ। ਉਸ ਦੀ ਫ਼ੈਸਲਾ ਲੈਣ ਦੀ ਸੋਚ 'ਤੇ ਬੁਰਾ ਪ੍ਰਭਾਵ ਪੈਂਦਾ ਹੈ, ਜਿਸ ਕਰਕੇ ਉਹ ਬੱਚਾ ਫੋਨ ਛੱਡਣ ਲਈ ਤਿਆਰ ਹੀ ਨਹੀਂ ਹੁੰਦਾ ਅਤੇ ਅੰਤ ਦਾ ਜਿੱਦੀ ਬਣ ਜਾਂਦਾ ਹੈ। ਐੱਮਲੀ ਲੇਡਲਾਅ, ਜੋ ਕੈਲਗਰੀ ਯੂਨੀਵਰਸਿਟੀ ਦੀ ਸਾਈਬਰ ਸੁਰੱਖਿਆ ਖੋਜ ਚੇਅਰ ਦੀ ਮੁਖੀ ਹੈ, ਨੇ ਖ਼ਦਸ਼ਾ ਜਾਹਿਰ ਕੀਤਾ ਹੈ ਕਿ ਛੋਟੇ ਬੱਚੇ ਸੋਸ਼ਲ ਮੀਡੀਏ ਵੱਲ ਵਧਦੇ ਚਲੇ ਜਾ ਰਹੇ ਹਨ, ਜੋ ਬਹੁਤ ਨੁਕਸਾਨਦਾਇਕ ਸਾਬਤ ਇਸ ਕਰਕੇ ਹੁੰਦਾ ਹੈ ਕਿ ਉਸ 'ਚ ਉਨ੍ਹਾਂ ਦੇ ਆਦੀ ਹੋਣ ਦੇ ਡਿਜ਼ਾਇਨ ਭਰੇ ਪਏ ਹਨ। ਕੈਨੇਡਾ ਦੇ ਕਾਨੂੰਨ ਅੰਦਰ ਸੋਸ਼ਲ ਮੀਡੀਆ ਵਿਰੁੱਧ ਤਿੰਨ ਟਾਰਗੇਟ ਮਿੱਥੇ ਗਏ ਹਨ। ਇਸ 'ਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਅਕਾਊਂਟ 'ਤੇ ਪਾਬੰਦੀ ਲਗਾਉਣਾ, ਜਿਸ ਲਈ ਅਜਿਹੇ ਪਲੈਟਫਾਰਮ ਸਥਾਪਿਤ ਕਰਨਾ, ਜੋ ਉਨ੍ਹਾਂ ਦੀ ਉਮਰ ਦੀ ਨਿਸ਼ਾਨਦੇਹੀ ਕਰ ਸਕਣ। ਦੂਸਰਾ, ਸੋਸ਼ਲ ਮੀਡੀਆ ਪਲੇਟਫਾਰਮ ਇਸ ਪਾਬੰਦੀ ਤੋਂ ਨਿਜਾਤ ਤਾਂ ਹੀ ਹਾਸਲ ਕਰ ਸਕਦੇ ਹਨ, ਜੇਕਰ ਉਹ ਇਸ ਸਬੰਧੀ ਰੈਗੂਲੇਟਰੀ ਕਮਿਸ਼ਨ ਅੱਗੇ ਸਾਬਤ ਕਰਨ ਕਿ ਉਨ੍ਹਾਂ ਵਿਸ਼ੇਸ਼ ਉਮਰ ਦੀਆਂ ਜ਼ਰੂਰਤਾਂ ਵਾਲੇ ਪ੍ਰੋਗਰਾਮ ਹੀ ਇਸ 'ਚ ਦਰਜ ਕੀਤੇ ਹਨ ਅਤੇ ਆਪਣੇ ਵੱਲੋਂ ਜਾਰੀ ਪ੍ਰੋਗਰਾਮਾਂ 'ਤੇ ਜ਼ਰੂਰੀ ਬਚਾਅ ਸਾਧਨਾ ਦਾ ਪ੍ਰਬੰਧ ਕੀਤਾ ਹੈ। ਤੀਸਰਾ, ਕੈਨੇਡਾ ਸਰਕਾਰ ਇਸ ਕਾਨੂੰਨ ਰਾਹੀਂ ਡਿਜੀਟਲ ਸੁਰੱਖਿਆ ਕਮਿਸ਼ਨ ਆਫ਼ ਕੈਨੇਡਾ ਨਿਯੁਕਤ ਕਰੇਗੀ, ਜੋ ਇਸ 'ਚ ਦਰਜ ਧਾਰਾਵਾਂ ਅਤੇ ਏਆਈ ਚੈਟ ਬੋਟਸ ਸੇਵਾਵਾਂ 'ਤੇ ਸਖ਼ਤ ਨਜ਼ਰ ਰੱਖੇਗਾ। ਹੁਕਮ ਅਦੂਲੀ ਕਰਨ ਵਾਲੀਆਂ ਤਕਨੀਕੀ ਕੰਪਨੀਆਂ ਵਿਰੁੱਧ ਉਨ੍ਹਾਂ ਦੀ ਗਲੋਬਲ ਆਮਦਨ ਦਾ ਤਿੰਨ ਫ਼ੀਸਦੀ ਜਾਂ 10 ਮਿਲੀਅਨ ਡਾਲਰ, ਜੋ ਵੀ ਵੱਧ ਹੋਵੇ ਜੁਰਮਾਨਾ ਠੋਕੇਗਾ। ਇਹ ਕਾਨੂੰਨ ਸਹਿਮਤੀ ਬਗ਼ੈਰ ਪਰੋਸੀ ਗਈ ਖ਼ਤਰਨਾਕ ਸਮੱਗਰੀ, ਜਿਨਸੀ ਤੌਰ 'ਤੇ ਬੱਚਿਆਂ ਦਾ ਸ਼ੋਸ਼ਣ ਕਰਨ ਵਾਲੀ ਅਤੇ ਇਸ ਤੋਂ ਕਿਨਾਰਾ ਕਰਨ ਵਾਲਿਆਂ ਨੂੰ ਮੁੜ ਫਸਾਉਣ ਵਾਲੀ, ਬੱਚਿਆਂ ਨੂੰ ਖ਼ੁਦ-ਬ-ਖ਼ੁਦ ਨੁਕਸਾਨ ਪਹੁੰਚਾਉਣ ਵਾਲੀ ਤਕਨੀਕੀ, ਬੱਚਿਆਂ ਨੂੰ ਡਰਾਉਣ ਧਮਕਾਉਣ ਵਾਲੀ, ਬੱਚਿਆਂ 'ਚ ਨਫ਼ਰਤ ਦੇ ਬੀਜ ਬੀਜਣ, ਬੱਚਿਆਂ ਨੂੰ ਹਿੰਸਾ ਲਈ ਭੜਕਾਉਣ ਅਤੇ ਅੱਤਵਾਦੀ ਅਤੇ ਹਿੰਸਕ ਕਾਰਵਾਈਆਂ ਭੜਕਾਉਣ ਵਾਲੀ ਸਮਗਰੀ ਨਾਲ ਨਜਿੱਠੇਗਾ। ਇਸ ਕਾਨੂੰਨ ਤਹਿਤ ਧਾਰਾ 27 (1) ਅਨੁਸਾਰ ਕੰਪਨੀਆਂ ਨੂੰ ਹਰ ਹਾਲਤ 'ਚ ਸਹੀ ਉਮਰ ਦੀ ਸ਼ਨਾਖ਼ਤ ਅਤੇ ਸਹੀ ਉਮਰ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਪੁਖ਼ਤਾ ਯੰਤਰ ਜੋੜਨੇ ਪੈਣਗੇ ਤਾਂ ਕਿ ਬੱਚੇ ਅਕਾਊਂਟ ਨਾ ਖੋਲ੍ਹ ਸਕਣ। ਕੈਨੇਡਾ ਸਰਕਾਰ ਤਿੰਨ ਸਾਲ ਬਾਅਦ ਇਸ ਬਿੱਲ ਦੀ ਮੁੜ ਸਮੀਖਿਆ ਕਰੇਗੀ ਅਤੇ ਲੋੜ ਪੈਣ 'ਤੇ ਜ਼ਰੂਰੀ ਤਰਮੀਮਾਂ ਵੀ ਕੀਤੀਆਂ ਜਾਣਗੀਆਂ। ਇਸ ਬਿੱਲ 'ਚ ਦਰਜ ਕੀਤਾ ਗਿਆ ਹੈ ਕਿ ਪੋਰਨੋਗਰਾਫੀ ਸਬੰਧਤ ਸਮੱਗਰੀ 18 ਸਾਲ ਦੀ ਉਮਰ ਤੋਂ ਘੱਟ ਦੇ ਕਿਸ਼ੋਰਾਂ ਨੂੰ ਨਹੀਂ ਪਰੋਸੀ ਜਾ ਸਕੇਗੀ। ਹੁਣ ਇਸ ਸਬੰਧੀ ਬ੍ਰਿਟੇਨ, ਫਰਾਂਸ, ਸਪੇਨ, ਡੈਨਮਾਰਕ, ਥਾਈਲੈਂਡ, ਯੂਨਾਨ, ਦੱਖਣੀ ਕੋਰੀਆ, ਯੂ.ਏ.ਈ. ਦੇਸ਼ ਇਸ 'ਤੇ ਪਾਬੰਦੀ ਬਾਰੇ ਸੰਜੀਦਗੀ ਨਾਲ ਅੱਗੇ ਵੱਧ ਰਹੇ ਹਨ। ਅਸੀਂ ਚਾਹੁੰਦੇ ਹਾਂ ਕਿ 140 ਕਰੋੜ ਦੀ ਆਬਾਦੀ ਵਾਲੇ ਭਾਰਤ ਅੰਦਰ ਸੋਸ਼ਲ ਮੀਡੀਆ ਨੇ ਜਿਵੇਂ ਤਰਥੱਲੀ ਮਚਾਉਂਦਿਆਂ ਅੱਲੜ੍ਹ ਉਮਰ ਦੇ ਬੱਚਿਆਂ ਦੇ ਜੀਵਨ ਅਤੇ ਭਵਿੱਖ ਨਾਲ ਖਿਲਵਾੜ ਦਾ ਬੇਰੋਕ-ਟੋਕ ਧੰਦਾ ਸ਼ੁਰੂ ਕੀਤਾ ਹੋਇਆ ਹੈ ਇਸ 'ਤੇ ਕੈਨੇਡਾ ਵਰਗਾ ਸਖ਼ਤ ਕਾਨੂੰਨ ਬਣਾ ਕੇ ਪਾਬੰਦੀ ਲਗਾਉਣੀ ਜ਼ਰੂਰੀ ਹੈ।

**(ਲੇਖਕ ਸਾਬਕਾ ਰਾਜ ਸੂਚਨਾ ਕਮਿਸ਼ਨਰ ਪੰਜਾਬ ਹਨ )**



# ਪੰਜਾਬ ਦੇ ਪੇਂਡੂ ਅਰਥਚਾਰੇ ਦੇ ਉਜਾੜੇ ਦਾ ਅਸਲ ਸੱਚ



ਗੁਰਮੀਤ ਸਿੰਘ ਪਲਾਹੀ

ਆਰਥਿਕ ਤੰਗੀ ਕਾਰਨ ਪਿੰਡਾਂ ਦੇ ਲੋਕ ਰੋਜ਼ਗਾਰ ਦੀ ਭਾਲ ਵਿੱਚ ਸ਼ਹਿਰਾਂ ਵੱਲ ਦੌੜ ਰਹੇ ਹਨ। ਪਰ ਸ਼ਹਿਰਾਂ ਵਿੱਚ ਪਹਿਲਾਂ ਹੀ ਮੰਦਹਾਲੀ ਅਤੇ ਭਾਰੀ ਬੇਰੁਜ਼ਗਾਰੀ ਹੈ। ਸਿੱਟਾ ਇਹ ਹੈ ਕਿ ਪਿੰਡ ਦਾ ਆਦਮੀ ਨਾ ਪਿੰਡ ਦਾ ਰਹਿੰਦਾ ਹੈ ਨਾ ਸ਼ਹਿਰ ਦਾ। ਇਸ ਉਜਾੜੇ ਕਾਰਨ ਪਿੰਡਾਂ ਦੀ ਆਤਮ-ਨਿਰਭਰਤਾ ਖ਼ਤਮ ਹੋ ਗਈ ਹੈ ਤੇ ਅੱਜ ਪਿੰਡ ਵਿੱਚ ਰਵਾਇਤੀ ਅਤੇ ਹੁਨਰਮੰਦ ਕਾਰੀਗਰ ਜਿਵੇਂ ਰਾਜ-ਮਿਸਤਰੀ, ਤਰਖਾਣ ਤੇ ਲੋਹਾਰ ਲੱਭਿਆ ਵੀ ਨਹੀਂ ਮਿਲਦੇ, ਕਿਉਂਕਿ ਕੰਮ ਨਾ ਹੋਣ ਕਾਰਨ ਉਨ੍ਹਾਂ ਦੀ ਅਗਲੀ ਪੀੜ੍ਹੀ ਨੇ ਇਹ ਕਿੱਤੇ ਛੱਡ ਦਿੱਤੇ ਹਨ। ਪਿੰਡ ਦਾ ਅਰਥਚਾਰਾ ਚਰਮਰਾ ਗਿਆ ਹੈ। ਕੀ ਇਹ ਪੇਂਡੂ ਅਰਥਚਾਰੇ ਨੂੰ ਨਜ਼ਰਅੰਦਾਜ਼ ਕਰਨਾ ਨਹੀਂ ਹੈ?

ਪੇਂਡੂ ਅਰਥਚਾਰੇ ਦਾ ਇੱਕ ਵੱਡਾ ਸੱਚ ਇਹ ਹੈ ਕਿ ਜਦੋਂ ਖੇਤੀ ਸੰਕਟ ਵਿੱਚ ਆਉਂਦੀਹੈ ਤਾਂ ਕਿਸਾਨ ਅਤੇ ਮਜ਼ਦੂਰ ਦੋਹਾਂ ਦੀ ਆਰਥਿਕਤਾ ਉੱਤੇ ਵੱਡੀ ਸੱਟ ਪੈਂਦੀ ਹੈ, ਕਿਉਂਕਿ ਪਿੰਡਾਂ ਦੀ ਆਰਥਿਕਤਾ ਦਾ ਵੱਡਾ ਤੇ ਬੁਨਿਆਦੀ ਅਸੂਲ ਕਿਸਾਨ ਅਤੇ ਮਜ਼ਦੂਰ ਦੀ ਆਪਸੀ ਸਾਂਝ ਉੱਤੇ ਟਿਕਿਆ ਹੋਇਆ ਹੈ। ਜਦੋਂ ਕਿਸਾਨ ਖ਼ੁਦ ਕਰਜ਼ੇ ਦੇ ਬੋਝ ਹੇਠ ਦੱਬਿਆ ਹੋਵੇ ਅਤੇ ਖੇਤੀ ਵਿੱਚ ਅੰਨ੍ਹੇਵਾਹ ਮਸ਼ੀਨੀਕਰਨ (ਜਿਵੇਂ ਟਰੈਕਟਰ, ਕੰਬਾਈਨਾਂ ਤੇ ਸੁਪਰ ਸੀਡਰ) ਵਧ ਗਿਆ ਹੋਵੇ, ਤਾਂ ਖੇਤਾਂ ਵਿੱਚ ਮਜ਼ਦੂਰ ਲਈ ਰਵਾਇਤੀ ਦਿਹਾੜੀ ਦੇ ਦਿਨ ਬਹੁਤ ਘੱਟ ਜਾਂਦੇ ਹਨ। ਜਿਸ ਦਾ ਸਿੱਧਾ ਅਸਰ ਖ਼ਾਸ ਕਰਕੇ ਮਜ਼ਦੂਰਾਂ ਦੀ ਆਮਦਨ ਉੱਤੇ ਪੈਂਦਾ ਹੈ, ਜੋ ਕਿ ਪਹਿਲਾਂ ਹੀ ਸੀਮਤ ਹੈ। ਇਹੋ ਜਿਹੇ ਹਾਲਾਤ ਕੀ ਸਿੱਧੇ ਤੌਰ 'ਤੇ ਉਸ ਦੀ ਰੋਜ਼ਾਨਾ ਜ਼ਿੰਦਗੀ ਦੇ ਕਾਰ-ਵਿਹਾਰ ਉੱਤੇ ਅਸਰ ਨਹੀਂ ਪਾ ਰਹੇ?

ਪੇਂਡੂ ਅਰਥਚਾਰੇ ਦਾ ਇੱਕ ਹੋਰ ਪੱਖ ਇਹ ਹੈ ਕਿ ਜਦੋਂ ਕਿਸਾਨ ਕੋਲ ਪੈਸਾ ਨਹੀਂ ਹੁੰਦਾ, ਤਾਂ ਪਿੰਡ ਵਿੱਚ ਇੱਕ ਭਿਆਨਕ ਆਰਥਿਕ ਖਲਾਅ ਪੈਦਾ ਹੋ ਜਾਂਦਾ ਹੈ। ਬੈਂਕ ਗਰੀਬ ਮਜ਼ਦੂਰ ਨੂੰ ਬਿਨਾਂ ਗਰੰਟੀ ਕਰਜ਼ਾ ਨਹੀਂ ਦਿੰਦੇ, ਜਿਸ ਕਾਰਨ ਪਿੰਡਾਂ ਵਿੱਚ ਨਿੱਕੇ ਸ਼ਾਹੂਕਾਰਾਂ, ਸੁਸਾਇਟੀਆਂ ਤੇ ਮਾਈਕਰੋ ਫਾਈਨਾਂਸ ਕੰਪਨੀਆਂ ਦਾ ਇੱਕ ਨਵਾਂ ਮਾਰੂ ਜਾਲ ਵਿਛ ਗਿਆ ਹੈ। ਇਹ ਨਿੱਕੇ ਸ਼ਾਹੂਕਾਰ ਗਰੀਬਾਂ ਦੀ ਮਜਬੂਰੀ ਦਾ ਫ਼ਾਇਦਾ ਚੁੱਕ ਕੇ 24% ਤੋਂ 36% ਤੱਕ ਦਾ ਮਾਰੂ ਵਿਆਜ ਵਸੂਲਦੇ ਹਨ।

ਹੱਦ ਤਾਂ ਇਹ ਹੈ ਕਿ ਰੋਜ਼ਾਨਾ ਫੇਰੀ ਲਗਾਉਣ ਵਾਲੇ, ਰੇਹੜੇ ਵਾਲੇ ਜਾਂ ਨਿੱਕਾ-ਮੋਟਾ ਕੰਮ ਕਰਨ ਵਾਲੇ ਗਰੀਬਾਂ ਨੂੰ ਜੇਕਰ ਸਵੇਰੇ ਸਾਮਾਨ ਖਰੀਦਣ ਲਈ 500 ਰੁਪਏ ਦੇ ਕਰਜ਼ੇ ਦੀ ਲੋੜ ਪਵੇ, ਤਾਂ ਸ਼ਾਹੂਕਾਰ 100 ਰੁਪਏ ਪਹਿਲਾਂ ਹੀ ਬਤੌਰ ਵਿਆਜ ਕੱਟ ਕੇ ਉਨ੍ਹਾਂ ਨੂੰ 400 ਰੁਪਏ ਦਿੰਦੇ ਹਨ ਤੇ ਸ਼ਾਮ ਨੂੰ ਪੂਰੇ 500 ਰੁਪਏ ਵਾਪਸ ਲੈਂਦੇ ਹਨ। ਇਹ 20% ਪ੍ਰਤੀ ਦਿਨ ਦੀ ਲੁੱਟ ਗਰੀਬ ਨੂੰ ਕਦੇ ਵੀ ਗਰੀਬੀ ਦੀ ਦਲਦਲ ਵਿੱਚੋਂ ਬਾਹਰ ਨਹੀਂ ਨਿਕਲਣ ਦਿੰਦੀ। ਕੀ ਇਸ ਲੁੱਟ ਵੱਲ ਕਦੇ ਹਾਕਮਾਂ ਦੀ ਨਜ਼ਰ ਪਈ ਹੈ?

ਅਸਲ ਵਿੱਚ ਸੱਚ ਇਹ ਹੈ ਕਿ ਸੱਤਾਧਾਰੀ ਧਿਰ ਖੇਤੀ ਖੇਤਰ ਨੂੰ ਫੇਲ੍ਹ ਕਰਨ ਵੱਲ ਸੇਧਿਤ (ਕੇਂਦਰਿਤ) ਹੈ, ਤਾਂ ਕਿ ਕਿਸਾਨ ਆਪਣੀ ਜ਼ਮੀਨ ਵੇਚਣ ਲਈ ਮਜਬੂਰ ਹੋਣ ਅਤੇ ਖੇਤੀ ਖੇਤਰ ਵਿੱਚੋਂ ਵਿਹਲੇ ਹੋਏ ਕਿਰਤੀਆਂ ਨੂੰ ਕਾਰਖਾਨਿਆਂ ਵਿੱਚ ਸਸਤੀ ਲੇਬਰ ਦੇ ਤੌਰ 'ਤੇ ਵਰਤਿਆ ਜਾ ਸਕੇ। ਜਿਸ ਦਾ ਸਿੱਧਾ ਅਰਥ ਤਾਂ ਇਹ ਹੈ ਕਿ ਹਾਕਮ ਧਿਰ ਪੇਂਡੂ ਅਰਥਚਾਰੇ ਅਤੇ ਪਿੰਡਾਂ ਨੂੰ ਖ਼ਤਮ ਕਰਨ ਦੇ ਨਿੱਤ ਨਵੇਂ ਰਾਹ ਅਤੇ ਨੀਤੀਆਂ ਉਲੀਕਦੀ ਹੈ।

ਅੱਜ ਪੰਜਾਬ ਦੀ ਪੇਂਡੂ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਕਹੇ ਜਾਣ ਵਾਲੇ ਕਿਸਾਨ ਸੰਕਟ ਵਿੱਚੋਂ ਲੰਘ ਰਹੇ ਹਨ। ਸਾਂਝੇ ਪ੍ਰਬੰਧ ਖ਼ਤਮ ਹੋਏ ਹਨ। ਪਰਿਵਾਰਾਂ ਦੇ ਵੰਡਵਾਰੇ ਕਾਰਨ ਖੇਤੀ ਹੇਠਲੀ ਜ਼ਮੀਨ ਨਿੱਤ ਦਿਨ ਘੱਟ ਰਹੀ ਹੈ। ਅੰਕੜਿਆਂ ਮੁਤਾਬਕ ਸੂਬੇ ਦੇ ਔਸਤਨ 65% ਤੋਂ ਵੱਧ ਕਿਸਾਨ ਹੁਣ ਛੋਟੇ ਤੇ ਸੀਮਾਂਤ ਕਿਸਾਨਾਂ ਦੀ ਸ਼੍ਰੇਣੀ ਵਿੱਚ ਆ ਚੁੱਕੇ ਹਨ, ਜਿਨ੍ਹਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਬਚੀ ਹੈ। ਜਿਹੜੀ ਜ਼ਮੀਨ ਪਹਿਲਾਂ ਇੱਕ ਵੱਡੇ ਪਰਿਵਾਰ ਦਾ ਗੁਜ਼ਾਰਾ ਆਸਾਨੀ ਨਾਲ ਕਰਦੀ ਸੀ, ਹੁਣ ਉਹ ਨਿੱਕੇ ਟੁਕੜਿਆਂ ਵਿੱਚ ਵੰਡੀ ਜਾ ਚੁੱਕੀ ਹੈ, ਜਿਸ ਉੱਤੇ ਖੇਤੀ ਕਰਨਾ ਆਰਥਿਕ ਤੌਰ 'ਤੇ ਲਾਹੇਵੰਦ ਨਹੀਂ ਰਿਹਾ। ਉੱਪਰੋਂ ਨਿੱਤ ਪ੍ਰਤੀ ਕੇਂਦਰ ਤੇ ਸੂਬਾ ਸਰਕਾਰਾਂ ਕਿਸਾਨਾਂ ਦੀ ਜ਼ਮੀਨ ਨਵੇਂ ਪ੍ਰੋਜੈਕਟਾਂ ਦੇ ਨਾਂਅ 'ਤੇ ਐਕੁਆਇਰ ਕਰਕੇ ਉਨ੍ਹਾਂ ਨੂੰ ਗ਼ੈਰ-ਜ਼ਮੀਨੇ ਬਣਾਉਣ ਦੇ ਰਾਹ ਤੁਰੀਆਂ ਹੋਈਆਂ ਹਨ। ਵੱਡੇ-ਵੱਡੇ ਹਾਈਵੇਅ ਪੰਜਾਬ ਦੇ ਸੀਨੇ 'ਤੇ ਥਾਂ-ਥਾਂ ਲਕੀਰਾਂ ਖਿੱਚ ਰਹੇ ਹਨ ਤੇ ਕਿਸਾਨਾਂ ਦੇ ਸੀਨੇ ਛੇਕ ਰਹੇ ਹਨ। ਕੀ ਇਹ ਪੰਜਾਬ ਦੇ ਕਿਸਾਨਾਂ ਦੀ ਤਬਾਹੀ ਲਈ ਵਿਕਾਸ ਦੇ ਨਾਂ 'ਤੇ ਕੀਤੇ ਗਏ ਮਿੱਥ ਕੇ ਯਤਨ ਨਹੀਂ ਹਨ? ਜਿਸ ਦਾ ਆਮ ਲੋਕਾਂ ਨੂੰ ਕੋਈ ਫ਼ਾਇਦਾ ਨਹੀਂ ਹੋਣ ਵਾਲਾ, ਸਗੋਂ ਕਾਰਪੋਰੇਟਾਂ ਤੇ ਅਮੀਰ ਘਰਾਣਿਆਂ ਦੇ ਹਿੱਤ ਪੂਰਨ ਕਰਨ ਵਾਲਾ ਕੰਮ ਹੈ।

ਖੇਤੀ ਕਰਨੀ ਬੇਹੱਦ ਮਹਿੰਗੀ ਬਣਾ ਦਿੱਤੀ ਗਈ ਹੈ। ਖੇਤੀ ਦੀ ਲਾਗਤ, ਬੀਜਾਂ, ਕੀਟਨਾਸ਼ਕਾਂ ਤੇ ਡੀਜ਼ਲ ਨੇ ਇਸ ਨੂੰ ਹੋਰ ਮਹਿੰਗਾ ਕਰ ਦਿੱਤਾ ਹੈ। ਸਿੱਟਾ ਇਹ ਹੈ ਕਿ ਪੰਜਾਬ ਦੇ ਲਗਭਗ 80% ਤੋਂ 85% ਕਿਸਾਨ ਬੈਂਕਾਂ ਤੇ ਆੜ੍ਹਤੀਆਂ ਦੇ ਕਰਜ਼ੇ ਹੇਠ ਦੱਬੇ ਹੋਏ ਹਨ ਅਤੇ ਇੱਕ ਔਸਤ ਕਿਸਾਨੀ ਪਰਿਵਾਰ ਸਿਰ ਲਗਭਗ ਤਿੰਨ ਲੱਖ ਦਾ ਕਰਜ਼ਾ ਹੈ, ਜੋ ਉਨ੍ਹਾਂ ਨੂੰ ਖ਼ੁਦਕੁਸ਼ੀਆਂ ਦੇ ਰਾਹ ਤੋਰ ਰਿਹਾ ਹੈ।

ਮਗਨਰੇਗਾ (ਮਹਾਤਮਾ ਗਾਂਧੀ ਰਾਸ਼ਟਰੀ ਰੋਜ਼ਗਾਰ ਯੋਜਨਾ) ਇੱਕ ਇਹੋ ਜਿਹੀ ਸਕੀਮ ਸੀ ਜਿਸ ਨੇ ਪੰਜਾਬ ਦੇ ਪਿੰਡਾਂ ਨੂੰ ਕੁਝ ਰਾਹਤ ਦਿੱਤੀ ਸੀ। ਇਹ ਪੇਂਡੂ ਅਰਥਚਾਰੇ ਤੇ ਮਜ਼ਦੂਰ ਵਰਗ ਦੀ ਜ਼ਿੰਦਗੀ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਸੀ। ਇਹ ਹਰ ਹਾਥ ਕੋ ਕਾਮ ਦੋ, ਹਰ ਕਾਮ ਕੋ ਦਾਮ ਦੋ ਦੇ ਸੰਕਲਪ ਦੀ ਤਰਜਮਾਨੀ ਕਰਨ ਵਾਲੀ ਸੀ, ਜਿਸ ਨੇ ਪੇਂਡੂ ਮਜ਼ਦੂਰਾਂ, ਔਰਤਾਂ, ਦਲਿਤਾਂ ਤੇ ਆਦਿਵਾਸੀਆਂ ਨੂੰ ਕੁਝ ਆਰਥਿਕ ਆਜ਼ਾਦੀ ਦੇ ਕੇ ਸਮਾਜਿਕ ਸੁਰੱਖਿਆ ਪ੍ਰਦਾਨ ਕੀਤੀ।

ਪਰ ਕੇਂਦਰ ਸਰਕਾਰ ਵੱਲੋਂ ਭੁਲੇਖਾ ਪਾਊ ਪ੍ਰੋਜੈਕਟਾਂ ਤਹਿਤ ਬੀਬੀ ਜੀ, ਰਾਮ ਜੀ ਵਰਗੇ ਪ੍ਰੋਗਰਾਮਾਂ ਰਾਹੀਂ ਲੋਕਾਂ ਨੂੰ ਗੁੰਮਰਾਹ ਕੀਤਾ ਗਿਆ ਤੇ ਉਨ੍ਹਾਂ ਹੱਥੋਂ ਮਨਰੇਗਾ ਦਾ ਕੰਮ ਖੋਹ ਲਿਆ ਗਿਆ। ਹੁਣ ਸਰਕਾਰ ਕੋਲ ਮਨਰੇਗਾ ਦਾ ਕੰਮ ਨਹੀਂ, ਕਿਸਾਨ ਕੋਲ ਪੈਸਾ ਨਹੀਂ, ਤਾਂ ਪਿੰਡਾਂ ਵਿੱਚ ਇੱਕ ਭਿਆਨਕ ਖਲਾਅ ਪੈਦਾ ਹੋ ਗਿਆ ਹੈ। ਕੇਂਦਰ ਸਰਕਾਰ ਵੱਲੋਂ ਪਿਛਲੇ ਕੁਝ ਸਾਲਾਂ ਦੇ ਬਜਟ ਵਿੱਚ ਮਨਰੇਗਾ ਦੇ ਫੰਡਾਂ 'ਚ ਭਾਰੀ ਕਟੌਤੀ ਕੀਤੀ ਗਈ ਹੈ, ਜਿਸ ਨਾਲ ਰਾਜਾਂ ਨੂੰ ਪੈਸਾ ਮਿਲਣਾ ਘੱਟ ਗਿਆ ਹੈ। ਪੰਜਾਬ ਵਰਗੇ ਸੂਬਿਆਂ ਦੇ ਕਰੋੜਾਂ ਰੁਪਏ ਦੇ ਫੰਡ ਕੇਂਦਰ ਵੱਲੋਂ ਰੋਕੇ ਗਏ ਹਨ।

ਮਨਰੇਗਾ ਦਾ ਕੰਮ ਘਟਣ ਨਾਲ ਪੇਂਡੂ ਔਰਤਾਂ ਦੀ ਆਰਥਿਕ ਆਜ਼ਾਦੀ ਪੂਰੀ ਤਰ੍ਹਾਂ ਖ਼ਤਮ ਹੋ ਗਈ ਹੈ, ਜਿਸ ਨਾਲ ਪਰਿਵਾਰਾਂ ਵਿੱਚ ਕੁਪੋਸ਼ਣ ਤੇ ਘਰੇਲੂ ਕਲੇਸ਼ ਵਧ ਰਿਹਾ ਹੈ। ਪੰਜਾਬ ਆਰਥਿਕ ਪੱਖੋਂ ਕਮਜ਼ੋਰ ਹੋ ਰਿਹਾ ਹੈ। ਪੰਜਾਬ ਦਾ ਪਿੰਡ ਆਰਥਿਕ ਪੱਖੋਂ ਟੁੱਟ ਰਿਹਾ ਹੈ। ਪਿੰਡਾਂ 'ਚ ਸਰਕਾਰੀ ਸਿੱਖਿਆ ਢਾਂਚਾ ਬੁਨਿਆਦੀ ਸਹੂਲਤਾਂ ਦੀ ਭਾਰੀ ਘਾਟ ਕਾਰਨ ਬਰਬਾਦ ਹੋ ਚੁੱਕਾ ਹੈ। ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਦੀਆਂ ਮਹਿੰਗੀਆਂ ਫ਼ੀਸਾਂ ਭਰਨੀਆਂ ਕਰਜ਼ਾਈ ਮਾਪਿਆਂ ਦੇ ਵੱਸੋਂ ਬਾਹਰ ਹਨ। ਹਜ਼ਾਰਾਂ ਹੋਣਹਾਰ ਬੱਚੇ ਆਪਣੀ ਪੜ੍ਹਾਈ ਛੱਡਣ ਲਈ ਮਜਬੂਰ ਹੋ ਗਏ ਹਨ।

ਪੰਜਾਬ ਕਿੱਤਾਮੁਖੀ ਸਿੱਖਿਆ ਤੋਂ ਵਿਰਵਾ ਹੈ। ਪੰਜਾਬ ਦਾ ਨੌਜਵਾਨ ਆਪਣੇ ਭਵਿੱਖ ਲਈ ਚੌਰਾਹੇ 'ਤੇ ਬੇਵੱਸ ਖੜ੍ਹਾ ਹੈ। ਬੇਰੋਜ਼ਗਾਰੀ ਅਤੇ ਮਾਨਸਿਕ ਪਰੇਸ਼ਾਨੀ ਹੀ ਪਿੰਡਾਂ ਵਿੱਚ ਨਸ਼ਿਆਂ ਦੇ ਫੈਲ ਰਹੇ ਜਾਲ ਦਾ ਅਸਲ ਕਾਰਨ ਹੈ। ਪਿੰਡ ਵਿੱਚ ਕੋਈ ਭਵਿੱਖ ਨਾ ਵੇਖ ਕੇ ਨੌਜਵਾਨੀ ਵਿੱਚ ਵਿਦੇਸ਼ ਭੱਜਣ ਦਾ ਰੁਝਾਨ ਵਧ ਰਿਹਾ ਹੈ। ਜਿਨ੍ਹਾਂ ਕੋਲ ਜ਼ਮੀਨ ਹੈ, ਉਹ ਉਸ ਨੂੰ ਵੇਚ ਕੇ ਜਾਂ ਗਿਰਵੀ ਰੱਖ ਕੇ ਬਾਹਰ ਜਾ ਰਹੇ ਹਨ; ਜਿੱਥੇ ਕਈ ਵਾਰ ਉਹ ਗ਼ੈਰ-ਕਾਨੂੰਨੀ ਰਸਤਿਆਂ (ਡੌਂਕੀ ਲਗਾ ਕੇ) ਜੰਗਲਾਂ, ਨਦੀਆਂ ਅਤੇ ਸਮੁੰਦਰਾਂ ਦੇ ਰਸਤੇ ਵਿਦੇਸ਼ ਜਾਣ ਦੀ ਕੋਸ਼ਿਸ਼ ਕਰਦੇ ਹਨ, ਜਿੱਥੋਂ ਕਈ ਵਾਰ ਉਨ੍ਹਾਂ ਦੀਆਂ ਲਾਸ਼ਾਂ ਹੀ ਘਰ ਪੁੱਜਦੀਆਂ ਹਨ।

**(ਬਾਕੀ ਸਫ਼ਾ 27 'ਤੇ)**

## 1 ਜੁਲਾਈ ਨੂੰ 'ਕੈਨੇਡਾ ਡੇਅ' 'ਤੇ ਵਿਸ਼ੇਸ਼

# ਜਿੰਦ ਮਾਹੀ ਚੱਲ ਚੱਲੀਏ ਕੈਨੇਡਾ......







ਜਗਮੋਹਨ ਸਿੰਘ 'ਲੱਕੀ'
9463819174




ਕੁਦਰਤੀ ਸੁਹੱਪਣ ਨਾਲ ਭਰਪੂਰ ਅਤੇ ਵਿਸ਼ਵ ਦੀ ਇੱਕ ਅਹਿਮ ਸ਼ਕਤੀ ਕੈਨੇਡਾ ਵਿੱਚ ਇੱਕ ਜੁਲਾਈ ਦਾ ਦਿਨ ਬਹੁਤ ਮਹੱਤਤਾ ਰੱਖਦਾ ਹੈ। 1 ਜੁਲਾਈ ਨੂੰ ਪੂਰੇ ਕੈਨੇਡਾ ਵਿੱਚ 'ਕੈਨੇਡਾ ਡੇਅ' ਦਾ ਦਿਹਾੜਾ ਇਤਿਹਾਸਿਕ ਦਿਹਾੜੇ ਵਾਂਗ ਹੀ ਮਨਾਇਆ ਜਾਂਦਾ ਹੈ। ਇਸ ਦਿਨ ਕੈਨੇਡਾ ਨੂੰ ਆਜ਼ਾਦੀ ਮਿਲੀ ਸੀ, ਇਹੋ ਕਾਰਨ ਹੈ ਕਿ ਹਰ ਸਾਲ ਹੀ ਇਸ ਦਿਨ ਪੂਰੇ ਕੈਨੇਡਾ ਵਿੱਚ ਜਸ਼ਨ ਮਨਾਏ ਜਾਂਦੇ ਹਨ, ਢੋਲ ਦੇ ਡੱਗੇ 'ਤੇ ਭੰਗੜੇ ਪਾਏ ਜਾਂਦੇ ਹਨ। ਕੈਨੇਡੀਅਨ ਗੋਰੇ- ਗੋਰੀਆਂ ਬਾਂਹਾਂ ਵਿੱਚ ਬਾਂਹਾਂ ਪਾ ਕੇ ਖੁਸ਼ੀ ਵਿੱਚ ਖੀਵੇ ਹੋਏ ਪਾਰਕਾਂ, ਗਲੀਆਂ ਮੁਹੱਲਿਆਂ ਤੇ ਹੋਰ ਥਾਂਵਾਂ ਉੱਪਰ ਝੂਮਦੇ ਫਿਰਦੇ ਹਨ। ਦੁਨੀਆ ਭਰ ਵਿੱਚ ਵਸੇ ਕੈਨੇਡੀਅਨ ਇਸ ਦਿਨ ਖੂਬ ਮੌਜ ਮਸਤੀ ਕਰਦੇ ਹਨ ਅਤੇ ਆਪਣੇ ਮੁਲਕ ਦੇ ਆਜ਼ਾਦ ਹੋਣ ਦੀ ਖੁਸ਼ੀ ਮਨਾਉਂਦੇ ਹਨ।

'ਕੈਨੇਡਾ ਡੇਅ' ਦੇ ਇਤਿਹਾਸ ਦੇ ਵਰਕੇ ਫਰੋਲਦਿਆਂ ਪਤਾ ਚਲਦਾ ਹੈ ਕਿ 1 ਜੁਲਾਈ 1867 ਵਿੱਚ ਬ੍ਰਿਟਿਸ਼ ਨਾਰਥ ਅਮਰੀਕਾ ਐਕਟ ਤਹਿਤ ਕੈਨੇਡਾ ਦੀ ਰਿਆਸਤ ਦਾ ਜਨਮ ਹੋਇਆ ਸੀ। ਉਸ ਸਮੇਂ ਚਾਰ ਸੂਬਿਆਂ ਨੋਵਾ ਸਕਾਸ਼ੀਆ, ਨਿਊ ਬਰਨਸਵਿਕ, ਓਟਾਰੀਓ ਅਤੇ ਕਿਊਬੈਕ ਨੂੰ ਮਿਲਾ ਕੇ ਹੀ ਕੈਨੇਡਾ ਰਿਆਸਤ ਨੂੰ ਬਣਾਇਆ ਗਿਆ ਸੀ। ਇਸ ਕੈਨੇਡੀਅਨ ਰਿਆਸਤ ਨੂੰ ਅੰਗਰੇਜ਼ੀ ਵਿੱਚ ਕੈਨੇਡਾ ਡੋਮੀਨੀਅਨ ਵੀ ਕਿਹਾ ਜਾਂਦਾ ਹੈ। ਸ਼ੁਰੂ- ਸ਼ੁਰੂ ਵਿੱਚ 'ਕੈਨੇਡਾ ਡੇਅ' ਨੂੰ 'ਡੋਮੀਨੀਅਨ ਡੇਅ' ਹੀ ਕਿਹਾ ਜਾਂਦਾ ਸੀ। ਸਾਲ 1982 ਵਿੱਚ ਉਸ ਸਮੇਂ ਦੀ ਕੈਨੇਡਾ ਦੀ ਸੰਸਦ ਨੇ ਕਾਂਸਟੀਚਿਊਸ਼ਨ ਐਕਟ ਨੂੰ ਪਾਸ ਕਰ ਦਿੱਤਾ, ਇਸ ਐਕਟ ਦੇ ਪਾਸ ਹੋਣ ਨਾਲ ਕੈਨੇਡਾ ਇੱਕ ਆਜ਼ਾਦ ਮੁਲਕ ਬਣ ਗਿਆ। ਜਦੋਂ 1982 ਵਿੱਚ ਕੈਨੇਡਾ ਆਜ਼ਾਦ ਮੁਲਕ ਬਣ ਗਿਆ ਤਾਂ ਇਕ ਜੁਲਾਈ ਨੂੰ ਡੋਮੀਨੀਅਨ ਡੇਅ ਦੀ ਥਾਂ 'ਕੈਨੇਡਾ ਡੇਅ' ਦਿਹਾੜਾ ਮਨਾਉਣਾ ਸ਼ੁਰੂ ਕਰ ਦਿੱਤਾ ਗਿਆ।



ਡੇਢ ਸਦੀ ਪਹਿਲਾਂ ਜਦੋਂ ਕੈਨੇਡਾ ਇੱਕ ਰਿਆਸਤ ਬਣਾਇਆ ਗਿਆ ਸੀ ਤਾਂ ਉਸ ਸਮੇਂ ਹੀ ਕੈਨੇਡਾ ਵਿੱਚ ਡੋਮੀਨੀਅਨ ਡੇਅ ਮਨਾਉਣਾ ਸ਼ੁਰੂ ਕਰ ਦਿੱਤਾ ਗਿਆ ਸੀ। ਇਤਿਹਾਸ ਦੇ ਪੰਨਿਆਂ ਉੱਪਰ ਇਹ ਵੀ ਦਰਜ਼ ਹੈ ਕਿ ਉਸ ਸਮੇਂ ਵੀ ਕੈਨੇਡਾ ਬ੍ਰਿਟਿਸ਼ ਸਾਮਰਾਜ ਦੀ ਇੱਕ ਬਸਤੀ ਹੀ ਸੀ ਅਤੇ ਉਸ ਸਮੇਂ ਵੀ ਡੋਮੀਨੀਅਨ ਡੇਅ ਬਹੁਤ ਹੀ ਹਲਕੇ ਪੱਧਰ ਉੱਪਰ ਮਨਾਇਆ ਜਾਂਦਾ ਸੀ ਤਾਂ ਕਿ ਬ੍ਰਿਟਿਸ਼ ਸਾਮਰਾਜ ਨੂੰ ਕੋਈ ਠੇਸ ਨਾ ਪਹੁੰਚੇ ਅਤੇ ਬ੍ਰਿਟਿਸ਼ ਸਾਮਰਾਜ ਨੂੰ ਇਹ ਮਹਿਸੂਸ ਨਾ ਹੋਣ ਲੱਗੇ ਕਿ ਕੈਨੇਡਾ ਹੁਣ ਆਜ਼ਾਦੀ ਦੀ ਮੰਗ ਕਰਨ ਲੱਗ ਪਿਆ ਹੈ। ਇਸ ਲਈ ਹੀ ਪਹਿਲਾਂ ਪਹਿਲਾਂ ਇਸ ਦਿਨ ਸਿਰਫ਼ ਸ਼ਗਨ ਵਜੋਂ ਹੀ ਮਾੜੇ ਮੋਟੇ ਸਮਾਗਮ ਕਰ ਲਏ ਜਾਂਦੇ ਸਨ ਪਰ ਦੂਜੇ ਵਿਸ਼ਵ ਯੁੱਧ (ਦੂਜਾ ਵਿਸ਼ਵ ਯੁੱਧ 1939 ਵਿੱਚ ਸ਼ੁਰੂ ਹੋਇਆ ਸੀ ਅਤੇ ਇਸ ਦਾ ਅੰਤ 1945 ਵਿੱਚ ਹੋਇਆ ਸੀ ) ਤੋਂ ਬਾਅਦ ਕੈਨੇਡਾ ਦੇ ਲੋਕਾਂ ਦੀ ਸੋਚ ਵਿੱਚ ਤਬਦੀਲੀ ਆਈ ਅਤੇ ਆਮ ਕੈਨੇਡੀਅਨ ਲੋਕ ਵੀ ਆਪਣੇ ਆਪ ਨੂੰ ਆਜ਼ਾਦ ਕਰਵਾਉਣ ਬਾਰੇ ਸੋਚਣ ਲੱਗੇ। ਇਸ ਆਜ਼ਾਦੀ ਸ਼ੁਰੂਆਤ ਉਹਨਾਂ ਨੇ ਡੋਮੀਨੀਅਨ ਡੇਅ ਮੌਕੇ ਵੱਡੇ ਜਸ਼ਨ ਮਨਾ ਕੇ ਕਰਨੀ ਸ਼ੁਰੂ ਕਰ ਦਿੱਤੀ। 1967 ਵਿੱਚ ਪਹਿਲੀ ਵਾਰੀ ਕੈਨੇਡਾ ਵਿੱਚ ਇਸ ਗੱਲ ਨੂੰ ਸਵੀਕਾਰ ਕੀਤਾ ਗਿਆ ਕਿ ਕੈਨੇਡਾ ਇੱਕ ਬਹੁ ਸਭਿਆਚਾਰੀ ਮੁਲਕ ਹੈ ਅਤੇ ਉਸ ਸਾਲ 1 ਜੁਲਾਈ ਨੂੰ ਡੋਮੀਨੀਅਨ ਡੇਅ ਦੇ ਜਸ਼ਨਾਂ 'ਤੇ ਵੀ ਕੈਨੇਡਾ ਦੇ ਬਹੁ ਸਭਿਆਚਾਰ ਦਾ ਹੀ ਦਬਦਬਾ ਰਿਹਾ। 1 ਜੁਲਾਈ ਨੂੰ 'ਕੈਨੇਡਾ ਡੇਅ' ਵਾਲੇ ਦਿਨ ਪੂਰੇ ਕੈਨੇਡਾ ਵਿੱਚ ਸਰਕਾਰੀ ਛੁੱਟੀ ਹੁੰਦੀ ਹੈ।



ਕੈਨੇਡਾ ਇੱਕ ਅਜਿਹਾ ਦੇਸ਼ ਹੈ, ਜਿਸ ਦਾ ਆਪਣਾ ਸੰਵਿਧਾਨ ਹੈ ਅਤੇ ਆਪਣਾ ਹੀ ਪ੍ਰਧਾਨ ਮੰਤਰੀ ਹੈ ਪਰ ਕੈਨੇਡਾ ਦਾ ਕੋਈ ਰਾਜਾ ਨਹੀਂ ਹੈ। ਅਜੇ ਵੀ ਬਰਤਾਨੀਆ ਦੇ ਰਾਜੇ ਚਾਰਲਸ ਕੈਨੇਡਾ ਦਾ ਵੀ ਮਹਾਰਾਜਾ ਮੰਨਿਆ ਜਾਂਦਾ ਹੈ ਅਤੇ ਕੈਨੇਡੀਅਨ ਲੋਕ ਬ੍ਰਿਟਿਸ਼ ਰਾਜੇ ਚਾਰਲਸ ਨੂੰ ਹੀ ਆਪਣਾ ਰਾਜਾ ਮੰਨ ਕੇ ਮਾਣ ਸਤਿਕਾਰ ਦਿੰਦੇ ਹਨ। ਪਹਿਲਾਂ ਇਹ ਮਾਣ ਬ੍ਰਿਟਿਸ਼ ਮਹਾਰਾਣੀ ਐਲਜਾਬੇਥ ਨੂੰ ਪ੍ਰਾਪਤ ਸੀ, ਜੋ ਕਿ ਬਰਤਾਨੀਆ ਦੇ ਨਾਲ ਨਾਲ ਕੈਨੇਡਾ ਦੀ ਵੀ ਮਹਾਰਾਣੀ ਮੰਨੀ ਜਾਂਦੀ ਸੀ। ਉਹਨਾਂ ਦੀ ਮੌਤ ਤੋਂ ਬਾਅਦ ਕਿੰਗ ਚਾਰਲਸ ਬਰਤਾਨੀਆ ਦੇ ਮਹਾਰਾਜਾ ਬਣੇ, ਉਸ ਤੋਂ ਬਾਅਦ ਕਿੰਗ ਚਾਰਲਸ ਨੂੰ ਕੈਨੇਡਾ ਦਾ ਵੀ ਕਿੰਗ ਮੰਨਿਆ ਜਾਂਦਾ ਹੈ।

ਕੈਨੇਡਾ ਦਾ ਸਮਾਜ ਅਸਲ ਵਿੱਚ ਬਹੁ ਸਭਿਆਚਾਰ ਨੂੰ ਸਮੋਈ ਬੈਠਾ ਹੈ, ਜਿਸ ਵਿੱਚ ਪੰਜਾਬੀ ਤੇ ਸਿੱਖ ਵੀ ਉੱਘੇ ਅੰਗ ਹਨ। ਇਸ ਲਈ ਕੈਨੇਡਾ ਰਹਿੰਦੇ ਸਾਰੇ ਪੰਜਾਬੀਆਂ ਨੂੰ ਹੀ 'ਕੈਨੇਡਾ ਡੇਅ' ਦੇ ਜਸ਼ਨਾਂ ਵਿੱਚ ਕੈਨੇਡੀਅਨ ਲੋਕਾਂ ਦਾ ਸਾਥ ਦੇਣਾ ਚਾਹੀਦਾ ਹੈ। ਇਹ ਹੀ ਅੱਜ ਦੇ ਸਮੇਂ ਦੀ ਮੁੱਖ ਮੰਗ ਵੀ ਹੈ ਅਤੇ ਅਹਿਮ ਲੋੜ ਵੀ ।

**ਕੈਨੇਡਾ ਵਿੱਚ 1 ਜੁਲਾਈ ਦੇ ਇਤਿਹਾਸਿਕ ਦਿਨ ਨਾਲ ਹੋਰ ਵੀ ਬਹੁਤ ਕੁਝ ਜੁੜਿਆ ਹੋਇਆ ਹੈ। ਕੈਨੇਡਾ ਵਿੱਚ ਬਹੁਤ ਸਾਰੇ ਮਹੱਤਵਪੂਰਨ ਕੰਮ 1 ਜੁਲਾਈ ਨੂੰ ਹੀ ਕੀਤੇ ਗਏ। 1 ਜੁਲਾਈ 1927 ਨੂੰ ਕੈਨੇਡਾ ਵਿਖੇ ਪਹਿਲਾ ਰਾਸ਼ਟਰੀ ਰੇਡੀਓ ਸ਼ੁਰੂ ਕੀਤਾ ਗਿਆ, ਜੋ ਕਿ ਪੂਰੇ ਕੈਨੇਡਾ ਵਾਸੀਆਂ ਵਿੱਚ ਹੀ ਹਰਮਨ ਪਿਆਰਾ ਹੋ ਗਿਆ। ਇਸੇ ਤਰ੍ਹਾਂ 1 ਜੁਲਾਈ 1958 ਨੂੰ ਕੈਨੇਡਾ ਵਿੱਚ ਕੈਨੇਡੀਅਨ ਟੀ. ਵੀ. ਸ਼ੁਰੂ ਕੀਤਾ ਗਿਆ। 1 ਜੁਲਾਈ 1966 ਵਿੱਚ ਕੈਨੇਡਾ ਵਿੱਚ ਪਹਿਲੀ ਵਾਰ ਰੰਗਦਾਰ ਟੀ. ਵੀ. ਸ਼ੁਰੂ ਕੀਤਾ ਗਿਆ। 1 ਜੁਲਾਈ 1967 ਵਿੱਚ ਕੈਨੇਡਾ ਦਾ ਸਨਮਾਨ 'ਆਰਡਰ ਆਫ਼ ਕੈਨੇਡਾ' ਸ਼ੁਰੂ ਕੀਤਾ ਗਿਆ। ਕੈਨੇਡਾ ਦਾ ਰਾਸ਼ਟਰੀ ਗੀਤ 'ਓ ਕੈਨੇਡਾ' ਵੀ 1 ਜੁਲਾਈ 1980 ਨੂੰ ਸ਼ੁਰੂ ਕੀਤਾ ਗਿਆ। ਇਸ ਤਰ੍ਹਾਂ 1 ਜੁਲਾਈ ਦਾ ਦਿਨ ਪੂਰੇ ਕੈਨੇਡਾ ਵਿੱਚ ਹੀ ਇਤਿਹਾਸਿਕ ਦਿਵਸ ਵਜੋਂ ਮਨਾਇਆ ਜਾਂਦਾ ਹੈ। 1 ਜੁਲਾਈ ਨੂੰ 'ਕੈਨੇਡਾ ਡੇਅ' ਮੌਕੇ ਕੈਨੇਡਾ ਦਾ ਮੌਸਮ ਵੀ ਕੈਨੇਡਾ ਦੇ ਵਸਨੀਕਾਂ ਨੂੰ 'ਕੈਨੇਡਾ ਡੇਅ' ਦੀਆਂ ਵਧਾਈਆਂ ਦਿੰਦਾ ਪ੍ਰਤੀਕ ਹੁੰਦਾ ਹੈ।**

## ਵਿਦਿਆਰਥੀਆਂ ਦੀ ਪਹਿਲੀ ਪਸੰਦ ਕੈਨੇਡਾ

ਕੈਨੇਡਾ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣਿਆ ਹੋਇਆ ਹੈ। ਅੰਕੜਿਆਂ ਮੁਤਾਬਕ ਸਾਲ 2022 ਵਿੱਚ ਵੱਖ-ਵੱਖ ਕੋਰਸਾਂ ਦੇ ਤਹਿਤ ਦਾਖਲੇ ਨੂੰ ਲੈ ਕੇ ਕੈਨੇਡਾ ਪਹੁੰਚੇ 5.5 ਲੱਖ ਅੰਤਰਰਾਸ਼ਟਰੀ ਵਿਦਿਆਰਥੀਆਂ ਵਿਚੋਂ 2.26 ਲੱਖ ਇਕੱਲੇ ਭਾਰਤ ਤੋਂ ਹਨ। ਇਹਨਾਂ ਵਿਚੋਂ ਵੀ 80 ਹਜ਼ਾਰ ਵਿਦਿਆਰਥੀ ਸਿਰਫ਼ ਪੰਜਾਬ ਅਤੇ ਚੰਡੀਗੜ੍ਹ ਤੋਂ ਹਨ। ਸਟੱਡੀ ਵੀਜ਼ਾ ਦੇ ਜਾਣਕਾਰ ਇਕ ਮਾਹਰ ਦਾ ਕਹਿਣਾ ਹੈ ਕਿ ਕੋਵਿਡ ਦੇ ਬਾਅਦ ਤੋਂ ਕੈਨੇਡਾ ਵਿੱਚ ਕੰਮ ਦੇ ਘੰਟੇ ਵਧਾਉਣ ਕਾਰਨ ਵਿਦਿਆਰਥੀਆਂ ਗਿਣਤੀ ਪਹਿਲਾਂ ਨਾਲੋਂ ਤੇਜ਼ੀ ਨਾਲ ਵਧੀ ਹੈ। ਕੈਨੇਡਾ ਪਹੁੰਚਣ ਵਾਲੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ। ਇਮੀਗ੍ਰੇਸ਼ਨ ਰਿਫਊਜੀਸ ਐਂਡ ਸਿਟੀਜਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਵੱਲੋਂ ਜਾਰੀ ਰਿਪੋਰਟ ਮੁਤਾਬਕ ਕੈਨੇਡਾ ਵਿੱਚ ਸਾਲ 2022 ਵਿੱਚ 184 ਦੇਸ਼ਾਂ ਤੋਂ ਰਿਕਾਰਡ 551,405 ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਦਿੱਤਾ ਗਿਆ। ਇਹਨਾਂ ਵਿਚੋਂ 226,450 ਭਾਰਤੀ ਵਿਦਿਆਰਥੀ ਹਨ। ਇਸ ਦੇ ਬਾਅਦ ਜਨਵਰੀ 2023 ਵਿੱਚ ਕੈਨੇਡਾ ਪਹੁੰਚੇ ਨਵੇਂ ਵਿਦਿਆਰਥੀਆਂ ਦੇ ਨਾਲ ਇਹ ਅੰਕੜਾ ਹੋਰ ਵੀ ਵੱਧ ਗਿਆ। ਕੈਨੇਡਾ ਵਿੱਚ ਸਾਲ 2022 ਵਿੱਚ ਪੜ੍ਹ ਰਹੇ 8.07 ਲੱਖ ਅੰਤਰਰਾਸ਼ਟਰੀ ਵਿਦਿਆਰਥੀਆਂ ਵਿਚੋਂ 319, 130 ਇਕੱਲੇ ਭਾਰਤ ਤੋਂ ਹਨ। ਇਸ ਦੇ ਬਾਅਦ ਚੀਨ ਦੇ 1 ਲੱਖ, ਫਿਲੀਪੀਨਜ਼ ਦੇ 32,455, ਫਰਾਂਸ ਦੇ 21660 ਅਤੇ ਨਾਈਜੀਰੀਆ ਦੇ 21,660 ਵਿਦਿਆਰਥੀ ਹਨ। ਸਾਲ 2021 ਵਿਚ 444,260 ਵਿਦਿਆਰਥੀਆਂ ਨੂੰ ਸਟੱਡੀ ਵੀਜ਼ਾ ਦਿੱਤੇ ਗਏ ਸਨ।



# ਇਰਾਨ ਯੁੱਧ ਰਾਹੀਂ ਬਹੁ-ਧਰੁਵੀ ਸੰਸਾਰ ਦਾ ਰਾਹ ਮਜ਼ਬੂਤ



ਐਡ. ਸੰਜੇ ਪਾਂਡੇ
(ਵਕੀਲ, ਹਾਈਕੋਰਟ ਮੁੰਬਈ)






ਪਿਛਲੇ ਕੁਝ ਸਾਲਾਂ ਵਿੱਚ ਪੱਛਮੀ ਏਸ਼ੀਆ ਦੀਆਂ ਭੂ-ਰਾਜਨੀਤਿਕ ਸਮੀਕਰਣਾਂ ਤੇਜ਼ੀ ਨਾਲ ਬਦਲ ਗਈਆਂ ਹਨ। ਅਮਰੀਕਾ ਅਤੇ ਇਜ਼ਰਾਇਲ ਦੇ ਸੰਯੁਕਤ ਫ਼ੌਜੀ ਹਮਲੇ ਦਾ ਸਾਹਮਣਾ ਕਰਦਿਆਂ ਇਰਾਨ ਨਾ ਸਿਰਫ਼ ਰਣਭੂਮੀ 'ਤੇ ਡਟਿਆ ਰਿਹਾ, ਸਗੋਂ ਰਣਨੀਤਿਕ ਪਹਿਲਕਦਮੀ ਵੀ ਹਾਸਲ ਕਰ ਲਈ। ਇਸ ਜਿੱਤ ਦੇ ਪਿੱਛੇ ਇਰਾਨ ਦੀ ਸਵਦੇਸ਼ੀ ਫ਼ੌਜੀ ਸਮਰੱਥਾ, ਲੋਕਾਂ ਦੀ ਏਕਤਾ ਅਤੇ ਨਿਰਣਾਇਕ ਕੂਟਨੀਤੀ ਤਾਂ ਸੀ ਹੀ, ਪਰੰਤੂ ਇਸਨੂੰ ਇੱਕ ਮਜ਼ਬੂਤ ਸਹਾਰਾ ਮਿਲਿਆ - ਚੀਨ। '12 ਦਿਨਾਂ ਦੀ ਲੜਾਈ' ਅਤੇ 'ਰਮਜ਼ਾਨ ਲੜਾਈ' ਵਰਗੀਆਂ ਤਾਜ਼ਾ ਟੱਕਰਾਂ ਵਿੱਚ ਇਰਾਨੀ ਲੋਕਾਂ ਅਤੇ ਉੱਦਮੀਆਂ ਵੱਲੋਂ ਵਿਖਾਈ ਗਈ ਸਮਰੱਥਾ ਅਤੇ ਚੀਨ ਦੀ ਆਰਥਿਕ, ਤਕਨੀਕੀ, ਕੂਟਨੀਤਿਕ ਅਤੇ ਮਨੁੱਖੀ ਸਹਾਇਤਾ ਕਾਰਨ ਇੱਕ ਨਵਾਂ ਸ਼ਕਤੀ-ਸੰਤੁਲਨ ਉਭਰ ਕੇ ਸਾਹਮਣੇ ਆਇਆ ਹੈ। ਚੀਨ ਨੇ ਇਰਾਨ ਦੀ ਠੋਸ ਤੌਰ 'ਤੇ ਕਿਵੇਂ ਮਦਦ ਕੀਤੀ, ਉਪਲਬਧ ਜਾਣਕਾਰੀ ਅਨੁਸਾਰ ਚੀਨ ਨੇ ਈਰਾਨ ਖੇਤਰ ਵਿੱਚ ਆਪਣਾ ਪ੍ਰਭਾਵ ਕਿਵੇਂ ਵਧਾਇਆ, ਅਤੇ ਇਨ੍ਹਾਂ ਸਭ ਤੋਂ ਅਮਰੀਕੀ ਦਬਦਬੇ ਦਾ ਦੌਰ ਇਤਿਹਾਸ ਦਾ ਹਿੱਸਾ ਬਣਦਾ ਦਿਖਾਈ ਦੇ ਰਿਹਾ ਹੈ।

ਚੀਨ ਨੇ ਇਰਾਨ ਨੂੰ ਦਿੱਤੀ ਗਈ ਸਹਾਇਤਾ ਰਣਭੂਮੀ ਤੋਂ ਲੈ ਕੇ ਪੁਨਰ-ਨਿਰਮਾਣ ਤੱਕ ਸਾਰੇ ਪੱਧਰਾਂ 'ਤੇ ਫ਼ੈਲੀ ਹੋਈ ਸੀ। ਸਭ ਤੋਂ ਪਹਿਲਾਂ, ਚੀਨ ਨੇ ਇਰਾਨ ਦੀ ਆਰਥਿਕ ਜੀਵਨ-ਰੇਖਾ ਨੂੰ ਟੁੱਟਣ ਨਹੀਂ ਦਿੱਤਾ। ਪੱਛਮੀ ਪਾਬੰਦੀਆਂ ਕਾਰਨ ਬਹੁਤ ਸਾਰੇ ਦੇਸ਼ ਇਰਾਨੀ ਤੇਲ ਖਰੀਦਣ ਤੋਂ ਡਰ ਰਹੇ ਸਨ, ਚੀਨ ਨਿਰੰਤਰ ਇਰਾਨ ਦਾ ਸਭ ਤੋਂ ਵੱਡਾ ਤੇਲ ਗਾਹਕ ਬਣਿਆ ਰਿਹਾ। ਚੀਨ ਇਰਾਨੀ ਅਤੇ ਰੂਸੀ ਤੇਲ ਦਾ ਸਭ ਤੋਂ ਵੱਡਾ ਖਰੀਦਦਾਰ ਹੈ ਅਤੇ ਪਾਈਪਲਾਈਨ ਅਤੇ ਸਮੁੰਦਰੀ ਰਸਤੇ ਰਾਹੀਂ ਹੋ ਰਹੇ ਇਸ ਵਪਾਰ ਕਾਰਨ ਇਰਾਨ ਦੇ ਵਿਦੇਸ਼ੀ ਮੁਦਰਾ ਦੇ ਸਰੋਤ ਨਹੀਂ ਸੁੱਕੇ ਅਤੇ ਯੁੱਧਕਾਲ ਦੌਰਾਨ ਵੀ ਆਰਥਿਕਤਾ ਢਹਿ-ਢੇਰੀ ਨਹੀਂ ਹੋਈ। ਇਸਦੇ ਨਾਲ ਹੀ, ਜੰਗਬੰਦੀ ਅਤੇ ਸਮਝੌਤੇ ਲਈ ਚੀਨ ਨੇ ਬਹੁਤ ਸਰਗਰਮ ਕੂਟਨੀਤਿਕ ਸਮਰਥਨ ਦਿੱਤਾ। ਪਾਕਿਸਤਾਨ ਦੀ ਮਧਿਅਸਥਤਾ ਨਾਲ ਅਮਰੀਕਾ ਨਾਲ ਅਪ੍ਰਤੱਖ ਗੱਲਬਾਤ ਚੱਲ ਰਹੀ ਸੀ, ਚੀਨ ਨੇ ਸ਼ੁਰੂ ਤੋਂ ਹੀ ਇਰਾਨ ਦੇ ਕੂਟਨੀਤਿਕ ਦ੍ਰਿਸ਼ਟੀਕੋਣ ਦਾ ਸਵਾਗਤ ਕੀਤਾ। ਸਮਝੌਤਾ ਐਲਾਨੇ ਜਾਣ ਤੋਂ ਬਾਅਦ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਇਰਾਨੀ ਹਮਰੁਤਬਾ ਅੱਬਾਸ ਅਰਾਗਚੀ ਨਾਲ ਟੈਲੀਫ਼ੋਨ 'ਤੇ ਚਰਚਾ ਕਰਦਿਆਂ ਦਮਨ ਦੇ ਵਿਰੁੱਧ ਇਰਾਨ ਸਰਕਾਰ ਅਤੇ ਲੋਕਾਂ ਦੀ ਦ੍ਰਿੜ੍ਹਤਾ ਅਤੇ ਜ਼ਿੰਮੇਵਾਰ ਕੂਟਨੀਤਿਕ ਰੁਖ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਮਝੌਤੇ ਦੀਆਂ ਸਾਰੀਆਂ ਸ਼ਰਤਾਂ ਦੀ ਸਹੀ ਅਤੇ ਪੂਰਨ ਅਮਲਜਾਮਾ ਪਹਿਨਾਉਣ ਦੀ ਜ਼ਰੂਰਤ ਨੂੰ ਰੇਖਾਂਕਿਤ ਕਰਦੇ ਹੋਏ ਚੀਨ ਵੱਲੋਂ ਇਸ ਵਿੱਚ ਸਹਿਯੋਗ ਲਈ ਤਿਆਰ ਰਹਿਣ ਦਾ ਐਲਾਨ ਕੀਤਾ। ਕੂਟਨੀਤਿਕ ਮੋਰਚੇ 'ਤੇ ਚੀਨ ਨੇ ਰੂਸ ਨਾਲ ਤਾਲਮੇਲ ਵਾਲੀ ਭੂਮਿਕਾ ਨਿਭਾਈ। ਚੀਨ ਅਤੇ ਰੂਸ ਦੋਵਾਂ ਨੇ ਇਸਲਾਮਾਬਾਦ ਸਮਝੌਤੇ ਦਾ ਸਵਾਗਤ ਕੀਤਾ। ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਸਮਝੌਤੇ ਦੀ ਪਾਲਣਾ ਕਰਨ ਦੀ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ। ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਸਮਰਥਨ ਸਮੇਤ ਅੰਤਰਰਾਸ਼ਟਰੀ ਭਾਈਚਾਰੇ ਨੂੰ ਇਸ ਸਮਝੌਤੇ ਦਾ ਸਮਰਥਨ ਕਰਨਾ ਚਾਹੀਦਾ ਹੈ, ਇਸ 'ਤੇ ਚੀਨ-ਰੂਸ ਦੀ ਸਹਿਮਤੀ ਬਣੀ। ਇਸ ਰਾਜਨੀਤਿਕ ਮੋਰਚੇ ਕਾਰਨ ਇਰਾਨ ਨੂੰ ਇਕੱਲਾ ਕਰਨ ਦੀਆਂ ਅਮਰੀਕੀ ਕੋਸ਼ਿਸ਼ਾਂ ਅਸਫ਼ਲ ਰਹੀਆਂ।



ਜੰਗ ਤੋਂ ਬਾਅਦ ਦੇ ਪੁਨਰ-ਨਿਰਮਾਣ ਦੇ ਦੌਰ ਵਿੱਚ ਵੀ ਚੀਨ ਨੇ ਇਰਾਨ ਅਤੇ ਲਿਬਨਾਨ ਦੇ ਨਾਲ ਖੜ੍ਹੇ ਹੋਣ ਦਾ ਐਲਾਨ ਕੀਤਾ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਲਿਨ ਜਿਆਨ ਨੇ ਸਪੱਸ਼ਟ ਕੀਤਾ ਕਿ ਬੀਜਿੰਗ ਜੰਗ ਤੋਂ ਬਾਅਦ ਦੇ ਪੁਨਰ-ਨਿਰਮਾਣ ਨੂੰ ਉੱਚ ਤਰਜੀਹ ਦਿੰਦਾ ਹੈ ਅਤੇ ਆਰਥਿਕ ਸਥਿਤੀ ਅਤੇ ਲੋਕਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਲਈ ਜਲਦੀ ਹੀ ਨਵੀਂ ਮਾਨਵਤਾਵਾਦੀ ਸਹਾਇਤਾ ਭੇਜੀ ਜਾਵੇਗੀ। ਇਸ ਤੋਂ ਇਲਾਵਾ, ਇਸਲਾਮਾਬਾਦ ਸਮਝੌਤੇ ਅਧੀਨ 300 ਅਰਬ ਡਾਲਰ ਦਾ ਪੁਨਰ-ਨਿਰਮਾਣ ਫ਼ੰਡ ਸਥਾਪਿਤ ਕੀਤਾ ਜਾਣਾ ਹੈ, ਜਿਸ ਵਿੱਚ ਚੀਨ ਦੀ ਵੀ ਮਹੱਤਵਪੂਰਨ ਭੂਮਿਕਾ ਰਹੇਗੀ। ਫ਼ੌਜੀ-ਤਕਨੀਕੀ ਮੋਰਚੇ 'ਤੇ ਵੀ ਚੀਨ ਨੇ ਵੱਡੀ ਮਦਦ ਦਿੱਤੀ। ਹਵਾਈ ਰੱਖਿਆ, ਡ੍ਰੋਨ ਤਕਨੀਕ, ਮਿਜ਼ਾਈਲ ਪ੍ਰਣਾਲੀ ਅਤੇ ਸਾਈਬਰ ਸਮਰੱਥਾਵਾਂ ਵਿੱਚ ਡੂੰਘੇ ਸਹਿਯੋਗ ਦੁਆਰਾ ਇਰਾਨ ਨੇ ਸਵਦੇਸ਼ੀ ਸਮਰੱਥਾ ਨੂੰ ਮਜ਼ਬੂਤ ਕਰਦਿਆਂ ਇਜ਼ਰਾਇਲ ਦੀ ਆਇਰਨ ਡੋਮ ਪ੍ਰਣਾਲੀ ਨੂੰ ਪ੍ਰਭਾਵੀ ਢੰਗ ਨਾਲ ਚੁਣੌਤੀ ਦਿੱਤੀ।

ਡਿਜੀਟਲ ਭਵਿੱਖ ਦੇ ਨਿਰਮਾਣ ਲਈ ਵੀ ਚੀਨ ਇਰਾਨ ਦਾ ਮੁੱਖ ਭਾਈਵਾਲ ਹੈ। ਹਾਲ ਹੀ ਵਿੱਚ ਹੋਏ ਬ੍ਰਿਕਸ ਫ੍ਰਿਊਚਰ ਨੈੱਟਵਰਕ ਇਨੋਵੇਸ਼ਨ ਫ਼ੋਰਮ 2026 ਵਿੱਚ ਇਰਾਨ ਨੇ ਵਿਸ਼ਵਾਸਯੋਗ ਕੰਪਿਊਟਿੰਗ ਪਾਵਰ ਨੈੱਟਵਰਕ ਵਿਕਸਤ ਕਰਨ ਲਈ ਸਹਿਯੋਗ ਦਾ ਢਾਂਚਾ ਪ੍ਰਸਤਾਵਿਤ ਕੀਤਾ ਅਤੇ ਇਸ ਪਹਿਲ ਦੀ ਅਗਵਾਈ ਚੀਨ ਦੇ ਉਦਯੋਗ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਕੀਤੀ। ਨਕਲੀ ਬੁੱਧੀ, ਉਦਯੋਗਿਕ ਇੰਟਰਨੈੱਟ ਆਫ਼ ਥਿੰਗਜ਼, ਸਮਾਰਟ ਲੌਜਿਸਟਿਕ, ਆਧੁਨਿਕ ਵਿੱਤੀ ਤਕਨਾਲੋਜੀ ਆਦਿ ਖੇਤਰਾਂ ਵਿੱਚ ਇਰਾਨ ਆਪਣੀ ਸਮਰੱਥਾ ਵਧਾ ਰਿਹਾ ਹੈ, ਅਤੇ ਚੀਨ ਇਸ ਵਿੱਚ ਮੁੱਖ ਤਕਨੀਕੀ ਭਾਈਵਾਲ ਹੈ।

ਇਰਾਨ ਵਿੱਚ ਚੀਨ ਦਾ ਪ੍ਰਭਾਵ ਵਿਸਤਾਰ ਕੇਵਲ ਸਰਕਾਰੀ ਕੂਟਨੀਤਿਕ ਸਬੰਧਾਂ ਤੱਕ ਹੀ ਸੀਮਤ ਨਹੀਂ ਰਿਹਾ, ਸਗੋਂ ਆਰਥਿਕਤਾ, ਤਕਨਾਲੋਜੀ, ਵਿੱਤੀ ਬੁਨਿਆਦੀ ਢਾਂਚੇ ਅਤੇ ਡਿਜੀਟਲ ਭਵਿੱਖ ਤੱਕ ਫ਼ੈਲਿਆ ਹੋਇਆ ਹੈ। ਇਸਲਾਮਾਬਾਦ ਸਮਝੌਤੇ ਦਾ ਐਲਾਨ ਹੁੰਦੇ ਹੀ, ਇਰਾਨ ਨੇ ਚੀਨ, ਰੂਸ ਅਤੇ ਓਮਾਨ ਨਾਲ ਉੱਚ-ਪੱਧਰੀ ਰਾਜਨੀਤਿਕ ਤਾਲਮੇਲ ਕਾਇਮ ਕੀਤਾ। ਵਿਦੇਸ਼ ਮੰਤਰੀ ਅਰਾਗਚੀ ਨੇ ਚੀਨ ਦੇ ਵਾਂਗ ਯੀ ਨੂੰ ਸਮਝੌਤੇ ਦੇ ਵੇਰਵਿਆਂ ਦੀ ਜਾਣਕਾਰੀ ਦਿੰਦਿਆਂ ਇਰਾਨ-ਚੀਨ ਸਬੰਧਾਂ ਦੀ ਰਣਨੀਤਿਕ ਪ੍ਰਕਿਰਤੀ 'ਤੇ ਜ਼ੋਰ ਦਿੱਤਾ ਅਤੇ ਗੱਲਬਾਤ ਦੌਰਾਨ ਚੀਨ ਦੇ ਸਮਰਥਨ ਲਈ ਧੰਨਵਾਦ ਕੀਤਾ। ਦੋਵਾਂ ਦੇਸ਼ਾਂ ਨੇ ਊਰਜਾ, ਵਪਾਰ ਅਤੇ ਨਿਵੇਸ਼ ਵਿੱਚ ਦੁਵੱਲੇ ਸਹਿਯੋਗ ਨੂੰ ਵਧਾਉਣ ਦੇ ਮੌਕਿਆਂ 'ਤੇ ਚਰਚਾ ਕੀਤੀ। ਇਸੇ ਤੋਂ ਸੰਸਦ ਦੇ ਸਪੀਕਰ ਮੁਹੰਮਦ ਬਾਘੇਰ ਕਾਲੀਬਾਫ਼ ਦੀ ਦੂਰਅੰਦੇਸ਼ੀ ਸਪੱਸ਼ਟ ਹੁੰਦੀ ਹੈ। ਉਹ ਖੁਦ ਚੀਨ ਮਾਮਲੇ ਲਈ ਈਰਾਨ ਦੇ ਵਿਸ਼ੇਸ਼ ਪ੍ਰਤੀਨਿਧ ਹਨ, ਅਤੇ ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ 'ਭਵਿੱਖ ਵਿੱਚ ਜੇ ਕੋਈ ਖੇਤਰੀ ਗਰੁੱਪ ਬਣਦਾ ਹੈ, ਤਾਂ ਉਸ ਵਿੱਚ ਚੀਨ ਅਤੇ ਈਰਾਨ ਦੋ ਨਿਸ਼ਚਿਤ ਅਤੇ ਲਾਜ਼ਮੀ ਮੈਂਬਰ ਹੋਣਗੇ।' ਉਨ੍ਹਾਂ ਦੇ ਵਿਚਾਰ ਅਨੁਸਾਰ, ਚੀਨ ਸਾਡੇ ਲਈ ਵਿਲੱਖਣ ਹੈ। ਸਾਨੂੰ ਚੀਨ ਨੂੰ ਭਰੋਸਾ ਦਿਵਾਉਣਾ ਚਾਹੀਦਾ ਹੈ ਕਿ ਅਸੀਂ ਕੇਵਲ ਗਾਹਕ ਨਹੀਂ, ਪੂਰੇ ਭਾਈਵਾਲ ਹਾਂ। ਇਹ ਰੁਖ ਚੀਨ ਨਾਲ ਸਬੰਧਾਂ ਨੂੰ ਆਮ ਵਪਾਰ ਤੋਂ ਇੱਕ ਵਿਆਪਕ ਰਣਨੀਤਿਕ ਭਾਈਵਾਲੀ ਵੱਲ ਲਿਜਾਣ ਦੇ ਸੰਕਲਪ ਨੂੰ ਦਰਸਾਉਂਦਾ ਹੈ।

ਇਸੇ ਪਿਛੋਕੜ ਵਿੱਚ ਇਰਾਨ ਚੈਂਬਰ ਆਫ਼ ਕਾਮਰਸ ਦੇ ਉਪ-ਪ੍ਰਧਾਨ ਗਾਦਿਰ ਘਿਆਫ਼ੇਹ ਨੇ ਰੇਖਾਂਕਿਤ ਕੀਤਾ ਕਿ 2035 ਅਤੇ 2050 ਤੱਕ ਚੀਨ ਕਿੱਥੇ ਪਹੁੰਚੇਗਾ, ਇਹ ਸਮਝਦੇ ਹੋਏ ਇਰਾਨ-ਚੀਨ ਵਿਕਾਸ ਦਸਤਾਵੇਜ਼ ਤਿਆਰ ਕੀਤਾ ਜਾਣਾ ਚਾਹੀਦਾ ਹੈ। ਨਕਲੀ ਬੁੱਧੀ, ਅਤਿ-ਆਧੁਨਿਕ ਤਕਨਾਲੋਜੀ, ਇਲੈਕਟ੍ਰਿਕ ਵਾਹਨ - ਇਹ ਚੀਨ ਦੀਆਂ ਤਰਜੀਹਾਂ ਹਨ ਅਤੇ ਇਸੇ ਦਿਸ਼ਾ 'ਤੇ ਇਰਾਨ ਨੂੰ ਆਪਣੀਆਂ ਉਦਯੋਗਿਕ ਅਤੇ ਵਪਾਰਕ ਨੀਤੀਆਂ ਘੜਨੀਆਂ ਚਾਹੀਦੀਆਂ ਹਨ। ਇਸ ਨਾਲ ਚੀਨ ਨੂੰ ਇਰਾਨੀ ਬਾਜ਼ਾਰ ਤਰਜੀਹੀ ਲੱਗੇਗਾ ਅਤੇ ਇਰਾਨ ਚੀਨ ਦੀ ਮੁੱਲ-ਲੜੀ ਵਿੱਚ ਆਪਣੀ ਜਗ੍ਹਾ ਬਣਾ ਲਵੇਗਾ। ਇਸ ਨੀਤੀ ਨੂੰ ਮੂਰਤ ਰੂਪ ਦੇਣ ਲਈ ਵਿਸ਼ੇਸ਼ ਆਰਥਿਕ ਖੇਤਰਾਂ ਵਿੱਚ ਇਰਾਨ-ਚੀਨ ਸਹਿਯੋਗ ਵਿਭਾਗ ਸਥਾਪਤ ਕਰਨ ਦਾ ਪ੍ਰਸਤਾਵ ਰੱਖਿਆ ਗਿਆ। ਨਿਰਯਾਤ ਵਧਾਉਣ ਅਤੇ ਨਿਵੇਸ਼ ਖਿੱਚਣ ਲਈ ਇਹ ਖੇਤਰ ਸੁਰੱਖਿਅਤ ਅਤੇ ਸਥਿਰ ਮਾਹੌਲ ਪ੍ਰਦਾਨ ਕਰਨਗੇ। ਇਸਦੇ ਨਾਲ ਹੀ ਇਰਾਨ-ਚੀਨ ਸਾਂਝਾ ਨਿਵੇਸ਼ ਫ਼ੰਡ ਸਥਾਪਤ ਕਰਨ ਦਾ ਫ਼ੈਸਲਾ ਹੋਇਆ, ਜਿਸ ਰਾਹੀਂ ਚੀਨ ਦੀ ਲੰਬੇ ਸਮੇਂ ਦੀ ਪੂੰਜੀ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾ ਸਕੇਗਾ।

ਇਸ ਤੋਂ ਇਲਾਵਾ, ਇਰਾਨ ਚੈਂਬਰ ਦੇ ਖੋਜ ਕੇਂਦਰ ਦੇ ਮੁਖੀ ਈਸਾ ਮਨਸੂਰੀ ਨੇ ਇੱਕ ਲੌਜਿਸਟਿਕ ਟਾਊਨ ਬਣਾ ਕੇ ਕਸਟਮ, ਆਵਾਜਾਈ ਅਤੇ ਆਰਥਿਕ ਲੈਣ-ਦੇਣ ਨੂੰ ਸੁਚਾਰੂ ਬਣਾਉਣ ਦਾ ਪ੍ਰਸਤਾਵ ਰੱਖਿਆ। ਚੀਨੀ ਕੰਪਨੀਆਂ ਦੇ ਉੱਥੇ ਸਥਾਈ ਹੋਣ ਨਾਲ ਸਥਾਨਕ ਪੱਧਰ 'ਤੇ ਆਊਟਸੋਰਸਿੰਗ ਹੋਵੇਗੀ ਅਤੇ ਇਰਾਨ ਚੀਨ ਲਈ ਪੂਰਬੀ ਏਸ਼ੀਆ ਵਿੱਚ ਸਪਲਾਈ ਪੁਲ ਬਣ ਜਾਵੇਗਾ। ਪੈਟਰੋਕੈਮੀਕਲ ਖੇਤਰ ਵਿੱਚ ਇਰਾਨ-ਚੀਨ ਦੇ ਨਾਲ ਤੁਰਕੀ, ਪਾਕਿਸਤਾਨ ਜਾਂ ਕਤਰ ਵਰਗੇ ਕਿਸੇ ਤੀਜੇ ਦੇਸ਼ ਨੂੰ ਸ਼ਾਮਲ ਕਰਕੇ ਨੈੱਟਵਰਕ ਖੜ੍ਹਾ ਕਰਨ ਦਾ ਸੁਝਾਅ ਦਿੱਤਾ ਗਿਆ, ਤਾਂ ਜੋ ਇਰਾਨ ਇੱਕ ਵਪਾਰਕ-ਉਦਯੋਗਿਕ ਕੇਂਦਰ ਬਣ ਸਕੇ। ਬੁਨਿਆਦੀ ਢਾਂਚੇ ਦੇ ਮੋਰਚੇ 'ਤੇ ਚਾਬਾਹਾਰ ਬੰਦਰਗਾਹ ਅਤੇ ਮਕਰਾਨ ਤੇਲ ਸ਼ੁੱਧੀਕਰਨ ਪ੍ਰੋਜੈਕਟ ਦੋ ਮਹੱਤਵਪੂਰਨ ਪ੍ਰੋਜੈਕਟ ਹਨ। ਖਾਣ ਅਤੇ ਖਣਿਜ ਆਯੋਗ ਨੇ 37 ਪ੍ਰੋਜੈਕਟਾਂ ਦੀ ਪਛਾਣ ਕੀਤੀ, ਜਿਨ੍ਹਾਂ ਵਿੱਚੋਂ ਚਾਬਾਹਾਰ ਬੰਦਰਗਾਹ ਦਾ ਨਿਰਯਾਤ ਕੇਂਦਰ ਵਜੋਂ ਵਿਕਾਸ, ਦੁਰਲੱਭ ਖਣਿਜਾਂ ਦੀ ਖੋਜ, ਡੂੰਘੀ ਖਾਣ ਖੁਦਾਈ ਅਤੇ 25,000 ਖਾਣ ਮਸ਼ੀਨਾਂ ਦੀ ਸਪਲਾਈ - ਇਹ ਚਾਰ ਪ੍ਰੋਜੈਕਟ ਮਹੱਤਵਪੂਰਨ ਹਨ।

ਜੇਕਰ ਚੀਨ ਚਾਬਾਹਾਰ ਵਿੱਚ ਨਿਵੇਸ਼ ਕਰਦਾ ਹੈ, ਤਾਂ ਇਰਾਨ ਪੱਛਮੀ ਏਸ਼ੀਆ ਅਤੇ ਯੂਰੇਸ਼ੀਆ ਦਾ ਵਪਾਰਕ ਕੇਂਦਰ ਬਣ ਜਾਵੇਗਾ। ਇਸ ਤੋਂ ਇਲਾਵਾ, ਮਕਰਾਨ ਤੱਟ 'ਤੇ ਚੀਨ ਨੂੰ ਤੇਲ ਸ਼ੁੱਧੀਕਰਨ ਪਲਾਂਟ ਲਗਾਉਣ ਦੀ ਆਗਿਆ ਦੇਣ ਦਾ ਪ੍ਰਸਤਾਵ ਰੱਖਿਆ ਗਿਆ, ਜਿੱਥੇ ਈਰਾਨ ਕੱਚਾ ਤੇਲ ਦੇਵੇਗਾ ਅਤੇ ਚੀਨ ਪ੍ਰੋਸੈਸਡ ਉਤਪਾਦਾਂ ਦੀ ਢੋਆ-ਢੁਆਈ ਖੁਦ ਕਰੇਗਾ; ਇਸ ਨਾਲ ਚੀਨ ਨੂੰ ਊਰਜਾ ਸੁਰੱਖਿਆ ਦੀ ਗਾਰੰਟੀ ਮਿਲੇਗੀ ਅਤੇ ਈਰਾਨ ਕੱਚੇ ਮਾਲ ਦੀ ਬਜਾਏ ਮੁੱਲ-ਵਰਧਿਤ ਉਤਪਾਦਾਂ ਦਾ ਨਿਰਯਾਤਕ ਬਣ ਜਾਵੇਗਾ। ਤਕਨਾਲੋਜੀ ਤਬਾਦਲੇ ਅਤੇ ਸੰਸਥਾਗਤ ਨਿਰਮਾਣ 'ਤੇ ਵੀ ਓਨੀ ਹੀ ਗੰਭੀਰਤਾ ਨਾਲ ਧਿਆਨ ਦਿੱਤਾ ਜਾ ਰਿਹਾ ਹੈ। ਉਦਯੋਗ ਆਯੋਗ ਨੇ ਜ਼ੋਰ ਦੇ ਕੇ ਕਿਹਾ ਕਿ, ਜੇਕਰ ਸਰਕਾਰੀ ਨੀਤੀ ਸਥਿਰ ਰਹੇਗੀ, ਕਾਨੂੰਨਾਂ ਦਾ ਸਨਮਾਨ ਹੋਵੇਗਾ ਅਤੇ ਸ਼ਾਂਤੀ ਰਹੇਗੀ, ਤਾਂ ਘਰੇਲੂ ਨਿਵੇਸ਼ਕ ਪੁਰਜ਼ੇ ਆਯਾਤ ਕਰਨ ਦੀ ਬਜਾਏ ਤਕਨਾਲੋਜੀ ਦੇ ਤਬਾਦਲੇ ਲਈ ਤਿਆਰ ਹਨ। ਚੀਨ ਨਾਲ ਸਬੰਧਾਂ ਨੂੰ ਹੁਣ ਸਿਰਫ਼ ਵਿੱਤੀ ਸਹਾਇਤਾ ਤੱਕ ਸੀਮਤ ਨਾ ਰੱਖ ਕੇ ਰਣਨੀਤਿਕ ਪੱਧਰ 'ਤੇ ਲਿਜਾਣ ਲਈ 'ਏਕੀਕ੍ਰਿਤ ਕਮਾਂਡ' ਸਥਾਪਤ ਕਰਨ ਦੀ ਮੰਗ ਕੀਤੀ ਗਈ, ਤਾਂ ਜੋ ਸਮਾਨਾਂਤਰ ਸੰਸਥਾਵਾਂ ਪੈਦਾ ਹੋਣ ਤੋਂ ਬਿਨਾਂ ਕੇਂਦਰੀਕ੍ਰਿਤ ਨੀਤੀ-ਨਿਰਮਾਣ ਹੋ ਸਕੇ। ਡਿਜੀਟਲ ਖੇਤਰ ਵਿੱਚ ਤਾਂ ਇਰਾਨ ਨੇ ਬ੍ਰਿਕਸ ਦੇ ਮੰਚ 'ਤੇ ਸਰਗਰਮ ਨੇਤ੍ਰਿਤਾ ਦਿਖਾਈ। ਬ੍ਰਿਕਸ ਫ੍ਰਿਊਚਰ ਨੈੱਟਵਰਕ ਇਨੋਵੇਸ਼ਨ ਫ਼ੋਰਮ ਵਿੱਚ ਇਰਾਨ ਨੇ ਭਵਿੱਖ ਦੇ ਡਿਜੀਟਲ ਬੁਨਿਆਦੀ ਢਾਂਚੇ, ਵਿਸ਼ਵਾਸਯੋਗ ਕੰਪਿਊਟਿੰਗ ਪਾਵਰ ਨੈੱਟਵਰਕ ਅਤੇ ਸਰਹੱਦ ਪਾਰ ਉਦਯੋਗਿਕ ਸਹਿਯੋਗ ਲਈ ਪ੍ਰਸਤਾਵ ਰੱਖੇ ਅਤੇ ਆਪਣੇ ਆਪ ਨੂੰ ਇੱਕ ਖੇਤਰੀ ਤਕਨਾਲੋਜੀ ਭਾਈਵਾਲ ਵਜੋਂ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ।

ਇਹ ਸਹਿਯੋਗ ਕੇਵਲ ਵਿਚਾਰਾਂ ਦੇ ਆਦਾਨ-ਪ੍ਰਦਾਨ ਤੱਕ ਸੀਮਤ ਨਾ ਰਹਿ ਕੇ ਸਿੱਧੇ ਸਾਂਝੇ ਪ੍ਰੋਜੈਕਟਾਂ, ਪਰਖ ਮੰਚਾਂ ਅਤੇ ਉਦਯੋਗਿਕ ਉਪਯੋਗਾਂ ਤੱਕ ਲਿਜਾਣ ਦਾ ਟੀਚਾ ਰੱਖਦਾ ਹੈ। ਇਨ੍ਹਾਂ ਸਭ ਨੂੰ ਕਾਲੀਬਾਫ਼ ਦੇ ਨਿਰਣਾਇਕ ਬਿਆਨ ਨੇ ਰਾਜਨੀਤਿਕ ਤਾਕਤ ਦਿੱਤੀ। ਉਨ੍ਹਾਂ ਕਿਹਾ, 'ਹੁਣ ਸਾਨੂੰ ਮਿਜ਼ਾਈਲ ਚਲਾਉਣ ਵਾਲੇ ਨੌਜਵਾਨਾਂ ਦੇ ਹੱਥੋਂ ਕਮਾਨ ਆਪਣੇ ਹੱਥ ਲੈ ਕੇ ਲੋਕਾਂ ਨੂੰ ਆਰਥਿਕ ਦਬਾਅ ਵਿੱਚੋਂ ਬਾਹਰ ਕੱਢਣਾ ਚਾਹੀਦਾ ਹੈ ਅਤੇ ਖੁਸ਼ਹਾਲੀ ਲਿਆਉਣੀ ਚਾਹੀਦੀ ਹੈ।' ਉਨ੍ਹਾਂ ਨੇ ਚੀਨ ਨਾਲ ਆਰਥਿਕ ਸਹਿਯੋਗ ਲਈ ਵਿੱਤੀ ਪ੍ਰਣਾਲੀਆਂ, ਲੌਜਿਸਟਿਕ, ਆਵਾਜਾਈ ਅਤੇ ਬੁਨਿਆਦੀ ਢਾਂਚੇ ਵਿੱਚ ਬੁਨਿਆਦੀ ਸੁਧਾਰਾਂ ਦੀ ਲੋੜ ਨੂੰ ਰੇਖਾਂਕਿਤ ਕੀਤਾ। 'ਸਾਨੂੰ ਸਿੱਖਿਆ ਤੋਂ ਲੈ ਕੇ ਬਾਜ਼ਾਰ ਅਤੇ ਸਪਲਾਈ ਚੇਨ ਤੱਕ ਚੀਨ ਨਾਲ ਇੱਕ ਸਾਂਝੇ ਪਰਿਸਥਿਤੀ-ਤੰਤਰ ਵਿੱਚ ਜੁੜਨਾ ਚਾਹੀਦਾ ਹੈ,' ਇਹ ਉਨ੍ਹਾਂ ਦਾ ਵਾਕ ਸਹਿਯੋਗ ਦੀ ਡੂੰਘਾਈ ਨੂੰ ਦਰਸਾਉਂਦਾ ਹੈ। ਪਾਬੰਦੀਆਂ ਨੂੰ 'ਕਾਗਜ਼ ਦਾ ਟੁਕੜਾ' ਸਮਝਣ ਵਾਲੇ ਪ੍ਰਬੰਧਕ ਨਾ ਹੋਣ ਦੀ ਗੱਲ ਕਹਿੰਦੇ ਹੋਏ ਉਨ੍ਹਾਂ ਅੱਗੇ ਕਿਹਾ, 'ਜੇਕਰ ਪਾਬੰਦੀਆਂ ਹਟਾਉਣ ਦਾ ਮਤਲਬ ਆਤਮ-ਸਮਰਪਣ ਹੈ, ਤਾਂ ਅਸੀਂ ਇਹ ਕਦੇ ਨਹੀਂ ਕਰਾਂਗੇ; ਇਰਾਨੀ ਲੋਕ ਜਾਨ ਦੇਣਗੇ ਪਰ ਸਮਰਪਣ ਨਹੀਂ ਕਰਨਗੇ।' ਇਸੇ ਤਰ੍ਹਾਂ ਇਸਲਾਮਾਬਾਦ ਸਮਝੌਤੇ ਤੋਂ ਬਾਅਦ ਈਰਾਨ ਨੇ ਓਮਾਨ ਨਾਲ ਸਮੁੰਦਰੀ ਸੁਰੱਖਿਆ ਸਬੰਧੀ ਤਾਲਮੇਲ ਵਧਾਇਆ। ਹੋਰਮੁਜ਼ ਜਲ-ਡਮਰੂ ਵਿੱਚੋਂ ਅੰਤਰਰਾਸ਼ਟਰੀ ਸਮੁੰਦਰੀ ਆਵਾਜਾਈ ਲਈ ਸੁਰੱਖਿਅਤ ਅਤੇ ਨਿਰਵਿਘਨ ਰਸਤਾ ਯਕੀਨੀ ਕਰਨ ਦੀ ਵਚਨਬੱਧਤਾ ਦੋਵਾਂ ਦੇਸ਼ਾਂ ਨੇ ਜ਼ਾਹਰ ਕੀਤੀ। ਇਹ ਜਲ-ਡਮਰੂ ਵਿਸ਼ਵ ਵਪਾਰ ਅਤੇ ਊਰਜਾ ਸੁਰੱਖਿਆ ਲਈ ਅਹਿਮ ਹੈ, ਅਤੇ ਇਹ ਚੀਨ ਦੀ ਊਰਜਾ ਸੁਰੱਖਿਆ ਨੂੰ ਵੀ ਮਜ਼ਬੂਤ ਕਰਦਾ ਹੈ।

ਇਨ੍ਹਾਂ ਸਾਰੀਆਂ ਘਟਨਾਵਾਂ ਨਾਲ ਅਮਰੀਕਾ ਦੇ ਇੱਕ-ਧਰੁਵੀ ਦਬਦਬੇ ਦਾ ਭਵਿੱਖ ਕੀ ਹੈ, ਇਹ ਸਵਾਲ ਸੁਭਾਵਿਕ ਤੌਰ 'ਤੇ ਉੱਠਦਾ ਹੈ। ਇਰਾਨ-ਚੀਨ-ਰੂਸ ਦਾ ਇਹ ਨਵਾਂ ਰਣਨੀਤਿਕ ਤਿਕੋਣੀ ਗਠਜੋੜ ਅਮਰੀਕੀ ਦਬਦਬੇ ਦੇ ਅਸਤ ਹੋਣ ਦਾ ਇੱਕ ਮਜ਼ਬੂਤ ਲੱਛਣ ਹੈ। ਸਭ ਤੋਂ ਪਹਿਲਾਂ, ਡਾਲਰ ਦਾ ਹਥਿਆਰ ਹੁਣ ਪਹਿਲਾਂ ਵਾਂਗ ਪ੍ਰਭਾਵਸ਼ਾਲੀ ਨਹੀਂ ਰਿਹਾ। ਅਮਰੀਕਾ ਨੇ ਡਾਲਰ ਨੂੰ ਆਰਥਿਕ ਹਥਿਆਰ ਵਜੋਂ ਵਰਤਦੇ ਹੋਏ ਬਹੁਤ ਸਾਰੇ ਦੇਸ਼ਾਂ ਨੂੰ ਘੇਰ ਲਿਆ ਸੀ; ਪਰੰਤੂ ਚੀਨ-ਈਰਾਨ ਵਪਾਰ ਯੁਆਨ-ਰਿਆਲ ਵਿੱਚ ਹੋਣ ਲੱਗਾ ਅਤੇ ਬ੍ਰਿਕਸ ਵਿੱਚ ਵਿਕਲਪਕ ਮੁਦਰਾ ਪ੍ਰਣਾਲੀ 'ਤੇ ਚਰਚਾ ਸ਼ੁਰੂ ਹੋਣ ਨਾਲ ਡਾਲਰ ਦੀ ਪਕੜ ਢਿੱਲੀ ਹੋ ਰਹੀ ਹੈ। ਇਸਲਾਮਾਬਾਦ ਸਮਝੌਤੇ ਵਿੱਚ ਅਮਰੀਕਾ ਨੂੰ ਇਰਾਨ ਦੀ ਜ਼ਬਤ ਕੀਤੀ ਗਈ ਜਾਇਦਾਦ ਛੱਡਣ ਅਤੇ ਬੰਦਰਗਾਹਾਂ ਤੋਂ ਨਾਕਾਬੰਦੀ ਖਤਮ ਕਰਨ ਦੀ ਸ਼ਰਤ ਮੰਨਣੀ ਪਈ, ਇਹ ਇੱਕ ਤਰ੍ਹਾਂ ਨਾਲ ਪਿੱਛੇ ਹਟਣਾ ਹੀ ਹੈ। ਦੂਜੇ ਪਾਸੇ, ਸ਼ੰਘਾਈ ਸਹਿਯੋਗ ਸੰਗਠਨ, ਬ੍ਰਿਕਸ, ਬੈਲਟ ਐਂਡ ਰੋਡ - ਇਹ ਅਮਰੀਕਾ ਦੀ ਨਾਟੋ ਅਤੇ ਜੀ-7 ਦੇ ਵਿਕਲਪ ਵਜੋਂ ਉੱਭਰੀਆਂ ਬਹੁ-ਧਰੁਵੀ ਸੰਸਥਾਵਾਂ ਮਜ਼ਬੂਤ ਹੋ ਰਹੀਆਂ ਹਨ।

(ਬਾਕੀ ਸਫ਼ਾ 27 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਅਕਾਲ ਤਖ਼ਤ ਸਾਹਿਬ

ਸਿੱਖ ਧਰਮ ਸੰਸਾਰ ਦੇ ਪ੍ਰਸਿੱਧ ਧਰਮਾਂ ਵਿੱਚੋਂ ਹੈ। ਜਿਸ ਦੀ ਜ਼ੁਲਮ ਵਿਰੁੱਧ ਜੂਝ ਕੇ ਸ਼ਹੀਦ ਹੋਣ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਸਿੱਖ ਗੁਰੂਆਂ ਨੇ ਗੁਰਬਾਣੀ ਦੇ ਉਪਦੇਸ਼ ਰਾਹੀਂ ਮਨੁੱਖਤਾ ਨੂੰ ਜ਼ੁਲਮ ਵਿਰੁੱਧ ਡਟ ਜਾਣ ਦਾ ਉਤਸ਼ਾਹ ਬਖ਼ਸ਼ਿਆ, ਫਿਰ ਭਾਵੇਂ ਜਾਨ ਵੀ ਚਲੀ ਜਾਵੇ। ਸਥਾਪਤ ਪ੍ਰਥਾਵਾਂ ਸੰਸਥਾਵਾਂ ਰਾਹੀਂ ਮਨੁੱਖ ਨੂੰ ਪੂਰਨ ਆਜ਼ਾਦੀ ਵਾਸਤੇ ਸੰਘਰਸ਼ ਕਰਨ ਲਈ ਖ਼ਾਲਸਾ ਫ਼ੌਜੀ ਤਿਆਰ ਕੀਤਾ। ਸੱਚਖੰਡ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਅਧਿਆਤਮਕ ਅਤੇ ਸੰਸਾਰਕ ਸ਼ਕਤੀ ਦੇ ਕੇਂਦਰ ਸਥਾਪਤ ਹੋਏ। ਜਿਨ੍ਹਾਂ ਦੀ ਬਰਾਬਰ ਦੀ ਮਹੱਤਤਾ ਅਤੇ ਲੋੜ ਹੈ। ਜੋ ਸਿੱਖੀ ਦੀ ਚੜ੍ਹਦੀਕਲਾ, ਸਵੈ ਮਾਣ ਅਤੇ ਸਵੈ ਰੱਖਿਆ ਦੇ ਗਵਾਹ ਹਨ। ਇੱਕੋ ਜਗ੍ਹਾ ਦੋਵੇਂ ਪਾਵਨ ਅਸਥਾਨਾਂ ਦੀ ਸਿੱਖ ਕੌਮ ਦੇ ਮਨਾਂ ਵਿੱਚ ਬਰਾਬਰ ਦੀ ਸ਼ਰਧਾ ਅਤੇ ਸਤਿਕਾਰ ਹੈ।

ਸਿੱਖ ਧਰਮ ਦੇ ਸਾਂਝੀਵਾਲਤਾ ਦੇ ਉਪਦੇਸ਼ ਵਿੱਚ ਦੂਸਰੇ ਧਰਮਾਂ ਦੇ ਲੋਕ ਵੀ ਆਪਣੀ ਮਰਜ਼ੀ ਨਾਲ ਸਿੱਖ ਧਰਮ ਅਪਨਾਉਣ ਲੱਗੇ। ਇਸ ਵਧਦੀ ਹਰਮਨਪਿਆਰਤਾ ਵੇਖ ਕੇ ਸਮੇਂ ਦੀਆਂ ਜਾਲਮ ਹਕੂਮਤਾਂ ਨੂੰ ਈਰਖਾ ਹੋਣ ਲਗੀ। ਰਾਜਸੀ ਤਾਕਤਾਂ ਸਿੱਖ ਧਰਮ ਦੇ ਖ਼ਿਲਾਫ਼ ਹੋਣ ਲੱਗੀਆਂ। ਜਿਸ ਵਿੱਚ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਹੋਈ। ਜਦੋਂ ਗੁਰੂ ਸਾਹਿਬ ਜੀ ਨੂੰ ਬਾਦਸ਼ਾਹ ਜਹਾਂਗੀਰ ਨੇ ਤਲਬ ਕੀਤਾ ਤਾਂ ਸਮਰੱਥ ਗੁਰੂ ਜਾਣ ਗਏ ਸਨ ਕਿ ਉਨ੍ਹਾਂ ਮੁੜ ਕੇ ਨਹੀਂ ਆਉਣਾ। ਉਹਨਾਂ ਨੇ ਗੁਰੂ ਹਰਿਗੋਬਿੰਦ ਜੀ ਨੂੰ ਗੁਰਗੱਦੀ ਦੀ ਬਖਸ਼ਿਸ਼ ਕਰਦਿਆਂ ਸੁਚੇਤ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਜ਼ੁਲਮ ਵਿਰੁੱਧ ਸ਼ਸਤਰ ਚੁੱਕਣ ਦੀ ਲੋੜ ਹੋਵੇਗੀ। ਸ਼ਸਤਰਧਾਰੀ ਹੋ ਕੇ ਗੁਰਗੱਦੀ 'ਤੇ ਬਿਰਾਜਮਾਨ ਹੋਣਾ ਹੈ। ਸਵੈ ਰਖਿਆ ਲਈ ਫ਼ੌਜ ਰੱਖਣੀ ਹੈ। ਧਾਰਮਿਕ ਰਹੁ-ਰੀਤਾਂ ਗੁਰੂਆਂ ਵੱਲੋਂ ਚਲਾਈਆਂ ਨੂੰ ਉਸ ਤਰ੍ਹਾਂ ਜਾਰੀ ਰੱਖਣੀਆਂ ਹਨ। ਇਹ ਸਿੱਖ ਕੌਮ ਦੇ ਸ਼ਸਤਰਧਾਰੀ ਹੋਣ ਦਾ ਬਕਾਇਦਾ ਐਲਾਨ ਸੀ। ਇਸੇ ਰੋਸ਼ਨੀ ਵਿੱਚ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਤਲਵਾਰਾਂ ਧਾਰਨ ਕੀਤੀਆਂ, ਇਹ ਸਿੱਖ ਕੌਮ ਦਾ ਮੀਰੀ ਪੀਰੀ ਵਿੱਚ ਵਿਸ਼ਵਾਸ ਅਤੇ ਸਿਆਸੀ ਟੱਕਰ ਦਾ ਬਕਾਇਦਾ ਅਮਲ ਜਾਰੀ ਸੀ।

ਮੀਰੀ ਪੀਰੀ ਦੀਆਂ ਤਲਵਾਰਾਂ, ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿੱਚ ਭਵਿੱਖ ਦੀ ਨੀਤੀ ਤਹਿ ਕਰਦੀਆਂ ਹਨ। ਅਧਿਆਤਮਕ ਅਤੇ ਸੰਸਾਰਕ ਦੇ ਇਸ ਸਿਧਾਂਤ ਵਿੱਚ ਸੱਚਖੰਡ ਹਰਿਮੰਦਰ ਸਾਹਿਬ ਜੀ ਦੇ ਨਾਲ 15 ਜੂਨ, 1606 ਨੂੰ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਜਿਸ ਨੇ ਸਿੱਖ ਪੰਥ ਦੀ ਚੜ੍ਹਦੀ ਕਲਾ ਦੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ।



ਜਾਰੀ ਮਰਯਾਦਾ ਅਨੁਸਾਰ ਦਰਬਾਰ ਸਾਹਿਬ ਵਿਖੇ ਅੰਮ੍ਰਿਤ ਵੇਲੇ ਪੋਥੀ ਸਾਹਿਬ ਜੀ ਦੇ ਪਾਠ ਹੁੰਦੇ। ਗੁਰਬਾਣੀ ਕੀਰਤਨ,ਕਥਾ, ਧਾਰਮਿਕ ਉਪਦੇਸ਼ ਹੁੰਦੇ। ਬਾਅਦ ਦੁਪਹਿਰ ਗੁਰੂ ਜੀ ਆਪਣੀ ਨਿਗਰਾਨੀ ਹੇਠ ਨੌਜਵਾਨਾਂ ਦੀਆਂ ਕਸਰਤਾਂ ਦਾ ਅਭਿਆਸ ਕਰਵਾਉਂਦੇ। ਸੂਰਬੀਰਾਂ ਦੀ ਕੌਮ ਬਨ੍ਹਾਉਣ ਲਈ ਵੱਡਾ ਕਦਮ ਸੀ। ਜੰਗੀ ਕਰਤਬਾਂ ਦਾ ਵੀ ਅਭਿਆਸ ਹੁੰਦਾ। ਢਾਡੀਆਂ ਵੱਲੋਂ ਸੂਰਬੀਰਾਂ ਦੇ ਪ੍ਰਸੰਗ ਗਾਏ ਜਾਂਦੇ। ਗੁਰੂ ਜੀ ਸੰਗਤਾਂ ਦਾ ਉਪਦੇਸ਼ ਲਈ ਦਰਬਾਰ ਸਜਾਉਂਦੇ। ਸੰਗਤਾਂ ਦੇ ਮਸਲੇ ਹਲ਼ ਕਰਵਾਉਂਦੇ, ਜਿਸ ਨਾਲ ਆਪਸੀ ਮੇਲ ਮਿਲਾਪ ਵਿੱਚ ਵਾਧਾ ਹੋਇਆ। ਗੁਰੂ ਜੀ ਅਨੁਸਾਰ ਨਿਜੀ ਮਸਲਿਆਂ ਕਰਕੇ ਸਰਕਾਰੇ ਦਰਬਾਰੇ ਜਾਣ ਦੀ ਲੋੜ ਨਹੀਂ ਹੈ। ਇਸ ਨਾਲ ਸਿੱਖਾਂ ਦਾ ਗੁਰੂ ਜੀ ਦੇ ਨਿਆਂ ਤੇ ਉਤਸ਼ਾਹ ਵਧਿਆ ਕੌਮ ਦੀ ਏਕਤਾ ਮਜ਼ਬੂਤ ਹੋਈ। ਇਹ ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਸੀ।

ਰਾਜੇ ਮਹਾਰਾਜਿਆਂ ਦੇ ਚਲੰਤ ਰਾਜਸੀ ਠਾਠ ਬਾਠ ਦੇ ਮੁਕਾਬਲੇ ਸਿੱਖ ਕੌਮ ਵਿਚੋਂ ਡਰ ਅਤੇ ਝਿਜਕ ਖਤਮ ਕਰਨ ਲਈ ਗੁਰੂ ਜੀ ਨੇ ਆਪ ਸ਼ਾਹੀ ਵਸਤਰ ਧਾਰਨ ਕੀਤੇ ਜਿਵੇਂ ਛਤਰ, ਕਲਗੀ, ਸ਼ਸਤਰ ਅਤੇ ਬਾਜ਼ ਆਦਿ ਸ਼ਖਸੀਅਤ ਦਾ ਹਿੱਸਾ ਬਣਾ ਲਏ। ਸੰਗਤਾਂ ਗੁਰੂ ਜੀ ਨੂੰ ਸੱਚਾ ਪਾਤਸ਼ਾਹ ਕਹਿਣ ਲੱਗੀਆਂ। ਗੁਰੂ ਜੀ ਦੀ ਸ਼ਖਸੀਅਤ ਵਿੱਚ ਅੰਤਰ- ਮੁੱਖੀ ਸਾਧੂ ਬਾਹਰ ਮੁੱਖੀ ਰਾਜੇ। ਗੁਰੂ ਜੀ ਨੇ ਸਪਸ਼ਟ ਕੀਤਾ ਕਿ ਸ਼ਸਤਰ ਗਰੀਬ ਦੀ ਰਾਖੀ ਲਈ ਹਨ। ਜ਼ੁਲਮਾਂ ਦਾ ਨਾਸ ਕਰਨ ਲਈ ਸ਼ਸਤਰ ਚੁੱਕਣ ਦੀ ਲੋੜ ਹੈ। ਸਿੱਖ ਕੌਮ ਵਿੱਚ ਸ਼ਸਤਰਾਂ ਦਾ ਸਤਿਕਾਰ ਅਤੇ ਪ੍ਰਯੋਗ ਕਰਨ ਲਈ ਉਤਸ਼ਾਹ ਉਤਪੰਨ ਕਰਨਾ ਸੀ।

ਗੁਰੂ ਜੀ ਨੇ ਸੰਗਤਾਂ ਕੋਲੋਂ ਰਸਦ, ਮਾਇਆ ਦੇ ਨਾਲ ਨਾਲ ਵਧੀਆ ਸ਼ਸਤਰ , ਵਧੀਆ ਘੋੜੇ ਅਤੇ ਜਵਾਨਾਂ ਦੀ ਮੰਗ ਰੱਖੀ। ਬਾਬਾ ਬਿਧੀ ਚੰਦ ਜੀ ਘੋੜਿਆਂ ਦੀ ਖਰੀਦ ਅਤੇ ਸਾਂਭਣ ਦਾ ਪ੍ਰਬੰਧ ਕਰਦੇ ਸਨ। ਗੁਰੂ ਜੀ ਕੋਲ ਮਾਲਵਾ, ਮਾਝਾ ਤੇ ਦੋਆਬਾ ਤੋਂ ਆਏ 500 ਸਿਰਲੱਥ ਯੋਧਿਆਂ ਦੀ ਫ਼ੌਜ ਸੀ। ਜਿਨ੍ਹਾਂ ਦੀ ਗੁਰੂ ਜੀ ਕੋਲ ਕੋਈ ਮੰਗ ਨਹੀਂ ਸੀ। ਉਹਨਾਂ ਵਿੱਚ ਸਿਰਫ਼ ਗੁਰੂ ਲਈ ਆਪਾ ਵਾਰਨ ਦਾ ਜਜ਼ਬਾ ਸੀ। ਪ੍ਰਮੁੱਖ ਯੋਧਿਆਂ ਵਿੱਚ ਭਾਈ ਬਿਧੀ ਚੰਦ, ਭਾਈ ਪਿਰਾਣ, ਭਾਈ ਜੇਠਾ, ਭਾਈ ਪੈੜਾ ਅਤੇ ਭਾਈ ਲੰਗਾਹ ਜੀ ਆਦਿ। ਪਠਾਣਾਂ ਸਮੇਤ ਗੁਰੂ ਜੀ ਕੋਲ ਸੰਤ ਸਿਪਾਹੀ ਜਜ਼ਬੇ ਵਾਲੀ ਫ਼ੌਜ ਤਿਆਰ ਸੀ। ਜਿੰਨਾਂ ਨੇ ਗੁਰੂ ਜੀ ਦੇ ਨਾਲ ਜੰਗਾਂ ਵਿੱਚ ਹਿੱਸਾ ਲਿਆ। ਉਹਨਾਂ ਜਿੱਤਾਂ ਪ੍ਰਾਪਤ ਕੀਤੀਆਂ। ਇਹ ਸ਼ਕਤੀ ਰੂਹਾਨੀ ਵੀ ਤੇ ਸੰਸਾਰਕ ਵੀ , ਜਿਸ ਦਾ ਕੇਂਦਰ ਅਕਾਲ ਤਖ਼ਤ ਸਾਹਿਬ ਹੀ ਸੀ।

ਅੰਮ੍ਰਿਤਸਰ ਨੂੰ ਫ਼ੌਜ ਪੱਖੋਂ ਸੁਰੱਖਿਅਤ ਬਣਾਉਣ ਲਈ ਲੋਹਗੜ੍ਹ ਦਾ ਕਿਲਾ ਬਣਾਇਆ। ਬੀਰ ਨਗਾਰੇ ਵੱਜਣ ਲੱਗੇ, ਨਿਸ਼ਾਨ ਸਾਹਿਬ ਝੂਲਣ ਲੱਗੇ। ਯੋਧੇ ਇਕੱਠੇ ਹੋਣ ਲੱਗੇ। ਹਥਿਆਰਬੰਦ ਦਸਤੇ ਰਾਤਾਂ ਨੂੰ ਮਿਸ਼ਾਲਾਂ ਬਾਲ ਕੇ ਗਸ਼ਤ ਕਰਨ ਲੱਗੇ। ਗੁਰੂ ਜੀ ਕੋਲ ਆਪਣੇ 52 ਅੰਗ ਰਖ਼ਸ਼ਕ ਸਨ। ਜਾਲਮ ਹਕੂਮਤਾਂ ਵੱਲੋਂ ਸਿੱਖਾਂ ਦੀ ਤਾਕਤ ਖ਼ਤਮ ਕਰਨ ਲਈ ਇਸ ਕੇਂਦਰੀ ਸੰਸਥਾ ਨੂੰ ਬਰਬਾਦ ਕਰਨ ਦੇ ਇਰਾਦੇ ਨਾਲ ਬਰੂਦ ਨਾਲ ਉਡਾਇਆ ਗਿਆ। ਦੁਸ਼ਮਣ ਜਾਣਦੇ ਸਨ ਕਿ ਸਿੱਖ ਕੌਮ ਅਤੇ ਫ਼ੌਜ ਦੇ ਰੂਹਾਨੀ ਅਤੇ ਸੰਸਾਰਕ ਜਜ਼ਬਾਤ ਅਕਾਲ ਤਖ਼ਤ ਸਾਹਿਬ ਨਾਲ ਜੁੜੇ ਹੋਏ ਹਨ, ਜਿਥੋਂ ਇਹਨਾਂ ਨੂੰ ਸ਼ਕਤੀ ਦੀ ਪ੍ਰੇਰਣਾ ਮਿਲਦੀ ਹੈ। ਕੌਮ ਨੇ ਕੁਰਬਾਨੀਆਂ ਦੇ ਕੇ ਇਸ ਨੂੰ ਮੁੜ ਮੁੜ ਉਸਾਰਿਆ ਅਤੇ ਇਸ ਦੀ ਪਰੰਪਰਾ ਸ਼ਾਨ ਨੂੰ ਬਰਕਰਾਰ ਰੱਖਿਆ। ਜੂਨ 1984 ਵਿੱਚ ਭਾਰਤੀ ਫ਼ੌਜ ਵੱਲੋਂ ਵੀ ਇਸ 'ਤੇ ਹਮਲਾ ਕਰਕੇ ਡੇਗ ਦਿੱਤਾ। ਸਿੱਖ ਕੌਮ ਨੇ ਇਸ ਨੂੰ ਫਿਰ ਉਸਾਰਿਆ। ਇਸ ਸਰਵ ਉੱਚ ਸੰਸਥਾ ਨੂੰ ਮਿਟਾਇਆ ਨਹੀਂ ਜਾ ਸਕਦਾ। ਇਹ ਸਿੱਖ ਕੌਮ ਦੀ ਅਗਵਾਈ ਦਾ ਧੁਰਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖੀ ਹੋਂਦ ਨੂੰ ਬਰਕਰਾਰ ਰੱਖਣ ਦਾ ਚਾਨਣ ਮੁਨਾਰਾ ਹੈ। ਧਰਮ ਦੀ ਸਥਾਪਤੀ ਲਈ ਜਬਰ, ਜ਼ੁਲਮ, ਅਨਿਆਂ ਵਿਰੁੱਧ ਸੰਘਰਸ਼ ਦਾ ਬੀਰ ਰਸ ਉਤਸ਼ਾਹ ਹੈ। ਅਕਾਲ ਤਖ਼ਤ ਸਾਹਿਬ ਤੋਂ ਪੰਥਕ ਮਰਯਾਦਾ ਅਨੁਸਾਰ ਜਾਰੀ ਹੋਏ ਹਰ ਹੁਕਮ ਅਤੇ ਗੁਰਮਤੇ ਨੂੰ ਸਮੂਹ ਸਿੱਖਾਂ ਵੱਲੋਂ ਇਲਾਹੀ ਹੁਕਮ ਵਜੋਂ ਮੰਨਿਆ ਜਾਂਦਾ ਹੈ।

ਅਕਾਲ ਤਖ਼ਤ ਸਾਹਿਬ ਹਰ ਸਿੱਖ ਦੇ ਹਿਰਦੇ ਵਿੱਚ ਸਰਵ ਉੱਚ ਸਥਾਨ ਰੱਖਦਾ ਹੈ। ਚਾਰ ਤਖ਼ਤ ਹੋਰ ਹਨ

ਪਟਨਾ ਸਾਹਿਬ, ਬਿਹਾਰ
ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ
ਹਜ਼ੂਰ ਸਾਹਿਬ, ਨੰਦੇੜ ਮਹਾਰਾਸ਼ਟਰ
ਦਮਦਮਾ ਸਾਹਿਬ ਤਲਵੰਡੀ ਸਾਬੋ

ਅੰਤਿਕਾ : ਭਗਤੀ ਅਤੇ ਸ਼ਕਤੀ ਦੇ ਸੁਮੇਲ ਦੀ ਅਗਵਾਈ ਗੁਰਬਾਣੀ ਵਿੱਚ ਮਿਲਦੀ ਹੈ ਕਿ ਹੇ ਭਾਈ ! ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿੱਚ ਆ। ਲੋਕ ਲਾਜ ਛੱਡ ਕੇ ਹਉਮੈ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਰਸਤੇ ਉੱਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂਟ ਕੀਤਾ ਜਾਵੇ ਪਰ ਕੋਈ ਝਿਜਕ ਨਾ ਕੀਤੀ ਜਾਵੇ। ਜਦੋਂ ਬਿਨਾਂ ਕਿਸੇ ਝਿਜਕ ਦੇ ਲੋਕ ਲਾਜ ਅਤੇ ਹਉਮੈ ਛੱਡੀ ਜਾਵੇ। ਅੰਗ - 1412

ਆਵਾਜ਼ ਘਰ
ਪੰਜਾਬੀ ਆਡੀਓਬੁੱਕ ਲਾਇਬ੍ਰੇਰੀ

ਪੰਜਾਬੀ ਸਾਹਿਤ ਪ੍ਰੇਮੀਆਂ ਲਈ ਸਭ ਤੋਂ ਵੱਡਾ ਖ਼ਜ਼ਾਨਾ - ਸਾਹਿਤ, ਇਤਿਹਾਸ, ਕਹਾਣੀਆਂ, ਕਵਿਤਾਵਾਂ, ਜੀਵਨੀਆਂ, ਬਾਲ ਸਾਹਿਤ ਅਤੇ ਹੋਰ ਬਹੁਤ ਕੁਝ ਹੁਣ ਤੁਹਾਡੇ ਮੋਬਾਈਲ 'ਚ ! ਜਿੱਥੇ ਵੀ ਹੋ, ਘਰ ਵਿੱਚ, ਸਫ਼ਰ 'ਤੇ ਜਾਂ ਕੰਮ ਕਰਦੇ ਸਮੇਂ - ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਸਾਹਿਤ ਦੀ ਦੁਨੀਆ ਹੁਣ ਸਿਰਫ਼ ਇੱਕ ਕਲਿੱਕ ਦੂਰ।
ਆਵਾਜ਼ ਘਰ ( Awaaz Ghar App ) iOS ਅਤੇ Android ਦੋਵਾਂ 'ਤੇ ਉਪਲਬਧ ਹੈ।
ਹੋਰ ਜਾਣਕਾਰੀ ਲਈ ਵੇਖੋ www.awaazghar.net
ਹੁਣੇ ਹੀ ਡਾਊਨਲੋਡ ਕਰੋ ਤੇ ਪੰਜਾਬੀ ਦੀ ਅਵਾਜ਼ ਨੂੰ ਆਪਣੇ ਨਾਲ ਲੈ ਜਾਓ !
Download on the App Store
GET IT ON Google Play
ਕਥਾ ਕਹਾਣੀਆਂ ਦੀ ਦੁਨੀਆ
ਕਲਮਾਂ ਦੀ ਜ਼ੁਬਾਨੀ



# ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲ਼ਾ...

ਸੁਖਪਾਲ ਸਿੰਘ ਗਿੱਲ

ਸੰਸਾਰ ਅਤੇ ਕਾਇਨਾਤ ਨੂੰ ਚਲਾਉਣ ਲਈ ਵਿਆਹ ਜ਼ਰੂਰੀ ਹੁੰਦੇ ਹਨ ਪਰ ਹਰ ਖਿੱਤੇ, ਹਰ ਧਰਮ, ਹਰ ਸਮਾਜ ’ਚ ਵਿਆਹ ਦਾ ਵੱਖਰਾ ਹੀ ਅੰਦਾਜ਼ ਹੁੰਦਾ ਹੈ। ਰੂੜੀਵਾਦੀ ਸਮੇਂ ਅਤੇ ਅੱਜ ਦੇ ਸਮੇਂ ’ਚ ਵਿਆਹਾਂ ਦਾ ਬਹੁਤ ਵੱਡਾ ਅੰਤਰ ਹੈ। ਅੱਜ ਵਿਆਹ ਕਰਵਾਉਣ ਵਾਲੇ ਮੁੰਡੇ ਕੁੜੀਆਂ ਵਿਆਹ ਵਾਲੇ ਦਿਨ ਪੂਰੀ ਖੁਸ਼ੀ ਦਾ ਆਨੰਦ ਮਾਣਦੇ ਹਨ। ਪਹਿਲੇ ਸਮਿਆਂ ’ਚ ਮਾਪਿਆ ਅੱਗੇ ਦੱਬ ਕੇ ਮੁੰਡੇ-ਕੁੜੀਆਂ ਵਿਆਹ ਕਰ ਲੈਂਦੇ ਸਨ, ਪਰ ਕਈ ਵਾਰ ਸਾਰੀ ਉਮਰ ਪਛਤਾਉਣਾ ਪੈਂਦਾ ਸੀ। ਹਾਲਾਂਕਿ ਉਹ ਇਸ ਪਛਤਾਵੇ ਦਾ ਕਿਸੇ ਨੂੰ ਮਿਹਣਾ ਵੀ ਨਹੀਂ ਦੇ ਸਕਦੇ ਸਨ। ਰੂੜੀਵਾਦੀ ਵਿਚਾਰਾਂ ਵਿਚ ਫਸੀ ਮਾਨਸਿਕਤਾ ਕਿਸੇ ਵੇਲੇ ਕਿਸੇ ਲਾਗੀ ਦੇ ਹੱਥ ਰੁਪਈਆ ਦੇ ਕੇ ਰਿਸ਼ਤਾ ਪੱਕਾ ਕਰ ਲੈਂਦੀ ਸੀ। ਬਾਅਦ ’ਚ ਜੋ ਹੋਵੇ ਸੋ ਹੋਵੇ। ਜਿਸ ਤਰ੍ਹਾਂ ਦਾ ਮਰਜ਼ੀ ਵਰ ਮਿਲ ਜਾਵੇ, ਉਸ ਨੂੰ ਖਿੜੇ ਮੱਥੇ ਸਵੀਕਾਰ ਕਰਨਾ ਪੈਂਦਾ ਸੀ। ਇਸੇ ਪ੍ਰਸੰਗ ’ਚ ਦੇਖਿਆ ਜਾਵੇ ਤਾਂ ਇੱਕ ਪਿਓ ਨੇ ਜਿਵੇਂ ਰੋਹੀ ਗਰਮੀ ਦੀ ਕਿੱਕਰ ਹੋਰ ਵੀ ਕਾਲੀ ਹੋ ਜਾਂਦੀ ਹੈ, ਉਸੇ ਤਰ੍ਹਾਂ ਦਾ ਵਰ ਆਪਣੀ ਧੀ ਲਈ ਲੱਭ ਲਿਆ ਸੀ ਪਰ ਉਸ ’ਚ ਸਮੇਂ ਸੁਣਦਾ ਕੌਣ ਸੀ? ਜੇਕਰ ਕੁੜੀ ਨੂੰ ਕਨਸੋਅ ਮਿਲ ਜਾਵੇ ਤਾਂ ਉਸਦੇ ਮੰਗੇਤਰ ਦਾ ਰੰਗ ਕਾਲਾ ਹੈ ਤਾਂ ਪਿਓ ਜਾਂ ਭਰਾ ਨੂੰ ਤਾਂ ਨਹੀਂ ਆਖ ਸਕਦੀ ਸੀ ਪਰ ਉਹ ਇਸ ਦਾ ਸਾਰਾ ਗੁੱਸਾ ਆਪਣੀ ਮਾਂ ਅੱਗੇ ਕੱਢਦੀ ਸੀ, ‘ਮੁੰਡਾ ਰੋਹੀ ਦੀ ਕਿੱਕਰ ਤੋਂ ਕਾਲਾ ਬਾਪੂ ਦੇ ਪਸੰਦ ਆ ਗਿਆ।’ਧੀਆਂ ਬਾਰੇ ਜੰਮਦੇ ਸਾਰ ਹੀ ਕਿਹਾ ਜਾਂਦਾ ਸੀ ਕਿ ‘ਕਿੰਨਾ ਜੰਮੀਆਂ, ਕਿਨ੍ਹਾਂ ਨੇ ਲੈ ਜਾਣੀਆਂ।’ ਇਹ ਤਾਂ ਆਮ ਹੀ ਕਹਿ ਦਿੱਤਾ ਜਾਂਦਾ ਸੀ ਕਿ ਬਾਪ ਤਾਂ ਧੀ ਨੂੰ ਹਮੇਸ਼ਾ ਬੋਝ ਸਮਝਦੇ ਸਨ। ਇਕ ਵਾਰ ਪੜ੍ਹ ਲਿਖ ਕੇ ਆਪਣੇ ਘਰ ਚਲੇ ਜਾਣ ਤਾਂ ਇਸ ਨੂੰ ‘ਹੱਥ ਪੀਲਾ ਕਰਨਾ’ ਕਿਹਾ ਜਾਂਦਾ ਸੀ। ਧੀਆਂ ਦੇ ਮਾਪਦੰਡਾਂ ’ਤੇ ਖਰਾ ਨਾ ਉਤਰਨ ਵਾਲੇ ਮਾਹੀ ਦੀ ਕੰਨਸੋਅ ਜਦੋਂ ਧੀ ਤੱਕ ਪੈਂਦੀ ਸੀ ਤਾਂ ਇਸ ਨੂੰ ਸੱਭਿਆਚਾਰਕ ਵੰਨਗੀ ’ਚ ਇਸ ਤਰ੍ਹਾਂ ਪਰੋਇਆ ਜਾਂਦਾ ਸੀ ‘ਨਹੀਂ ਤੇ ਮਰ ਜੇ ਮੰਗੇਤਰ ਮੇਰਾ, ਨਹੀਂ ਤਾਂ ਬਾਪ ਮੈਂ ਮਰ ਜਾਂ।’

ਵਿਚਾਰੀ ਧੀ ਨੂੰ ਰੋਹੀ ਦੇ ਕਿੱਕਰ ਤੋਂ ਕਾਲੇ ਰੰਗ ਦਾ ਮਾਹੀ ਮਿਲਣ ’ਤੇ ਉਸਦੀਆਂ ਸਖੀਆਂ ਸਹੇਲੀਆਂ ਇਸ ਤਰ੍ਹਾਂ ਮਿਹਣਾ ਦਿੰਦੀਆਂ ਸਨ ‘ਤੇਰੇ ਮਾਹੀ ਦਾ ਤਾਂ ਰੰਗ ਕਾਲਾ ਤੂੰ ਚੰਦ ਵਾਂਗ ਚਮਕਦੀ ਏਂ।’ ਰੂੜੀਵਾਦੀ ਵਿਚਾਰਾਂ ਨਾਲ ਵੀ ਵਿਆਹ ਕਰਨਾ ਪੈਂਦਾ ਸੀ ਪਰ ਇਸ ਦਾ ਨਫਾ-ਨੁਕਸਾਨ ਭਵਿੱਖ ਦੇ ਗਰਭ ’ਚ ਹੁੰਦਾ ਸੀ। ਕੁੜੀਆਂ ਦੇ ਮੇਲ ਨਾਲ ਜਦੋਂ ਸਖੀਆਂ ਕਾਲਾ ਰੰਗ ਦੇਖਦੀਆਂ ਤਾਂ ਵਾਰਤਾਲਾਪ ਕਰਦੀਆਂ ‘ਕੁੜੀ ਸਾਡੀ ਤਿੱਲੇ ਦੀ ਤਾਰ ਏ, ਮੁੰਡਾ ਤਾਂ ਲੱਗਦਾ ਕੋਈ ਕਾਲੀ ਤਾਰ ਵੇ, ਜੋੜ ਤਾਂ ਜੁੜਦਾ ਨਹੀਂ, ਨਿਲੱਜਿਓ ਲੱਜ ਤੁਹਾਨੂੰ ਨਹੀਂ।’ ਕੁੜੀਆਂ ਇਸੇ ਲਈ ਸਬਰ ਵਾਲੀਆਂ ਹੁੰਦੀਆਂ ਸਨ ਕਿ ਬਾਪੂ ਨੇ ਜੋ ਕਰ ਦਿੱਤਾ ਸੋ ਕਰ ਦਿੱਤਾ। ਕੁੜੀਆਂ ਪ੍ਰਵਾਨ ਕਰ ਲੈਂਦੀਆਂ ਸਨ। ਅੰਦਰੋਂ ਅੰਦਰੀ ਚਾਅ-ਮਲਾਰ ਫੁੱਟਣ ਲੱਗਦੇ ਸਨ। ਹੋਰ ਤੇ ਹੋਰ ਡੋਲੀ ਚੜ੍ਹਨ ਵੇਲੇ ਕੁੜੀਆਂ ਵੀ ਅੰਦਰੂਨੀ ਭਾਵ ਪ੍ਰਗਟ ਕਰਦੀਆਂ ਸਨ ‘ਮੈਂ ਤਾਂ ਕੁੜੀਆਂ ਦਾ ਦਿਲ ਪਰਚਾਵਾਂ ਰੋਂਦੀ ਨਾ ਤੂੰ ਜਾਣੀ ਸੋਹਣਿਆ।’ ਅੱਜ ਦੇ ਜ਼ਮਾਨੇ ’ਚ ਬਿਲਕੁਲ ਉਲਟ ਹੈ। ਮਾਪੇ ਕੁੜੀ ਨੂੰ ਬੋਝ ਨਹੀਂ ਸਮਝਦੇ। ਪਿਛਲੇ ਕੁਝ ਸਮਿਆਂ ’ਚ ਕੁੜੀਆਂ ਦਾ ਬੋਲਬਾਲਾ ਸਮਾਜ ’ਚ ਵਧਿਆ ਹੈ। ਇਸੇ ਲਈ ਪੰਜਾਬ ’ਚ ਲਿੰਗ ਅਨੁਪਾਤ ’ਚ ਆਈ ਗਰਾਵਟ ਨੂੰ ਕੁਝ ਠੱਲ੍ਹ ਪਈ ਹੈ। ਹੁਣ ਲਿੰਗ ਅਨੁਪਾਤ ’ਚ ਵੀ ਸੁਧਾਰ ਹੋ ਰਿਹਾ ਹੈ।

ਕੁੜੀਆਂ ਦੇ ਜੰਮਣ ਸਾਰ ਚਾਅ ਮਲਾਰ ਕੀਤੇ ਜਾਂਦੇ ਹਨ। ਕੁੜੀਆਂ ਦੀ ਲੋਹੜੀ ਵੀ ਪਾਈ ਜਾਂਦੀ ਹੈ। ਅੱਜ ਮੁੰਡੇ ਕੁੜੀਆਂ ਆਪਣੀ ਪਸੰਦ ਦੀ ਚੋਣ ਆਪ ਕਰਦੇ ਹਨ। ਇੱਥੋਂ ਤੱਕ ਕਿ ਆਈਲੈਟਸ ਨੇ ਵਿਦੇਸ਼ ਜਾਣ ਦੀ ਹੋੜ ’ਚ ਜਾਤ ਪਾਤ ਵੀ ਖ਼ਤਮ ਕਰ ਦਿੱਤੀ ਹੈ। ਬਾਹਰ ਗਏ ਬੱਚੇ ਆਪਣਾ ਰਸਤਾ ਆਪ ਅਖ਼ਤਿਆਰ ਕਰਦੇ ਹਨ। ਕਈ ਵਾਰ ਸੋਸ਼ਲ ਮੀਡੀਆ ’ਤੇ ਵੇਖਿਆ ਜਾਵੇ ਤਾਂ ਸਾਂਵਲੇ ਰੰਗ ਵਾਲਿਆਂ ਨੂੰ ਵੀ ਕੁੜੀਆਂ ਪਸੰਦ ਕਰਦੀਆਂ ਹਨ।

ਕਾਲਿਆਂ ਨਾਲ ਵਿਆਹ ਵੀ ਕਰ ਰਹੀਆਂ ਹਨ। ਵਿਆਹ ਤੋਂ ਬਾਅਦ ਧੀਆਂ ਸਹੁਰੇ ਘਰ ਜਾਂਦੀਆਂ ਹਨ। ਉੱਥੇ ਦੀ ਫਿਕਰ ਵੀ ਮਾਂ ਪਿਓ ਨੂੰ ਰਹਿੰਦੀ ਹੈ। ਸਹੁਰੇ ਘਰ ਧੀਆਂ ਆਰਥਿਕ ਮੁਸ਼ਕਿਲ ’ਚੋਂ ਦੀ ਲੰਘਦੀਆਂ ਹਨ। ਇਨ੍ਹਾਂ ਹਾਲਾਤਾਂ ਨਾਲ ਵੀ ਧੀਆਂ ਨੂੰ ਸਿੱਝਣਾ ਪੈਂਦਾ ਹੈ। ਇਸ ਦੇ ਨਾਲ ਇਨ੍ਹਾਂ ਦੇ ਮਾਪੇ ਵੀ

ਹੁਣ ਘਰਾਂ ’ਚ ਵੀ ਮਾਹੌਲ ਬਦਲ ਗਿਆ ਹੈ। ਪਤੀ ਆਪਣੀ ਪਤਨੀ ਨੂੰ ਮਿਹਣਾ ਦਿੰਦੀ ਹੈ ਕਿ ‘ਅਸੀਂ ਮਰ ਗਏ ਕਮਾਈਆਂ ਕਰਦੇ ਤੇਰੇ ਅਜੇ ਬੰਦ ਨਾ ਬਣੇ, ਪਾਟੀ ਘੱਗਰੀ ਤੇ ਬਗੜ ਦਾ ਨਾਲਾ ਤੇਰਾ ਦੱਸ ਕੀ ਵੇਖਿਆ?’ ਕਈ ਵਾਰ ਪੰਜਾਬੀ ਸਮਾਜ ’ਚ ਬਾਪੂ ਭਾਵੇਂ ਰਿਸ਼ਤਾ ਕਾਲੇ ਨੂੰ ਨਾ ਕਰਨਾ ਚਾਹੁੰਦਾ ਹੋਵੇ ਪਰ ਰਿਸ਼ਤੇਦਾਰ ਪੇਸ਼ ਨਹੀਂ ਜਾਣ ਦਿੰਦੇ। ਉਹ ਨਰਾਜ਼ਗੀ ਪ੍ਰਗਟ ਕਰਦੇ ਹਨ, ਫਿਰ ਰਿਸ਼ਤਾ ਕਰ ਦਿੰਦੇ ਹਨ। ਇਸੇ ਲਈ ਸੱਭਿਆਚਾਰਕ ਸਿੱਠਣੀ ਮਿਲਦੀ ਹੈ ‘ਮੁੰਡਾ ਰੋਹੀ ਦੀ ਕਿੱਕਰ ਦਾ ਜਾਦੂ, ਵਿਆਹ ਕੇ ਲੈ ਗਿਆ ਤੂਤ ਦੀ ਛਿਟੀ।’ ਅੱਜ ਰਿਸ਼ਤੇ ਕਰਨੇ ਸਮੇਂ ਦੇ ਹਾਣੀ ਬਣ ਗਏ ਹਨ। ਪਸੰਦ ਪਹਿਲਾਂ ਦੇਖੀ ਜਾਦੀ ਹੈ। ਰਿਸ਼ਤਾ ਬਾਅਦ ’ਚ ਹੁੰਦਾ ਹੈ।

ਇਸੇ ਪੀੜਾ ’ਚ ਰਹਿੰਦੇ ਹਨ ਪਰ ਗੁਰਬਤ ਫਿਰ ਵੀ ਪੇਸ਼ ਨਹੀਂ ਜਾਣ ਦਿੰਦੀ। ਪਤਨੀ ਵਾਰ-ਵਾਰ ਪਤੀ ਨੂੰ ਗਹਿਣੇ ਬਣਾਉਣ ਲਈ ਕਹਿੰਦੀ ਹੈ ਪਰ ਫਿਰ ਵੀ ਨਹੀਂ ਬਣਾਏ ਜਾ ਸਕਦੇ।ਇਹ ਵੀ ਜ਼ਿਕਰਯੋਗ ਹੈ ਕਿ ਪਹਿਲੇ ਸਮਿਆਂ ਵਿੱਚ ਪੰਜਾਬ ’ਚ ਵਿਆਹ ਸਾਦਗੀ, ਰਿਵਾਇਤਾਂ ਅਤੇ ਪਰਿਵਾਰਕ ਸਾਂਝ ਦਾ ਪ੍ਰਤੀਕ ਹੁੰਦੇ ਸਨ। ਵਿਆਹਾਂ ’ਚ ਪਿੰਡ ਦੇ ਲੋਕ ਇੱਕ ਦੂਜੇ ਨਾਲ ਮਿਲ ਕੇ ਕੰਮ ਕਰਦੇ ਸਨ, ਖਾਣਾ ਘਰਾਂ ਵਿੱਚ ਬਣਦਾ ਸੀ ਅਤੇ ਰਸਮਾਂ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਸੀ। ਖ਼ਰਚਾ ਵੀ ਘੱਟ ਹੁੰਦਾ ਸੀ ਅਤੇ ਸਮਾਗਮ ਕਈ ਦਿਨਾਂ ਤੱਕ ਚਲਦੇ ਸਨ, ਜਿਸ ਨਾਲ ਪਰਿਵਾਰਕ ਅਤੇ ਸਮਾਜਿਕ ਰਿਸ਼ਤੇ ਮਜ਼ਬੂਤ ਹੁੰਦੇ ਸਨ। ਹੁਣ ਪੰਜਾਬ ਦੇ ਵਿਆਹ ਕਾਫ਼ੀ ਆਧੁਨਿਕ ਅਤੇ ਸ਼ਾਨੋ-ਸ਼ੌਕਤ ਵਾਲੇ ਹੋ ਗਏ ਹਨ। ਪੈਲਸਾਂ, ਰਿਜ਼ੋਰਟਾਂ, ਡੀਜੇ, ਪ੍ਰੀ-ਵੈਡਿੰਗ ਸ਼ੂਟ ਅਤੇ ਮਹਿੰਗੀ ਸਜਾਵਟ ’ਤੇ ਵੱਧ ਧਿਆਨ ਦਿੱਤਾ ਜਾਂਦਾ ਹੈ। ਖ਼ਰਚਾ ਪਹਿਲਾਂ ਨਾਲੋਂ ਕਾਫ਼ੀ ਵੱਧ ਗਿਆ ਹੈ ਅਤੇ ਕਈ ਰਵਾਇਤੀ ਰਸਮਾਂ ਦੀ ਥਾਂ ਆਧੁਨਿਕ ਰੁਝਾਨਾਂ ਨੇ ਲੈ ਲਈ ਹੈ। ਇਸ ਕਾਰਨ ਵਿਆਹਾਂ ਦਾ ਰੂਪ ਤਾਂ ਬਦਲਿਆ ਹੈ ਪਰ ਕਈ ਲੋਕਾਂ ਦੇ ਮੁਤਾਬਕ ਸਾਦਗੀ ਅਤੇ ਪੁਰਾਣੀ ਸਾਂਝ ਕੁਝ ਘੱਟ ਹੋ ਗਈ ਹੈ।

ਇਸ ਤੋਂ ਇਲਾਵਾ, ਪਹਿਲਾਂ ਵਿਆਹਾਂ ਵਿੱਚ ਦਾਜ ਅਤੇ ਬੇਲੋੜੇ ਖ਼ਰਚਿਆਂ ਦਾ ਦਬਾਅ ਮੁਕਾਬਲੇਕ ਤੌਰ ’ਤੇ ਘੱਟ ਹੁੰਦਾ ਸੀ ਅਤੇ ਲੋਕ ਆਪਣੀ ਸਮਰੱਥਾ ਅਨੁਸਾਰ ਸਮਾਗਮ ਕਰਦੇ ਸਨ। ਅੱਜ ਕੱਲ੍ਹ ਵਿਆਹਾਂ ਵਿੱਚ ਮਹਿੰਗੇ ਤੋਹਫ਼ੇ, ਲਗਜ਼ਰੀ ਗੱਡੀਆਂ, ਵਿਸ਼ੇਸ਼ ਥੀਮਾਂ ਅਤੇ ਵੱਡੇ ਸਮਾਗਮਾਂ ਦਾ ਰੁਝਾਨ ਵਧ ਗਿਆ ਹੈ। ਇਸ ਕਾਰਨ ਕਈ ਪਰਿਵਾਰਾਂ ’ਤੇ ਆਰਥਿਕ ਬੋਝ ਵੀ ਪੈਂਦਾ ਹੈ। ਦੂਜੇ ਪਾਸੇ, ਆਧੁਨਿਕ ਵਿਆਹਾਂ ਨੇ ਫੋਟੋਗ੍ਰਾਫੀ, ਕੇਟਰਿੰਗ ਅਤੇ ਇਵੈਂਟ ਮੈਨੇਜਮੈਂਟ ਵਰਗੇ ਖੇਤਰਾਂ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਕੀਤੇ ਹਨ। ਇਸ ਲਈ ਅੱਜ ਦੇ ਵਿਆਹਾਂ ਵਿੱਚ ਜਿੱਥੇ ਸੁਵਿਧਾਵਾਂ ਅਤੇ ਨਵੀਂ ਸੋਚ ਦਾ ਪ੍ਰਭਾਵ ਦਿਖਾਈ ਦਿੰਦਾ ਹੈ, ਉੱਥੇ ਸਾਦਗੀ ਅਤੇ ਰਵਾਇਤੀ ਮੁੱਲਾਂ ਨੂੰ ਸੰਭਾਲਣਾ ਵੀ ਜ਼ਰੂਰੀ ਹੈ।

ਆਓ ਕੁੜੀਆਂ ਵਾਲਿਓ, ਕੁੜੀਆਂ ਦੀ ਸਲਾਹ ਨਾਲ ਰਿਸ਼ਤੇ ਕਰੀਏ।

# ਛੰਦ ਪਰਾਗੇ ਆਈਏ ਜਾਈਏ....

ਜੋਗਿੰਦਰ ਕੌਰ ਅਗਨੀਹੋਤਰੀ



ਸਮਾਜ ਇੱਕ ਅਜਿਹੀ ਸੰਸਥਾ ਹੈ, ਜਿਸ ਵਿੱਚ ਮਨੁੱਖ ਜ਼ਿੰਦਗੀ ਭਰ ਸਿੱਖਦਾ ਰਹਿੰਦਾ ਹੈ। ਮਨੁੱਖ ਦੇ ਚੰਗੇ ਅਤੇ ਮਾੜੇ ਆਚਰਣ ਦਾ ਜ਼ਿੰਮੇਵਾਰ ਵੀ ਸਮਾਜ ਹੀ ਹੈ। ਜੇਕਰ ਸਾਹਿਤ ਸਮਾਜ ਦਾ ਸ਼ੀਸ਼ਾ ਦਿਖਾਉਂਦਾ ਹੈ ਤਾਂ ਉਸ ਵਿੱਚ ਮਨੁੱਖ ਦੀ ਭਾਗੀਦਾਰੀ ਤੋਂ ਬਿਨਾਂ ਕੁਝ ਵੀ ਸੰਭਵ ਨਹੀਂ। ਸੱਭਿਆਚਾਰ ਤਾਂ ਹੀ ਪ੍ਰਫੁੱਲਤ ਹੋ ਸਕਦਾ ਹੈ, ਜੇਕਰ ਮਨੁੱਖ ਜਿਸ ਖਿੱਤੇ ਵਿੱਚ ਉਹ ਵਸਦਾ ਹੈ, ਉੱਥੇ ਉਸ ਦੀ ਆਪਣੀ ਪਛਾਣ ਹੋਵੇ, ਉਸ ਦੀ ਆਪਣੀ ਹੋਂਦ ਹੋਵੇ। ਇਹ ਰੂਪ ਤਾਂ ਹੀ ਦਿਖਾਈ ਦੇਵੇਗਾ, ਜੇਕਰ ਮਨੁੱਖ ਆਪਣੀ ਮਾਂ ਬੋਲੀ ਨੂੰ ਕਾਇਮ ਰੱਖੇਗਾ।

ਲਿਪੀ ਤੋਂ ਪਹਿਲਾਂ ਪੀੜ੍ਹੀ ਦਰ ਪੀੜ੍ਹੀ ਰਚਿਆ ਹੋਇਆ ਸਾਹਿਤ ਮੌਖਿਕ ਰੂਪ ਵਿੱਚ ਸਾਡੇ ਕੋਲ ਆ ਰਿਹਾ ਹੈ, ਇਹ ਇੱਕ ਅਜਿਹੀ ਧਰੋਹਰ ਹੈ ਜੋ ਸਾਡੇ ਜੀਵਨ ਵਿੱਚ ਨਵੇਂ ਤੋਂ ਨਵੇਂ ਰੰਗ ਭਰਨ ਵਿੱਚ ਕਾਮਯਾਬ ਰਹੀ ਹੈ। ਜੀਵਨ ਦੇ ਹਰ ਪੜਾਅ ’ਤੇ ਸਾਨੂੰ ਇਸ ਤੋਂ ਸੇਧ ਮਿਲਦੀ ਹੈ। ਦੁੱਖ ਦੇ ਸਮੇਂ ਪ੍ਰਚੱਲਤ ਕੀਰਨੇ ਵੀ ਇਸੇ ਦੀ ਹੀ ਦੇਣ ਹਨ। ਬੱਚਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਲੋਰੀਆਂ ਵੀ ਸਾਨੂੰ ਆਪਣੇ ਵਡੇਰਿਆਂ ਤੋਂ ਹੀ ਪ੍ਰਾਪਤ ਹੋਈਆਂ ਹਨ। ਖੇਡਣ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ। ਆਪਣੇ ਜੀਵਨ ਵਿੱਚ ਖੁਸ਼ਹਾਲੀ ਲਿਆਉਣ ਲਈ ਇਹ ਲੋਕ ਗੀਤ ਵੀ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਵਿਆਹ ਸ਼ਾਦੀਆਂ ਵੇਲੇ ਸੁਹਾਗ ਦੇ ਗੀਤ ਗਾਏ ਜਾਂਦੇ ਹਨ। ਸਮਾਜਿਕ ਵਰਤਾਰੇ ਅਤੇ ਘਰੇਲੂ ਝੰਜਟਾਂ ਦੇ ਗੀਤ ਵੀ ਗਾਏ ਜਾਂਦੇ ਹਨ। ਇੱਕ-ਦੂਜੇ ਨੂੰ ਮਖੌਲ ਕਰਨ ਲਈ ਗਾਏ ਗੀਤ ਸਿੱਠਣੀਆਂ ਅਖਵਾਉਂਦੇ ਹਨ।

ਸਿੱਠਣੀਆਂ ਦੇਣ ਵਿੱਚ ਅਤੇ ਗੀਤ ਗਾਉਣ ਵਿੱਚ ਔਰਤਾਂ ਹੀ ਮੋਹਰੀ ਹੁੰਦੀਆਂ ਹਨ। ਵਿਆਹ ਵਿੱਚ ਔਰਤਾਂ ਗੀਤ ਗਾ ਕੇ ਆਪਣੇ ਮਨਾਂ ਦੀਆਂ ਭੜਾਸਾਂ ਲਾਹ ਲੈਂਦੀਆਂ ਹਨ। ਨਾਨਕੀਆਂ ਬੰਬੀਹਾ ਬੋਲੇ ਵਿੱਚ ਸਾਰੇ ਪਿੰਡ ਨੂੰ, ਪਿੰਡ ਦੀਆਂ ਕੁੜੀਆਂ ਨੂੰ, ਨੰਬਰਦਾਰਾਂ ਨੂੰ, ਪੰਚਾਂ-ਸਰਪੰਚਾਂ ਨੂੰ, ਪਿੰਡ ਦੇ ਅਣਵਿਆਹੇ ਮੁੰਡਿਆਂ ਭਾਵ ਛੜਿਆਂ ਨੂੰ ਰੱਜ ਕੇ ਗੀਤ ਗਾਉਂਦੀਆਂ ਹਨ। ਉੱਧਰੋਂ ਦਾਦਕੀਆਂ ਵੀ ਨਾਨਕੀਆਂ ਦੀ ਰੜੇ ਭੰਬੀਰੀ ਬੁਲਾਉਂਦੀਆਂ ਹਨ। ਲਾਗੀਆਂ ਨੂੰ ਸਿੱਠਿਆ ਜਾਂਦਾ ਹੈ, ਵਿਚੋਲੇ ਨੂੰ ਖ਼ੂਬ ਸਿੱਠਿਆ ਜਾਂਦਾ ਹੈ। ਕੁੜੀ ਦੇ ਵਿਆਹ ਵਿੱਚ ਜਾਨੀਆਂ ਨੂੰ ਖ਼ੂਬ ਸਿੱਠਿਆ ਜਾਂਦਾ ਹੈ। ਲਾੜੇ ਦੀ ਭੈਣ, ਮਾਂ, ਭੂਆ ਤੇ ਪਿਤਾ ਨਾਲ ਤਾਂ ਕੋਈ ਕਸਰ ਬਾਕੀ ਨਹੀਂ ਛੱਡੀ ਜਾਂਦੀ ਭਾਵ ਇਹ ਸਾਰੇ ਅਧਿਕਾਰ ਸਮਾਜ ਨੇ ਔਰਤਾਂ ਨੂੰ ਹੀ ਦਿੱਤੇ ਹਨ।

ਫਿਰ ਵੀ ਇੱਕ ਅਧਿਕਾਰ ਲਾੜੇ ਨੂੰ ਵੀ ਦਿੱਤਾ ਗਿਆ ਹੈ। ਇਹ ਨਹੀਂ ਪਤਾ ਕਿ ਉਹ ਉਸ ਦਾ ਬੁੱਧੀ ਪ੍ਰੀਖਣ ਹੈ ਕਿ ਉਸ ਨੂੰ ਮਖੌਲ ਕਰਨ ਦਾ ਅਧਿਕਾਰ ਹੈ। ਲਾੜਾ ਆਪਣੇ ਇਸ ਅਧਿਕਾਰ ਦੀ ਵਰਤੋਂ ਕਰਨੀ ਵੀ ਜ਼ਰੂਰੀ ਸਮਝਦਾ ਹੈ ਕਿਉਂਕਿ ਉਸ ਦੇ ਵਿਆਹ ਵਿੱਚ ਉਸ ਦੀ ਮਾਂ, ਭੈਣ, ਭੂਆ, ਦਾਦੀ ਅਤੇ ਉਸ ਦੇ ਪਿਤਾ ਨੂੰ ਗੀਤਾਂ ਰਾਹੀਂ ਖ਼ੂਬ ਭੰਡਿਆ ਹੁੰਦਾ ਹੈ, ਸੋ ਉਹ ਵੀ ਇਸ ਮੌਕੇ ਭਾਜੀ ਮੋੜਨਾ ਚਾਹੁੰਦਾ ਹੈ। ਉਹ ਵੀ ਆਪਣੀ ਪੂਰੀ ਤਿਆਰੀ ਕਰ ਕੇ ਆਉਂਦਾਹੈ। ਲਾਵਾਂ ਤੋਂ ਬਾਅਦ ਲਾੜੇ ਨੂੰ ਅੰਦਰ ਲਿਜਾਣ ਵੇਲੇ ਵੀ ਉਸ ਦੀ ਮਦਦ ਸਰਵਾਲ੍ਹਾ ਕਰਦਾ ਹੈ। ਉਸ ਸਮੇਂ ਵਿਛਾਏ ਮੰਜੇ ਉੱਤੇ ਬੈਠਣ ਤੋਂ ਪਹਿਲਾਂ ਚੇਤਨ ਅਵਸਥਾ ਵਿੱਚ ਰਹਿਣਾ ਪੈਂਦਾ ਹੈ ਕਿਉਂਕਿ ਸਾਲੀਆਂ ਕਈ ਵਾਰ ਬਿਨਾਂ ਬੁਣੇ ਮੰਜੇ ਉੱਤੇ ਬਿਸਤਰਾ ਵਿਛਾ ਕੇ ਰੱਖ ਦਿੰਦੀਆਂ ਹਨ। ਕਈ ਸੁੱਘੜ ਸਰਵਾਲੇ ਪਹਿਲਾਂ ਹੀ ਮੰਜੇ ਉੱਤੇ ਵਿਛਾਏ ਬਿਸਤਰੇ ਨੂੰ ਚੁੱਕ ਕੇ ਦੇਖ ਲੈਂਦੇ ਹਨ। ਉਸ ਤੋਂ ਬਾਅਦ ਸਾਲੀਆਂ ਉਸ ਨੂੰ ਛੰਦ ਸੁਣਾਉਣ ਵਾਸਤੇ ਕਹਿੰਦੀਆਂ ਹਨ।

ਸਿਆਣੇ ਅਤੇ ਚੁਸਤ ਲਾੜੇ ਛੰਦ ਸੁਣਾਉਣ ਵੇਲੇ ਪਹਿਲਾ ਛੰਦ ਆਪਣੀ ਸੱਸ ਅਤੇ ਸਹੁਰੇ ਦੀ ਉਸਤਤੀ ਵਿੱਚ ਬੋਲਦੇ ਹਨ;

ਛੰਦ ਪਰਾਗੇ ਆਈਏ ਜਾਈਏ  
ਛੰਦ ਪਰਾਗੇ ਕੇਸਰ।  
ਸੱਸ ਮੇਰੀ ਪਾਰਵਤੀ  
ਸਹੁਰਾ ਮੇਰਾ ਪਰਮੇਸ਼ਰ।

ਉਸ ਤੋਂ ਬਾਅਦ ਫਿਰ ਸਾਲੀਆਂ ਨਾਲ ਮਖੌਲ ਦੀ ਘੜੀ ਆਰੰਭ ਹੋ ਜਾਂਦੀ ਹੈ। ਸਾਲੀਆਂ ਦੀ ਭਾਜੀ ਮੋੜਨ ਦਾ ਸਮਾਂ ਬੜੇ ਸਬੱਬ ਨਾਲ ਮਿਲਦਾ ਹੈ। ਇਸ ਸਮੇਂ ਲਾੜਾ ਪਹਿਲਾ ਛੰਦ ਇਸ ਤਰ੍ਹਾਂ ਬੋਲਦਾ ਹੈ ਜਾਂ ਸੁਣਾਉਂਦਾ ਹੈ;

ਛੰਦ ਪਰਾਗੇ ਆਈਏ ਜਾਈਏ  
ਛੰਦ ਪਰਾਗੇ ਤੁੰਮਾਂ।  
ਸਭੇ ਸਾਲੀਆਂ ਸੋਹਣੀਆਂ  
ਮੈਂ ਕਿਹਦਾ ਮੂੰਹ ਚੁੰਮਾਂ।

ਜੀਜੇ ਨਾਲ ਕੀਤੀਆਂ ਵਧੀਕੀਆਂ ਸਾਲੀਆਂ ਦੇ ਅੱਗੇ ਹੀ ਆਉਂਦੀਆਂ ਹਨ। ਪਹਿਲਾ ਛੰਦ ਸੁਣਦਿਆਂ ਹੀ ਸਾਰੀਆਂ ਕੱਚੀਆਂ ਜਿਹੀਆਂ ਹੋ ਜਾਂਦੀਆਂ ਹਨ, ਪਰ ਇਹ ਮੌਕਾ ਗੁੱਸਾ ਦਿਖਾਉਣ ਦਾ ਨਹੀਂ ਹੁੰਦਾ ਤੇ ਨਾ ਹੀ ਕਿਸੇ ਉਲਾਂਭੇ ਲਈ ਹੁੰਦਾ ਹੈ ਬਲਕਿ ਸਹਿਣਸ਼ੀਲਤਾ ਦਾ ਸਬੂਤ ਦੇਣਾ ਪੈਂਦਾ ਹੈ। ਸਾਲੀਆਂ ਵਾਸਤੇ ਨਵਾਂ ਛੰਦ ਇਸ ਤਰ੍ਹਾਂ ਪਰੋਸਿਆ ਜਾਂਦਾ ਹੈ;

ਛੰਦ ਪਰਾਗੇ ਆਈਏ ਜਾਈਏ  
ਛੰਦ ਪਰਾਗੇ ਡੋਈ।  
ਸਭੇ ਸਾਲੀਆਂ ਕੋਲ ਬੈਠੀਆਂ  
ਬਹੂ ਕਿੱਥੇ ਲਕੋਈ।

ਸਾਲੀਆਂ ਨਾਲ ਜੀਜੇ ਦਾ ਬਹੁਤ ਗੂੜ੍ਹਾ ਸਬੰਧ ਹੁੰਦਾ ਹੈ। ਸਾਲੀ ਨੂੰ ਅੱਧੀ ਘਰਵਾਲੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਸ਼ਬਦ ਵੀ ਸਮਾਜ ਦੀ ਦੇਣ ਹਨ। ਇਸ ਦਾ ਮਤਲਬ ਹੈ ਕਿ ਘਰਵਾਲੀ ਦੀ ਅਣਹੋਂਦ ਵਿੱਚ ਬੱਚਿਆਂ ਦੀ ਮਾਸੀ ਭਾਵ ਵਿਅਕਤੀ ਦੀ ਸਾਲੀ ਉੱਤੇ ਕਾਫ਼ੀ ਜ਼ਿੰਮੇਵਾਰੀ ਆ ਜਾਂਦੀ ਹੈ। ਕਈ ਵਾਰ ਤਾਂ ਮਜਬੂਰੀ ਵਿੱਚ ਸਾਲੀ ਨਾਲ ਦੂਜਾ ਵਿਆਹ ਵੀ ਹੋ ਜਾਂਦਾ ਹੈ। ਜੇਕਰ ਬੱਚਿਆਂ ਦੀ ਮਾਂ ਨਾ ਹੋਵੇ ਤਾਂ ਮਾਸੀ ਉਨ੍ਹਾਂ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਹੈ। ਉਹ ਆਪਣਾ ਘਰ ਸੰਭਾਲਦੀ ਹੋਈ ਵੀ ਆਪਣੇ ਭਾਣਜੇ-ਭਾਣਜੀਆਂ ਦੇ ਕਾਰਜ ਵੀ ਸੰਵਾਰਦੀ ਹੈ। ਤਾਂ ਹੀ ਕਿਹਾ ਗਿਆ ਹੈ ਕਿ ਮਰੇ ਮਾਂ ਜੀਵੇ ਮਾਸੀ। ਇਸੇ ਕਰਕੇ ਹੀ ਜੀਜੇ ਸਾਲੀ ਦੀ ਮਖੌਲ ਕਰਨ ਦੀ ਆਪਸੀ ਖੁੱਲ੍ਹ ਨੂੰ ਸਮਾਜ ਦੀ ਪ੍ਰਵਾਨਗੀ ਹੈ। ਦੋਵਾਂ ਦਾ ਆਪਸੀ ਮਖੌਲ ਕਰਨਾ ਕੋਈ ਅਲੋਕਾਰੀ ਗੱਲ ਨਹੀਂ। ਜੀਜਾ ਵੀ ਆਪਣੀ ਸਾਲੀ ਨੂੰ ਮਨ ਆਈ ਗੱਲ ਕਹਿ ਸਕਦਾ ਹੈ। ਅਜਿਹੀ ਸਥਿਤੀ ਛੰਦ ਵਿੱਚ ਦੇਖੀ ਜਾ ਸਕਦੀ ਹੈ;

ਛੰਦ ਪਰਾਗੇ ਆਈਏ ਜਾਈਏ  
ਛੰਦ ਪਰਾਗੇ ਪਲੀ।  
ਪਰ੍ਹੇ ਹੋ ਕੇ ਪੂੰਝ ਸਾਲੀਏ  
ਨੱਕੋਂ ਡਿੱਗਦੀ ਨਲੀ।

ਕਈ ਵਾਰ ਸਾਲੀਆਂ ਵਿੱਚ ਬੈਠਾ ਜੀਜਾ ਗੁਸਤਾਖ਼ੀ ਕਰਨ ਤੋਂ ਵੀ ਵਾਜ ਨਹੀਂ ਆਉਂਦਾ। ਉਸ ਦੇ ਅੰਦਰ ਬਦਲੇ ਦੀ ਭਾਵਨਾ ਵੀ ਹੁੰਦੀ ਹੈ ਅਤੇ ਉਹ ਸ਼ਰਾਰਤ ਕਰਦਾ ਹੈ;

ਛੰਦ ਪਰਾਗੇ ਆਈਏ ਜਾਈਏ  
ਛੰਦ ਪਰਾਗੇ ਕੱਖ।  
ਅਗਲਾ ਛੰਦ ਮੈਂ ਫੇਰ ਸੁਣਾਊ  
ਜੇ ਸਾਲੀ ਮਾਰੇ ਅੱਖ।

ਛੰਦ ਸੁਣਨਾ ਅਤੇ ਸੁਣਾਉਣਾ ਦੋਵੇਂ ਹੀ ਬਹੁਤ ਔਖੇ ਹਨ। ਸੁਣਨ ਵਾਲੇ ਨੂੰ ਇਹ ਨਹੀਂ ਪਤਾ ਹੁੰਦਾ ਕਿ ਛੰਦ ਸੁਣਾਉਣ ਵਾਲਾ ਪਤਾ ਨਹੀਂ ਕੀ ਬੋਲੇ। ਉਸ ਨੂੰ ਠਰ੍ਹੰਮਾ ਰੱਖਣਾ ਪੈਂਦਾ ਹੈ। ਛੰਦ ਸੁਣਾਉਣ ਵਾਲੇ ਨੂੰ ਵੀ ਸ਼ਬਦਾਂ ਦੀ ਚੋਣ ਸੋਚ ਸਮਝ ਕੇ ਕਰਨੀ ਪੈਂਦੀ ਹੈ ਤਾਂ ਕਿ ਉਸ ਨੂੰ ਨਮੋਸ਼ੀ ਨਾ ਝੱਲਣੀ ਪਵੇ। ਉਹ ਸਾਲੀਆਂ ਨਾਲ ਡਟ ਕੇ ਮੁਕਾਬਲਾ ਕਰਨ ਲਈ ਤਿਆਰ ਹੁੰਦਾ ਹੈ;

ਛੰਦ ਪਰਾਗੇ ਆਈਏ ਜਾਈਏ  
ਛੰਦ ਪਰਾਗੇ ਥਾਲੀ।  
ਸਾਢੂ ਮੇਰਾ ਭੋਲਾ ਭਾਲਾ  
ਸਾਲੀ ਬਾਰਾਂ ਤਾਲੀ।

ਸਾਲੀਆਂ ਨਾਲ ਨਜਿੱਠਣ ਲਈ ਲਾੜੇ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਸੱਸ ਅਤੇ ਸਹੁਰੇ ਨੂੰ ਵੀ ਛੰਦ ਦੇਣੇ ਹੁੰਦੇ ਹਨ। ਜਦੋਂ ਸਾਲੀਆਂ ਜੀਜੇ ਦੇ ਮਾਂ-ਪਿਓ, ਭੈਣ-ਭੂਆ ਆਦਿ ਨੂੰ ਸਿੱਠਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੀਆਂ, ਫਿਰ ਉਹ ਵੀ ਕਿਉਂ ਛੱਡੇ? ਜਦੋਂ ਕੁੜੀਆਂ ਬਦਲਵਾਂ ਛੰਦ ਸੁਣਾਉਣ ਲਈ ਕਹਿੰਦੀਆਂ ਹਨ ਤਾਂ ਉਹ ਝੱਟ ਨਵਾਂ ਛੰਦ ਸੁਣਾਉਣਾ ਸ਼ੁਰੂ ਕਰ ਦਿੰਦਾ ਹੈ;

ਛੰਦ ਪਰਾਗੇ ਆਈਏ ਜਾਈਏ  
ਛੰਦ ਪਰਾਗੇ ਡੌਰੂ।  
ਸੱਸ ਮੇਰੀ ਗੁਹਾਰੇ ਚੜ੍ਹ ਗਈ  
ਸਹੁਰਾ ਪੱਟੇ ਖੌਰੂ।

ਇਕੱਠੀਆਂ ਹੋਈਆਂ ਕੁੜੀਆਂ ਮਛਰੇਵੇਂ ਕਾਰਨ ਜੀਜੇ ਨੂੰ ਵੱਧ ਤੋਂ ਵੱਧ ਛੰਦ ਸੁਣਾਉਣ ਲਈ ਕਹਿੰਦੀਆਂ ਹਨ। ਕਈ ਵਾਰ ਤਾਂ ਛੰਦ ਸੁਣਾਉਣ ਵਾਲਾ ਉਨ੍ਹਾਂ ਦੀ ਆਰਥਿਕ ਤੰਗੀ ਵੱਲ ਵੀ ਸੰਕੇਤ ਕਰ ਦਿੰਦਾ ਹੈ;

ਛੰਦ ਪਰਾਗੇ ਆਈਏ ਜਾਈਏ  
ਛੰਦ ਪਰਾਗੇ ਦੁਆਨੀ।  
ਤੁਹਾਡੇ ਵਰਗਿਆਂ ਦੇ ਵਿਆਹੁਣ ਢੁੱਕੇ  
ਭੁੱਖੇ ਮਰ ਗਏ ਜਾਨੀ।

ਇਹੋ ਜਿਹੇ ਛੰਦ ਸੁਣਾਉਣ ਤੋਂ ਬਾਅਦ ਜੀਜਾ ਫਿਰ ਸਾਲੀਆਂ ਦੀ ਭਾਜੀ ਮੋੜਨ ਵੱਲ ਹੋ ਜਾਂਦਾ ਹੈ। ਉਹ ਨਵਾਂ ਛੰਦ ਸਾਲੀਆਂ ਨੂੰ ਇਸ ਤਰ੍ਹਾਂ ਸੁਣਾਉਂਦਾ ਹੈ;

ਛੰਦ ਪਰਾਗੇ ਆਈਏ ਜਾਈਏ  
ਛੰਦ ਪਰਾਗੇ ਪਾਨ।  
ਨੱਕ ’ਤੇ ਮੱਖੀ ਬੈਠਣ ਨਾ ਦੇਵੇ  
ਸਾਲੀ ਬੜੀ ਸ਼ੈਤਾਨ।

ਇਸ ਤਰ੍ਹਾਂ ਚੱਲਦੇ ਚੱਲਦੇ ਚੱਕੀ ਦੇ ਗੇੜ (ਬਾਕੀ ਸਫ਼ਾ 27 ’ਤੇ)



# ਬਾਲ ਜਗਤ

# ਚੰਗੀ ਸਿੱਖਿਆ ਬਿਨਾਂ ਬੱਚੇ ਦਾ ਸਰਬਪੱਖੀ ਵਿਕਾਸ ਸੰਭਵ ਨਹੀਂ

**ਰੁਪਿੰਦਰ ਕੌਰ**

ਸਿੱਖਿਆ ਕਿਸੇ ਵੀ ਬੱਚੇ ਦੇ ਜੀਵਨ ਦੀ ਨੀਂਹ ਹੁੰਦੀ ਹੈ। ਜਿਵੇਂ ਮਜ਼ਬੂਤ ਨੀਂਹ ਬਿਨਾਂ ਇਮਾਰਤ ਖੜ੍ਹੀ ਨਹੀਂ ਰਹਿ ਸਕਦੀ, ਉਸੇ ਤਰ੍ਹਾਂ ਚੰਗੀ ਸਿੱਖਿਆ ਬਿਨਾਂ ਬੱਚੇ ਦਾ ਸਰਬਪੱਖੀ ਵਿਕਾਸ ਸੰਭਵ ਨਹੀਂ। ਅੱਜ ਦਾ ਯੁੱਗ ਬਦਲ ਗਿਆ ਹੈ ਅਤੇ ਇਸ ਦੇ ਨਾਲ ਹੀ ਸਿੱਖਿਆ ਦਾ ਸਰੂਪ ਤੇ ਉਸ ਦੀ ਮਹੱਤਤਾ ਵੀ ਬਦਲ ਗਈ ਹੈ। ਅੱਜ ਦੀ ਸਿੱਖਿਆ ਸਿਰਫ਼ ਕਿਤਾਬੀ ਗਿਆਨ ਤੱਕ ਸੀਮਤ ਨਹੀਂ ਸਗੋਂ ਬੱਚੇ ਦੇ ਸਰੀਰਕ, ਮਾਨਸਿਕ, ਸਮਾਜਿਕ ਤੇ ਨੈਤਿਕ ਵਿਕਾਸ ’ਚ ਅਹਿਮ ਭੂਮਿਕਾ ਨਿਭਾਉਂਦੀ ਹੈ।

ਅੱਜ ਦੀ ਸਿੱਖਿਆ ਦਾ ਮੁੱਖ ਉਦੇਸ਼ ਬੱਚੇ ਦੀ ਸੋਚਣ-ਸਮਝਣ ਦੀ ਸ਼ਕਤੀ ਨੂੰ ਵਧਾਉਣਾ ਹੈ। ਨਵੀਂ ਸਿੱਖਿਆ ਨੀਤੀ ਰੱਟਾ ਪ੍ਰਣਾਲੀ ਦੀ ਥਾਂ ਸਮਝ, ਤਰਕ ਤੇ ਰਚਨਾਤਮਕਤਾ ’ਤੇ ਜ਼ੋਰ ਦਿੰਦੀ ਹੈ। ਗਣਿਤ, ਵਿਗਿਆਨ ਅਤੇ ਭਾਸ਼ਾਵਾਂ ਰਾਹੀਂ ਬੱਚੇ ਦੀ ਤਰਕ-ਸ਼ਕਤੀ ਵਿਕਸਿਤ ਹੁੰਦੀ ਹੈ। ਕੋਡਿੰਗ, ਰੋਬੋਟਿਕਸ ਤੇ ਪ੍ਰਾਜੈਕਟ ਆਧਾਰਿਤ ਪੜ੍ਹਾਈ ਨਾਲ ਬੱਚੇ ਸਮੱਸਿਆਵਾਂ ਨੂੰ ਹੱਲ ਕਰਨਾ ਸਿੱਖਦੇ ਹਨ। ਇਹ ਮਾਨਸਿਕ ਵਿਕਾਸ ਉਨ੍ਹਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਕਰਦਾ ਹੈ।

ਸਕੂਲ ਸਿਰਫ਼ ਪੜ੍ਹਾਈ ਦੀ ਥਾਂ ਨਹੀਂ ਸਗੋਂ ਸ਼ਖ਼ਸੀਅਤ ਘੜਨ ਦੀ ਵਰਕਸ਼ਾਪ ਹੈ। ਅੱਜ ਦੇ ਸਕੂਲਾਂ ਵਿੱਚ ਡਿਬੇਟ, ਭਾਸ਼ਣ, ਨਾਟਕ ਅਤੇ ਖੇਡਾਂ ਰਾਹੀਂ ਬੱਚੇ ਦੇ ਅੰਦਰ ਛੁਪੀ ਪ੍ਰਤਿਭਾ ਨੂੰ ਬਾਹਰ ਕੱਢਿਆ ਜਾਂਦਾ ਹੈ। ਗਰੁੱਪ ਐਕਟੀਵਿਟੀਜ਼ ਨਾਲ ਬੱਚੇ ਟੀਮ ਵਿਚ ਕੰਮ ਕਰਨਾ, ਅਗਵਾਈ ਕਰਨਾ ਤੇ ਆਪਣੇ ਵਿਚਾਰ ਖੁੱਲ੍ਹ ਕੇ ਰੱਖਣਾ ਸਿੱਖਦੇ ਹਨ। ਇਸ ਨਾਲ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਦਾ ਹੈ ਤੇ ਝਿਜਕ ਦੂਰ ਹੁੰਦੀ ਹੈ।

**ਸਮਾਜਿਕ ਤੇ ਭਾਵਨਾਤਮਕ ਵਿਕਾਸ**

ਅੱਜ ਦੀ ਸਿੱਖਿਆ ਬੱਚੇ ਨੂੰ ਚੰਗਾ ਇਨਸਾਨ ਬਣਾਉਣ ’ਤੇ ਜ਼ੋਰ ਦਿੰਦੀ ਹੈ। ਨੈਤਿਕ ਸਿੱਖਿਆ, ਮੁੱਲ ਆਧਾਰਿਤ ਪਾਠਕ੍ਰਮ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਰਾਹੀਂ ਬੱਚਿਆਂ ਵਿਚ ਇਮਾਨਦਾਰੀ, ਸਹਿਯੋਗ, ਹਮਦਰਦੀ ਤੇ ਸਹਿਣਸ਼ੀਲਤਾ ਵਰਗੇ ਗੁਣ ਪੈਦਾ ਕੀਤੇ ਜਾਂਦੇ ਹਨ। ਸਕੂਲ ਵਿੱਚ ਵੱਖ-ਵੱਖ ਧਰਮਾਂ, ਜਾਤਾਂ ਅਤੇ ਪਿਛੋਕੜਾਂ ਦੇ ਬੱਚੇ ਇਕੱਠੇ ਪੜ੍ਹਦੇ ਹਨ, ਜਿਸ ਨਾਲ ਉਨ੍ਹਾਂ ਵਿਚ ਏਕਤਾ ਅਤੇ ਭਾਈਚਾਰੇ ਦੀ ਭਾਵਨਾ ਮਜ਼ਬੂਤ ਹੁੰਦੀ ਹੈ।

**ਹੁਨਰ ਵਿਕਾਸ ਤੇ ਰੁਜ਼ਗਾਰ**

ਪੁਰਾਣੀ ਸਿੱਖਿਆ ਸਿਰਫ਼ ਡਿਗਰੀ ਦਿੰਦੀ ਸੀ ਪਰ ਅੱਜ ਦੀ ਸਿੱਖਿਆ ਹੁਨਰ ਦਿੰਦੀ ਹੈ। ਸਕਿੱਲ ਇੰਡੀਆ ਵਰਗੇ ਪ੍ਰੋਗਰਾਮਾਂ ਤਹਿਤ ਸਕੂਲਾਂ ਵਿਚ ਹੀ ਵੋਕੇਸ਼ਨਲ ਟ੍ਰੇਨਿੰਗ, ਕੰਪਿਊਟਰ ਸਿੱਖਿਆ ਅਤੇ ਏਆਈ ਵਰਗੇ ਨਵੇਂ ਵਿਸ਼ੇ ਪੜ੍ਹਾਏ ਜਾ ਰਹੇ ਹਨ। ਇਸ ਨਾਲ ਬੱਚਾ 12ਵੀਂ ਪਾਸ ਕਰਦਿਆਂ ਹੀ ਕਿਸੇ ਨਾ ਕਿਸੇ ਹੁਨਰ ਵਿੱਚ ਨਿਪੁੰਨ ਹੋ ਜਾਂਦਾ ਹੈ ਅਤੇ ਆਪਣੇ ਪੈਰਾਂ ’ਤੇ ਖੜ੍ਹਾ ਹੋ ਸਕਦਾ ਹੈ।



**ਤਕਨੀਕੀ ਵਿਕਾਸ**

ਅੱਜ ਦਾ ਬੱਚਾ ਡਿਜੀਟਲ ਯੁੱਗ ਦਾ ਬੱਚਾ ਹੈ। ਸਮਾਰਟ ਕਲਾਸਾਂ, ਟੈਬਲੈਟ, ਈ-ਲਰਨਿੰਗ ਅਤੇ ਇੰਟਰਨੈੱਟ ਨੇ ਸਿੱਖਿਆ ਨੂੰ ਰੌਚਕ ਬਣਾ ਦਿੱਤਾ ਹੈ। ਯੂਟਿਊਬ ਅਤੇ ਅਨਲਾਈਨ ਕੋਰਸਾਂ ਨਾਲ ਬੱਚਾ ਕਲਾਸ ਤੋਂ ਬਾਹਰ ਵੀ ਸਿੱਖ ਸਕਦਾ ਹੈ। ਇਸ ਨਾਲ ਉਸ ਦੀ ਤਕਨੀਕੀ ਸਮਝ ਵਧਦੀ ਹੈ, ਜੋ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ।

**ਚੁਣੌਤੀਆਂ**

ਇਸ ਦੇ ਨਾਲ ਹੀ ਸਾਨੂੰ ਇਹ ਵੀ ਮੰਨਣਾ ਪਵੇਗਾ ਕਿ ਅੱਜ ਦੀ ਸਿੱਖਿਆ ਸਾਹਮਣੇ ਕਈ ਚੁਣੌਤੀਆਂ ਹਨ। ਮੋਬਾਈਲ ਦੀ ਲਤ, ਖੇਡਾਂ ਦੀ ਘਾਟ ਅਤੇ ਅੰਕਾਂ ਦੀ ਦੌੜ ਨੇ ਬੱਚਿਆਂ ’ਤੇ ਦਬਾਅ ਵਧਾ ਦਿੱਤਾ ਹੈ। ਇਸ ਲਈ ਮਾਪਿਆਂ ਅਤੇ ਅਧਿਆਪਕਾਂ ਨੂੰ ਮਿਲ ਕੇ ਬੱਚੇ ਦੇ ਸੰਤੁਲਿਤ ਵਿਕਾਸ ਵੱਲ ਧਿਆਨ ਦੇਣਾ ਚਾਹੀਦਾ ਹੈ। ਅੱਜ ਦੀ ਸਿੱਖਿਆ ਬੱਚੇ ਦਾ ਸਿਰਫ਼ ਦਿਮਾਗ ਹੀ ਨਹੀਂ ਸਗੋਂ ਦਿਲ ਅਤੇ ਹੱਥ ਵੀ ਤਰਾਸ਼ਦੀ ਹੈ। ਇਹ ਉਸ ਨੂੰ ਚੰਗਾ ਨਾਗਰਿਕ, ਸਫਲ ਪੇਸ਼ੇਵਰ ਅਤੇ ਸਭ ਤੋਂ ਵੱਧ ਚੰਗਾ ਇਨਸਾਨ ਬਣਾਉਂਦੀ ਹੈ। ਜੇ ਅਸੀਂ ਸਿੱਖਿਆ ਨੂੰ ਸਹੀ ਦਿਸ਼ਾ ਦੇਈਏ ਤਾਂ ਸਾਡੇ ਬੱਚੇ ਹੀ ਸਾਡੇ ਦੇਸ਼ ਦਾ ਭਵਿੱਖ ਸੰਵਾਰਨਗੇ। ਇਸ ਲਈ ਕਿਹਾ ਜਾਂਦਾ ਪੜ੍ਹੋਗੇ ਤਾਂ ਵਧੋਗੇ।

# ਬੱਚਿਆਂ ਲਈ ਕਿੰਨੇ ਕੁ ਸਹੀ ਹਨ ਸਮਰ ਕੈਂਪ ?

**ਗੁਰਮੇਲ ਸਿੰਘ ਸਿੱਧੂ**



ਸਮਰ ਕੈਂਪ ਯਾਨੀ ਗਰਮੀਆਂ ਦੀਆਂ ਛੁੱਟੀਆਂ ’ਚ ਕੁਝ ਸਿੱਖਣ-ਸਿਖਾਉਣ ਲਈ ਲਗਾਏ ਜਾਣ ਵਾਲੇ ਕੈਂਪ। ਇਨ੍ਹਾਂ ’ਚ ਬੱਚਿਆਂ ਨੂੰ ਬਹੁਤ ਸਾਰੀਆਂ ਗਤਵਿਧੀਆਂ, ਜਿਵੇਂ ਗੀਤ-ਸੰਗੀਤ, ਚਿੱਤਕਾਰੀ, ਅਬੈਕਸ, ਨਵੀਆਂ-ਨਵੀਆਂ ਤਕਨੀਕਾਂ, ਕੰਪਿਊਟਰ ਆਦਿ ਹਫ਼ਤੇ-ਦਸ ਦਿਨਾਂ ’ਚ ਸਿਖਾਇਆ ਜਾਂਦਾ ਹੈ। ਅੱਜ-ਕੱਲ੍ਹ ਹਰ ਗਲੀ-ਮੁਹੱਲੇ ’ਚ ਛੋਟੀਆਂ-ਵੱਡੀਆਂ ਸਾਰੀਆਂ ਸੰਸਥਾਵਾਂ ’ਚ ਇਹ ਕੈਂਪ ਆਯੋਜਿਤ ਕੀਤੇ ਜਾਂਦੇ ਹਨ ਪਰ ਕੀ ਇਹ ਸਹੀ ਹੈ? ਇੱਕ ਪਾਸੇ ਤਾਂ ਗਰਮੀ ਦੇ ਕਹਿਰ ਤੋਂ ਬਚਣ ਲਈ ਛੁੱਟੀਆਂ ਦੀ ਮੰਗ ਕੀਤੀ ਜਾਂਦੀ ਹੈ ਤੇ ਇਹ ਛੁੱਟੀਆਂ ਤਾਂ ਹਰ ਸਾਲ ਹੁੰਦੀਆਂ ਵੀ ਹਨ ਗਰਮੀ ਤੋਂ ਬਚਾਅ ਦੇ ਲਈ। ਦੂਜੇ ਪਾਸੇ ਛੁੱਟੀਆਂ ਹੋ ਜਾਣ ’ਤੇ ਅਸੀਂ ਬੱਚਿਆਂ ਨੂੰ ਉਸੇ ਗਰਮੀ ਦਾ ਪ੍ਰਕੋਪ ਝੱਲਣ ਲਈ ਭੇਜ ਦਿੰਦੇ ਹਾਂ ਕੈਂਪਾਂ ਵਿੱਚ।

ਜਿਨ੍ਹਾਂ ਸਕੂਲੀ ਸੰਸਥਾਵਾਂ ਵਿੱਚ ਇਹ ਕੈਂਪ ਲਗਾਏ ਜਾਂਦੇ ਹਨ, ਚਾਹੀਦਾ ਤਾਂ ਇਹ ਹੈ ਕਿ ਜੋ ਗਤੀਵਿਧੀਆਂ ਕੈਂਪ ਵਿੱਚ ਇੱਕ ਹਫ਼ਤੇ ਜਾਂ 10 ਦਿਨਾਂ ’ਚ ਸਿਖਾਉਣ ਦਾ ਦਾਅਵਾ ਕੀਤਾ ਜਾਂਦਾ ਹੈ, ਉਹ ਗਤੀਵਿਧੀਆਂ ਲਈ ਸਕੂਲ ਸਮੇਂ ਵਿੱਚੋਂ ਹੀ ਰੋਜ਼ਾਨਾ ਅੱਧਾ ਘੰਟਾ ਜਾਂ ਘੰਟਾ ਲਗਾਉਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਬੱਚਾ ਆਪਣੇ ਹੁਨਰ ’ਚ ਚੰਗੀ ਤਰ੍ਹਾਂ ਪ੍ਰਪੱਕ ਹੋ ਜਾਵੇਗਾ, ਆਤਮ-ਵਿਸ਼ਵਾਸੀ ਬਣੇਗਾ। ਇਸ ’ਚ ਕੋਈ ਸ਼ੱਕ ਨਹੀਂ ਕਿ ਸਿਖਾਉਣ ਵਾਲਾ ਬੱਚਿਆਂ ਨੂੰ ਸਿਖਾਉਣ ’ਚ ਆਪਣਾ ਪੂਰਾ ਜ਼ੋਰ ਲਗਾਉਂਦਾ ਹੈ ਪਰ ਹਫ਼ਤੇ ’ਚ ਹਰ ਗਤੀਵਿਧੀ ਨੂੰ ਇਕ-ਇਕ ਦਿਨ ਵਿਚ ਕਰ ਕੇ ਪ੍ਰਪੱਕਤਾ ਤਾਂ ਹਾਸਿਲ ਨਹੀਂ ਕੀਤੀ ਜਾ ਸਕਦੀ। ਕਾਬਲੀਅਤ ਜਾਂ ਸੰਪੂਰਨਤਾ ਤਾਂ ਰੋਜ਼ਾਨਾ ਅਭਿਆਸ ਨਾਲ ਹੀ ਆਉਂਦੀਹੈ।



**ਮਾਪਿਆਂ ਵੱਲੋਂ ਸਮਾਂ ਦੇਣਾ**

ਹਰ ਚੀਜ਼ ਦੇ ਦੋ ਪੱਖ ਨਾਂਹ-ਪੱਖੀ ਤੇ ਹਾਂ-ਪੱਖੀ ਹੁੰਦੇ ਹਨ। ਹਰ ਚੀਜ਼ ਨੂੰ ਹਾਂ-ਪੱਖੀ ਪੱਖ ਤੋਂ ਹੀ ਦੇਖਣਾ ਚਾਹੀਦਾ ਹੈ। ਸਕਾਰਤਮਕ ਪੱਖ ਤੋਂ ਦੇਖੀਏ ਤਾਂ ਸਮਰ ਕੈਂਪ ਦੇ ਬਹੁਤ ਸਾਰੇ ਫ਼ਾਇਦੇ ਹੋ ਸਕਦੇ ਹਨ, ਜੇ ਉਹ ਸਹੀ ਭਾਵਨਾ ਨਾਲ ਲਗਾਏ ਜਾਣ। ਸਹੀ ਭਾਵਨਾ ਤੋਂ ਭਾਵ ਹੈ ਕਿ ਵਧੀਆ ਤੇ ਉਸਾਰੂ ਸੋਚ ਨਾਲ ਟੀਚਾ ਮਿੱਥ ਕੇ ਕੈਂਪ ਲਗਾਉਣਾ। ਬੱਚਾ ਜੋ ਵੀ ਗਤੀਵਿਧੀਆਂ ਕੈਂਪ ’ਚ ਸਿੱਖ ਕੇ ਆਇਆ ਹੈ, ਉਨ੍ਹਾਂ ਗਤੀਵਿਧੀਆਂ ਲਈ ਘਰ ਵਿਚ ਵੀ ਬੱਚਿਆਂ ਨੂੰ ਸਮਾਂ ਦਿੱਤਾ ਜਾਵੇ। ਘਰ ’ਚ ਸਮਾਂ ਦੇਣਾ ਯਾਨੀ ਮਾਪਿਆਂ ਦੁਆਰਾ ਸਮਾਂ ਦੇਣਾ। ਅਜਿਹਾ ਕਰਨ ਨਾਲ ਬੱਚਾ ਜੋ ਸਿੱਖ ਕੇ ਆਇਆ ਹੈ, ਉਸ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਵਰਤ ਸਕੇਗਾ। ਜਿਸ ਦਿਨ ਸਿੱਖਿਆ ਹੋਇਆ ਕੰਮ ਬੱਚੇ ਨੂੰ ਰੋਜ਼ਾਨਾ ਜੀਵਨ ਵਿਚ ਵਰਤਣਾ ਆ ਗਿਆ ਤਾਂ ਸਮਝੋ ਸਿੱਖਿਆ ਹੋਇਆ ਸਫਲ ਹੈ।

**ਕੁਝ ਨਾ ਕੁਝ ਨਵਾਂ ਸਿੱਖਣਾ**

ਗ਼ਲਤ ਭਾਵਨਾ ਰੱਖ ਕੇ ਕੈਂਪ ਨਹੀਂ ਲਗਾਉਣੇ ਚਾਹੀਦੇ। ਗ਼ਲਤ ਭਾਵਨਾ ਤੋਂ ਭਾਵ ਹੈ ਕਿ ਸਿਰਫ਼ ਇਹ ਸੋਚ ਰੱਖਣਾ ਕਿ ਘਰ ਵਿਚ ਵੀ ਬੱਚੇ ਨੇ ਤੰਗ ਹੀ ਕਰਨਾ ਹੈ, ਚੰਗਾ ਹੈ ਕਿ ਦੋ ਜਾਂ ਤਿੰਨ ਘੰਟੇ ਕਿਤੇ ਬਿਤਾ ਆਵੇ। ਇਸ ਤਰ੍ਹਾਂ ਦੀ ਸੋਚ ਨਾਲ ਲਗਾਏ ਕੈਂਪ ਤਾਂ ਸਮੇਂ ਤੇ ਪੈਸੇ ਦੀ ਬਰਬਾਦੀ ਤੋਂ ਬਿਨਾਂ ਕੁਝ ਵੀ ਨਹੀਂ। ਸੋ ਸਹੀ ਭਾਵਨਾ ਨਾਲ ਕੀਤੇ ਕਿਸੇ ਵੀ ਕੰਮ ਦੇ ਸਿੱਟੇ ਹਮੇਸ਼ਾ ਫਲਦਾਇਕ ਹੀ ਨਿਕਲਦੇ ਹਨ। ਗਰਮੀ ਦੀਆਂ ਛੁੱਟੀਆਂ ਅਜਿਹਾ ਕੀਮਤੀ, ਗੁਣਵਾਨ ਤੇ ਖੁੱਲ੍ਹਾ ਸਮਾਂ ਹੁੰਦਾ ਹੈ, ਜੋ ਅਸੀਂ ਆਪਣੇ ਬੱਚਿਆਂ ਨਾਲ ਖੁੱਲ੍ਹ ਕੇ ਮਾਣ ਸਕਦੇ ਹਾਂ। ਅੱਜ-ਕੱਲ੍ਹ ਹਰ ਮਾਂ ਬਾਪ ਚਾਹੁੰਦੇ ਹਨ ਕਿ ਸਾਡਾ ਬੱਚਾ ਇੰਨੀਆਂ ਛੁੱਟੀਆਂ ਵਿਹਲਾ ਨਾ ਰਹੇ, ਉਹ ਕੁਝ ਨਾ ਕੁਝ ਨਵਾਂ ਸਿੱਖੇ।

**ਬਜ਼ੁਰਗਾਂ ਨਾਲ ਬੈਠਣ ਲਈ ਕਹੋ**

ਮਾਤਾ-ਪਿਤਾ ਘਰ ’ਚ ਵੀ ਬੱਚਿਆਂ ਨਾਲ ਸਾਰੀਆਂ ਛੁੱਟੀਆਂ ਹੀ ਸਮਰ ਕੈਂਪ ਦੀ ਤਰ੍ਹਾਂ ਬਿਤਾ ਸਕਦੇ ਹਨ, ਜਿਵੇਂ ਬੱਚਿਆਂ ਨੂੰ ਹੱਲਾਸ਼ੇਰੀ ਦੇ ਕੇ ਰਸੋਈ (ਬਾਕੀ ਸਫ਼ਾ 27 ’ਤੇ)

# ਬੱਚੇ ਖ਼ੁਦ ਬਣਨ ਆਪਣੀ ਕਿਸਮਤ ਦੇ ਲੇਖਕ



ਮਨੁੱਖੀ ਜੀਵਨ ’ਚ ਅਕਸਰ ਦੋ ਤਰ੍ਹਾਂ ਦੇ ਲੋਕ ਦੇਖਣ ਨੂੰ ਮਿਲਦੇ ਹਨ। ਇੱਕ ਉਹ ਜੋ ਹਾਲਾਤ ਸਾਹਮਣੇ ਗੋਡੇ ਟੇਕ ਦਿੰਦੇ ਹਨ ਤੇ ਦੂਜੇ ਉਹ ਜੋ ਹਾਲਾਤ ਨੂੰ ਆਪਣੀ ਮਿਹਨਤ ਨਾਲ ਬਦਲਣ ਦਾ ਦਮ ਰੱਖਦੇ ਹਨ। ਅਕਸਰ ਜਦੋਂ ਅਸੀਂ ਅਸਫਲ ਹੁੰਦੇ ਹਾਂ ਤਾਂ ਸਾਰਾ ਦੋਸ਼ ਕਿਸਮਤ ਸਿਰ ਮੜ੍ਹ ਦਿੰਦੇ ਹਾਂ ਪਰ ਸਵਾਲ ਇਹ ਹੈ ਕਿ ਕੀ ਤੁਸੀਂ ਉਨ੍ਹਾਂ ਵਿੱਚੋਂ ਹੋ, ਜੋ ਥੱਕ ਜਾਣ ’ਤੇ ਹਾਰ ਮੰਨ ਲੈਂਦੇ ਹੋ? ਜੇ ਹਾਂ ਤਾਂ ਯਾਦ ਰੱਖੋ ਕਿ ਕਿਸਮਤ ਕੋਈ ਪੱਥਰ ’ਤੇ ਲਿਖੀ ਲਕੀਰ ਨਹੀਂ ਸਗੋਂ ਤੁਹਾਡੇ ਕਰਮਾਂ ਦੁਆਰਾ ਤਿਆਰ ਕੀਤਾ ਗਿਆ ਰਾਹ ਹੈ।

ਕੰਮ ਕਰਦਿਆਂ ਥੱਕ ਜਾਣਾ ਸੁਭਾਵਿਕ ਹੈ। ਮਨੁੱਖੀ ਸਰੀਰ ਤੇ ਮਨ ਦੀਆਂ ਆਪਣੀਆਂ ਸੀਮਾਵਾਂ ਹਨ ਪਰ ਥਕਾਵਟ ਦਾ ਮਤਲਬ ‘ਅੰਤ’ ਨਹੀਂ ਹੁੰਦਾ। ਜਿਹੜੇ ਲੋਕ ਥੱਕ ਕੇ ਰੁਕ ਜਾਂਦੇ ਹਨ ਤੇ ਮੁੜ ਉੱਠਣ ਦੀ ਕੋਸ਼ਿਸ਼ ਨਹੀਂ ਕਰਦੇ, ਉਹ ਆਪਣੀ ਕਿਸਮਤ ਨੂੰ ਹਨੇਰੇ ਵੱਲ ਧੱਕ ਲੈਂਦੇ ਹਨ। ਦੂਜੇ ਪਾਸੇ ਜੇਤੂ ਉਹ ਹੁੰਦੇ ਹਨ, ਜੋ ਥੱਕਣ ’ਤੇ ਆਰਾਮ ਤਾਂ ਕਰਦੇ ਹਨ ਪਰ ਹਾਰ ਨਹੀਂ ਮੰਨਦੇ। ਉਹ ਜਾਣਦੇ ਹਨ ਕਿ ਸਫਲਤਾ ਦਾ ਰਸਤਾ ਮੁਸ਼ਕਲਾਂ ਤੇ ਥਕਾਵਟ ਵਿੱਚੋਂ ਹੀ ਹੋ ਕੇ ਗੁਜ਼ਰਦਾ ਹੈ। ਬਹੁਤ ਸਾਰੇ ਲੋਕਾਂ ਲਈ ਕਿਸਮਤ ਇੱਕ ਬਹਾਨਾ ਹੈ। ਜਦੋਂ ਮਿਹਨਤ ਕੰਮ ਨਹੀਂ ਆਉਂਦੀ ਜਾਂ ਨਤੀਜੇ ਉਮੀਦ ਮੁਤਾਬਕ ਨਹੀਂ ਨਿਕਲਦੇ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਸ਼ਾਇਦ ਕਿਸਮਤ ਵਿੱਚ ਹੀ ਨਹੀਂ ਸੀ। ਜੇ ਇਰਾਦਾ ਮਜ਼ਬੂਤ ਹੋਵੇ ਤਾਂ ਕਿਸਮਤ ਨੂੰ ਵੀ ਝੁਕਣਾ ਪੈਂਦਾ ਹੈ।

ਕਿਸਮਤ ਨਾਲ ਲੜਨ ਦਾ ਮਤਲਬ ਕੁਦਰਤ ਨਾਲ ਲੜਨਾ ਨਹੀਂ ਸਗੋਂ ਆਪਣੀਆਂ ਕਮਜ਼ੋਰੀਆਂ ਤੇ ਨਾਂਹ-ਪੱਖੀ ਸੋਚ ਨਾਲ ਲੜਨਾ ਹੈ। ਜਦੋਂ ਤੁਹਾਡਾ ਮਨ ਕਹੇ ਕਿ ਹੁਣ ਬਹੁਤ ਹੋ ਗਿਆ, ਮੈਂ ਹੋਰ ਨਹੀਂ ਕਰ ਸਕਦਾ ਤਾਂ ਉਸ ਸਮੇਂ ਇਕ ਵਾਰ ਫਿਰ ਕੋਸ਼ਿਸ਼ ਕਰਨਾ ਹੀ ਅਸਲ ਲੜਾਈ ਹੈ। ਆਪਣੀ ਕਿਸਮਤ ਲਿਖਣ ਲਈ ਤਿੰਨ ਚੀਜ਼ਾਂ ਬਹੁਤ ਜ਼ਰੂਰੀ ਹਨ ਦ੍ਰਿੜ ਨਿਸ਼ਚਾ, ਨਿਰੰਤਰ ਮਿਹਨਤ ਅਤੇ ਸਬਰ।

ਜੇ ਤੁਸੀਂ ਥੱਕ ਕੇ ਹਾਰ ਮੰਨ ਰਹੇ ਹੋ ਤਾਂ ਖ਼ੁਦ ਨੂੰ ਪੁੱਛੋ ਕਿ ਤੁਸੀਂ ਇਹ ਸਫ਼ਰ ਸ਼ੁਰੂ ਕਿਉਂ ਕੀਤਾ ਸੀ? ਤੁਹਾਡਾ ਉਦੇਸ਼ ਕੀ ਸੀ? ਜਦੋਂ ਤੁਹਾਡਾ ‘ਕਿਉਂ’’ ਸਪੱਸ਼ਟ ਹੋਵੇਗਾ, ਤਾਂ ਥਕਾਵਟ ਤੁਹਾਡੇ ਹੌਸਲੇ ਨੂੰ ਤੋੜ ਨਹੀਂ ਸਕੇਗੀ। ਕਿਸਮਤ ਦੇ ਭਰੋਸੇ ਬੈਠਣ ਵਾਲਿਆਂ ਨੂੰ ਸਿਰਫ਼ ਓਨਾ ਹੀ ਮਿਲਦਾ ਹੈ, ਜਿੰਨਾ ਕੋਸ਼ਿਸ਼ ਕਰਨ ਵਾਲੇ ਛੱਡ ਦਿੰਦੇ ਹਨ। ਇਸ ਲਈ ਉੱਠੋ ਅਤੇ ਆਪਣੀ ਕਿਸਮਤ ਨਾਲ ਲੜੋ। ਆਪਣੀ ਮਿਹਨਤ ਦੀ ਕਲਮ ਫੜੋ ਅਤੇ ਨਵਾਂ ਅਧਿਆਏ ਲਿਖੋ। ਯਾਦ ਰੱਖੋ ਕਿ ਸਮੁੰਦਰ ਵਿਚ ਲਹਿਰਾਂ ਨਾਲ ਉਹੀ ਕਿਸ਼ਤੀ ਪਾਰ ਲੱਗਦੀ ਹੈ, ਜਿਸ ਦਾ ਮਲਾਹ ਥੱਕ ਕੇ ਚੱਪੂ ਚਲਾਉਣੇ ਬੰਦ ਨਹੀਂ ਕਰਦਾ। ਆਪਣੀ ਕਿਸਮਤ ਦੇ ਲੇਖਕ ਖ਼ੁਦ ਬਣੋ ਕਿਉਂਕਿ ਜੋ ਖ਼ੁਦ ਆਪਣੀ ਮਦਦ ਕਰਦੇ ਹਨ, ਰੱਬ ਵੀ ਉਨ੍ਹਾਂ ਦੀ ਹੀ ਮਦਦ ਕਰਦਾ ਹੈ।

**- ਲਲਿਤ ਗੁਪਤਾ**

# ‘ਹਨੇਰੇ ਤੋਂ ਚਾਨਣ ਦਾ ਸਫ਼ਰ’



ਮੋਹਨ ਸ਼ਰਮਾ

ਉਹ ਡਿਊਟੀ ਤੋਂ ਘਰ ਪਰਤਿਆ ਹੀ ਸੀ। ਅੰਦਰੋਂ ਮਾਂ ਦੀ ਹਾਏ! ਹਾਏ! ਦੀ ਦਰਦ ਭਰੀ ਆਵਾਜ਼ ਸੁਣੀ। ਉਹ ਅੰਦਰ ਮਾਂ ਕੋਲ ਗਿਆ। ਮਾਂ ਨੂੰ ਦਵਾਈ ਦਿੱਤੀ। ਉਸ ਨਾਲ ਕੁਝ ਪਲ ਗੱਲਾਂ ਕੀਤੀਆਂ। ਗੱਲਾਂਬਾਤਾਂ ਤੋਂ ਪਤਾ ਲੱਗਿਆ ਕਿ ਉਸ ਨੂੰ ਸਵੇਰ ਦੀ ਦਵਾਈ ਨਹੀਂ ਦਿੱਤੀ ਗਈ। ਉਹ ਦਫ਼ਤਰ ਦੇ ਜ਼ਰੂਰੀ ਕੰਮ ਕਾਰਨ ਘਰੋਂ ਛੇਤੀ ਡਿਊਟੀ ’ਤੇ ਚਲਾ ਗਿਆ ਸੀ ਤੇ ਜਾਣ ਲੱਗਿਆਂ ਆਪਣੀ ਪਤਨੀ ਸ਼ੀਲਾ ਨੂੰ ਕਹਿ ਗਿਆ ਸੀ ਕਿ ਉਹ ਡਿਊਟੀ ’ਤੇ ਜਾਣ ਤੋਂ ਪਹਿਲਾਂ ਮਾਂ ਨੂੰ ਯਾਦ ਨਾਲ ਦਵਾਈ ਦੇ ਦੇਵੇ। ਇੱਕ ਤਾਂ ਦਫ਼ਤਰੀ ਕੰਮ ਦੀ ਖੱਜਲ-ਖੁਆਰੀ, ਉਤੋਂ ਮਾਂ ਨੂੰ ਸ਼ੀਲਾ ਵੱਲੋਂ ਦਵਾਈ ਨਾ ਦੇਣ ਦੀ ਅਣਗਹਿਲੀ ਕਾਰਨ ਉਹ ਪਰੇਸ਼ਾਨ ਹੋ ਗਿਆ।

ਕੁਝ ਦੇਰ ਬਾਅਦ ਸ਼ੀਲਾ ਵੀ ਦਫ਼ਤਰੋਂ ਆ ਗਈ। ਰਸੋਈ ਵਿੱਚੋਂ ਪਾਣੀ ਪੀਣ ਉਪਰੰਤ ਆਪਣੇ ਪਤੀ ਰਾਕੇਸ਼ ਕੋਲ ਜਾਣ ਦੀ ਥਾਂ ਡਰਾਇੰਗ ਰੂਮ ’ਚ ਸੋਫੇ ’ਤੇ ਬੈਠ ਕੇ ਆਰਾਮ ਕਰਨ ਲੱਗੀ। ਉਸ ਦੇ ਹੱਥ ਮੋਬਾਈਲ ਦੇ ਬਟਨਾਂ ’ਤੇ ਅਤੇ ਨਜ਼ਰਾਂ ਸਕਰੀਨ ਉਤੇ ਲੱਗੀਆਂ ਹੋਈਆਂ ਸਨ। ਕੁਝ ਸਮੇਂ ਬਾਅਦ ਸੁਨੀਲ ਹੀ ਉੱਥੇ ਆ ਗਿਆ। ਉਸ ਨੇ ਆਉਂਦਿਆਂ ਹੀ ਕਿਹਾ, ‘ਡਿਊਟੀ ’ਤੇ ਜਾਣ ਤੋਂ ਪਹਿਲਾਂ ਮਾਂ ਨੂੰ ਦਵਾਈ ਤਾਂ ਦੇ ਜਾਂਦੀ। ਦਵਾਈ ਬਿਨਾਂ ਉਹ ਸਾਰਾ ਦਿਨ ਤੜਫਦੀ ਰਹੀ।’ ਅੱਗਿਓਂ ਸ਼ੀਲਾ ਨੇ ਬੇਰੁਖ਼ੀ ਨਾਲ ਜਵਾਬ ਦਿੱਤਾ, ‘ਸਾਰੇ ਕੰਮਾਂ ਦਾ ਮੈਂ ਹੀ ਠੇਕਾ ਲੈ ਰੱਖਿਐ। ਸਵੇਰੇ ਰਸੋਈ ਦਾ ਕੰਮ, ਬੱਚਿਆਂ ਨੂੰ ਤਿਆਰ ਕਰ ਕੇ ਸਕੂਲ ਭੇਜਣਾ, ਫਿਰ ਆਪ ਦਫ਼ਤਰ ਜਾਣਾ, ਉਤੋਂ ਤੁਹਾਡੀ ਮਾਂ ਦੀ ਨੌਕਰਾਂ ਵਾਂਗ ਦੇਖਭਾਲ। ਮੈਥੋਂ ਨਹੀਂ ਹੁੰਦਾ ਇਹ ਸਾਰਾ ਕੁਝ। ਤੰਗ ਆ ਗਈ ਹਾਂ ਮੈਂ ਇਸ ਖਲਜਗਣ ਤੋਂ।’

ਉਸ ਦਿਨ ਤੋਂ ਬਾਅਦ ਇਕ ਖ਼ਾਮੋਸ਼ ਪਰ ਵਿਦਰੋਹੀ ਚੁੱਪ ਦੋਵਾਂ ਦਰਮਿਆਨ ਛਾ ਗਈ। ਮਾਂ ਦੀ ਦੇਖਭਾਲ, ਮੌਕੇ ਸਿਰ ਦਵਾਈ ਦੇਣੀ ਅਤੇ ਉਸ ਦੀਆਂ ਨਿੱਕੀਆਂ-ਨਿੱਕੀਆਂ ਲੋੜਾਂ ਦਾ ਖ਼ਿਆਲ ਰੱਖਣਾ ਹੁਣ ਸੁਨੀਲ ਦਾ ਨਿਤਨੇਮ ਬਣ ਗਿਆ। ਤੀਜੀ ਤੇ ਪੰਜਵੀਂ ਵਿੱਚ ਪੜ੍ਹਦੇ ਦੋਨੋਂ ਪੁੱਤਰ ਵੀ ਆਪਣੇ ਮਾਂ-ਬਾਪ ਦੇ ਮੱਥੇ ਦੀਆਂ ਤਿਓੜੀਆਂ ਤੇ ਤਣਾਓ ਨੂੰ ਸਾਵਾਂ ਨਹੀਂ ਕਰ ਸਕੇ। ਬੋਝਲ ਉਦਾਸੀ, ਖ਼ਾਮੋਸ਼ੀ, ਤਣਾਓ ਅਤੇ ਬੋਲ ਸਾਂਝੇ ਨਾ ਕਰਨ ਕਰਕੇ ਪਤੀ-ਪਤਨੀ ਦਰਮਿਆਨ ਸਰੀਰਕ ਤੇ ਮਾਨਸਿਕ ਦੂਰੀ ਵੱਧਦੀ ਗਈ। ਇੱਕ-ਦੂਜੇ ਨੂੰ ਸੁਨੇਹਾ ਵੀ ਉਹ ਆਪਣੇ ਬੱਚਿਆਂ ਰਾਹੀਂ ਦਿੰਦੇ ਸਨ। ਕੁਦਰਤੀ ਹੈ ਕਿ ਜਦੋਂ ਘਰ ਵਿੱਚ ਮੁਸਕਰਾਹਟ ਵੀ ਜ਼ਖ਼ਮਾਂ ਭਰੀ ਹੋਵੇ, ਇੱਕ-ਦੂਜੇ ਨਾਲ ਸਾਂਝ ਦੀ ਡੋਰ ਦਿਨ-ਬ-ਦਿਨ ਕੱਚੀ ਹੁੰਦੀ ਜਾਵੇ ਅਤੇ ਘਰ ਵਿੱਚ ਹੁੰਦਿਆਂ ਵੀ ਬੇਗ਼ਾਨੀਗੀ ਦੇ ਅਹਿਸਾਸ ਨਾਲ ਜੀਵਨ ਹੰਢਾਇਆ ਜਾਵੇ, ਤਾਂ ਜ਼ਿੰਦਗੀ ਨਰਕ ਭਰੀ ਹੋ ਜਾਂਦੀ ਹੈ। ਇੰਝ ਨਰਕ ਭਰਿਆ ਜੀਵਨ ਦੋਨੋਂ ਹੀ ਬਤੀਤ ਕਰ ਰਹੇ ਸਨ। ਸ਼ੀਲਾ ਨੇ ਆਪਣੀ ਸੱਸ ਵਾਲੇ ਕਮਰੇ ਵਿੱਚ ਜਾਣਾ ਹੀ ਛੱਡ ਦਿੱਤਾ ਸੀ। ਉਹ ਬਿਮਾਰੀ ਦੀ ਹਾਲਤ ਮੰਜੇ ’ਤੇ ਪਈ ਵੀ ਘਰ ਦੇ ਹਾਲਾਤਾਂ ਨੂੰ ਸਮਝਦੀ ਸੀ। ਇੱਕ-ਦੋ ਵਾਰ ਉਸ ਨੇ ਸੁਨੀਲ ਨਾਲ ਗੱਲ ਵੀ ਛੇੜੀ ਪਰ ਉਸ ਨੇ ਸ਼ੀਲਾ ਪ੍ਰਤੀ ਕੋਈ ਅਜਿਹੀ ਗੱਲ ਨਹੀਂ ਕੀਤੀ, ਜਿਸ ਨਾਲ ਮਾਂ ਦਾ ਦਿਲ ਦੁਖੀ ਹੋਵੇ।

ਫਿਰ ਇਕ ਦਿਨ ਜਦੋਂ ਉਹ ਡਿਊਟੀ ਤੋਂ ਘਰ ਆਇਆ ਤਾਂ ਘਰ ਵਿੱਚ ਸ਼ੀਲਾ ਤੇ ਬੱਚਿਆਂ ਦੀ ਅਣਹੋਂਦ ਉਸ ਨੂੰ ਰੜਕੀ। ਉਦਾਸ ਜਿਹਾ ਉਹ ਮਾਂ ਕੋਲ ਗਿਆ। ਉਸ ਦਾ ਹਾਲਚਾਲ ਪੁੱਛਿਆ। ਦਵਾਈ ਦੇਣ ਉਪਰੰਤ ਉਹ ਬਾਹਰ ਲਾਅਨ ’ਚ ਆ ਗਿਆ। ਅਚਾਨਕ ਉਸ ਦੀ ਨਜ਼ਰ ਟੇਬਲ ’ਤੇ ਰੱਖੇ ਕਾਗਜ਼ ’ਤੇ ਪਈ। ਕਾਗਜ਼ ਇਧਰ-ਉਧਰ ਡਿੱਗਣ ਦੇ ਬਚਾਓ ਲਈ ਕਾਗਜ਼ ਦੇ ਉੱਪਰ ਪੇਪਰ ਵੇਟ ਰੱਖਿਆ ਹੋਇਆ ਸੀ। ਉਸ ਨੇ ਧੜਕਦੇ ਦਿਲ ਨਾਲ ਕਾਗਜ਼ ’ਤੇ ਲਿਖੇ ਹਰਫ਼ਾਂ ਨੂੰ ਪੜ੍ਹਿਆ। ਉਸ ਦੀ ਪਤਨੀ ਦਾ ਸੁਨੇਹਾ ਸੀ, ‘ਇਸ ਦਮ ਘੋਟੂ ਮਾਹੌਲ ਵਿੱਚ ਮੈਂ ਹੋਰ ਜ਼ਿਆਦਾ ਦੇਰ ਨਹੀਂ ਰਹਿ ਸਕਦੀ। ਮੈਂ ਬੱਚਿਆਂ ਨੂੰ ਨਾਲ ਲੈ ਕੇ ਪੇਕੀਂ ਜਾ ਰਹੀ ਹਾਂ। ਉਨ੍ਹਾਂ ਦੇ ਸਕੂਲੋਂ ਸਰਟੀਫਿਕੇਟ ਲੈ ਲਏ ਹਨ ਤੇ ਹੁਣ ਉਨ੍ਹਾਂ ਨੂੰ ਆਪਣੇ ਪੇਕੇ ਪਿੰਡ ਦੇ ਸਕੂਲ ਵਿੱਚ ਦਾਖ਼ਲ ਕਰਵਾ ਦਿਆਂਗੀ। ਹਾਂ, ਰੋਜ਼ ਦੀ ਪ੍ਰੇਸ਼ਾਨੀ ਤੋਂ ਤੰਗ ਆ ਕੇ ਮੈਂ ਤੁਹਾਡੇ ਕੋਲੋਂ ਤਲਾਕ ਲੈ ਰਹੀ ਹਾਂ। ਅਗਲੀ ਵੇਰ ਅਦਾਲਤ ਵਿੱਚ ਮਿਲਾਂਗੇ।’ ਖਤ ਪੜ੍ਹ ਕੇ ਉਸ ਨੇ ਹੌਕਾ ਭਰਿਆ। ‘ਐਡੀ ਵੱਡੀ ਗੱਲ ਨਹੀਂ ਸੀ, ਸ਼ੀਲਾ ਨੇ ਰਾਈ ਦਾ ਪਹਾੜ ਬਣਾ ਦਿੱਤਾ। ਸਾਡੇ ਆਪਸ ਵਿੱਚ ਵਿਗੜੇ ਸਬੰਧਾਂ ਦਾ ਬੁਰਾ ਅਸਰ ਬੱਚਿਆਂ ’ਤੇ ਵੀ ਪਵੇਗਾ। ਸ਼ੀਲਾ ਨੂੰ ਹਰ ਰੋਜ਼ ਬੱਸ ਰਾਹੀਂ ਸਕੂਲ ਆਉਣ ਲੱਗਿਆਂ ਵੀ ਖੱਜਲ-ਖੁਆਰ ਹੋਣਾ ਪਵੇਗਾ।’ ਉਸ ਨੇ ਭਰੇ ਮਨ ਨਾਲ ਸ਼ੀਲਾ ਨੂੰ ਫੋਨ ਕੀਤਾ। ਉਸ ਨੇ ਫੋਨ ਨਹੀਂ ਚੁੱਕਿਆ। ਸੱਸ-ਸਹੁਰੇ ਨਾਲ ਫੋਨ ’ਤੇ ਗੱਲ ਹੋਈ। ਉਨ੍ਹਾਂ ਨੇ ਵੀ ਤਲਖ਼ੀ ਭਰੀਆਂ ਗੱਲਾਂ ਕਰਦਿਆਂ ਕਿਹਾ, ‘ਤੁਸੀਂ ਤਾਂ ਕੁੜੀ ਦਾ ਜਿਊਣਾ ਦੁੱਭਰ ਕਰ ਰੱਖਿਐ। ਇਹੋ ਜਿਹਾ ਵਰਤਾਓ ਤਾਂ ਪਸ਼ੂਆਂ ਨਾਲ ਨਹੀਂ ਕੀਤਾ ਜਾਂਦਾ, ਜਿਹੋ ਜਿਹਾ ਤੂੰ ਅਤੇ ਤੇਰੀ ਮਾਂ ਸਾਡੀ ਕੁੜੀ ਨਾਲ ਕਰਦੇ ਹੋ। ਹੁਣ ਅਸੀਂ ਕੁੜੀ ਨਹੀਂ ਭੇਜਦੇ।’ ਸੱਸ-ਸਹੁਰੇ ਦੇ ਇੱਕ ਟੁੱਕ ਜਵਾਬ ਨੇ ਉਸ ਨੂੰ ਧੁਰ ਤੱਕ ਹਿਲਾ ਦਿੱਤਾ। ਉਹ ਆਪ ਵੀ ਸਹੁਰੇ ਘਰ ਸ਼ੀਲਾ ਨੂੰ ਮਨਾਉਣ ਗਿਆ ਪਰ ਕਿਸੇ ਨੇ ਵੀ ਉਸ ਨਾਲ ਸਿੱਧੇ ਮੂੰਹ ਗੱਲ ਨਹੀਂ ਕੀਤੀ। ਅੱਕ ਕੇ ਉਸ ਨੇ ਮਾਂ ਦੀ ਦੇਖਭਾਲ ਲਈ ਸਾਰੇ ਦਿਨ ਵਾਸਤੇ ਨੌਕਰਾਣੀ ਰੱਖ ਲਈ। ਮਾਂ ਦੀ ਦੇਖਭਾਲ ਦੇ ਨਾਲ-ਨਾਲ ਰਸੋਈ ਅਤੇ ਘਰ ਦੀ ਸਫ਼ਾਈ ਵੀ ਉਹ ਕਰ ਦਿੰਦੀ ਸੀ।

ਕੁਝ ਦਿਨਾਂ ਬਾਅਦ ਉਸ ਨੂੰ ਕੋਰਟ ਵੱਲੋਂ ਸੰਮਨ ਪੁੱਜ ਗਏ। ਉਸ ਦੀ ਪਤਨੀ ਨੇ ਤਲਾਕ ਦਾ ਕੇਸ ਪਾਇਆ ਸੀ। ਸੰਮਨ ਲੈ ਕੇ ਉਹ ਇੱਕ ਵਾਰ ਝੰਜੋੜਿਆ ਜਿਹਾ ਗਿਆ। ਘਰ ਦੀ ਬੰਦ ਮੁੱਠੀ ਨੂੰ ਉਹ ਖੋਲ੍ਹਣਾ ਨਹੀਂ ਸੀ ਚਾਹੁੰਦਾ ਪਰ ਸ਼ੀਲਾ ਨੇ ਤਾਂ ਤਲਾਕ ਦਾ ਕੇਸ ਪਾ ਕੇ ਸਾਰਾ ਕੁਝ ਜੱਗ ਜ਼ਾਹਿਰ ਕਰ ਦਿੱਤਾ ਸੀ। ਉਸ ਨੇ ਆਪਣਾ ਵਕੀਲ ਕੀਤਾ। ਸ਼ੀਲਾ ਵੱਲੋਂ ਤਲਾਕ ਦੇ ਕੇਸ ਨਾਲ ਸਬੰਧਿਤ ਕਾਗਜ਼ ਕੋਰਟ ਵੱਲੋਂ ਪ੍ਰਾਪਤ ਕੀਤੇ। ਉਹ ਉਸ ਵੇਲੇ ਹੱਦੋਂ ਵੱਧ ਪਰੇਸ਼ਾਨ ਹੋ ਗਿਆ, ਜਦੋਂ ਸ਼ੀਲਾ ਨੇ ਉਸ ’ਤੇ ਮਾਰ ਕੁੱਟ ਕਰਨ ਦੇ ਨਾਲ-ਨਾਲ ਪੇਕਿਆਂ ਤੋਂ ਮੋਟੀ ਰਕਮ ਲਿਆਉਣ ਦਾ ਦੋਸ਼ ਵੀ ਸੁਨੀਲ ’ਤੇ ਲਾਇਆ ਸੀ। ਉਸ ਨੇ ਇਹ ਵੀ ਦੋਸ਼ ਲਾਇਆ ਕਿ ਉਹ ਜ਼ਿੰਮੇਵਾਰ ਪਤੀ ਤੇ ਪਿਤਾ ਵਾਲੇ ਫ਼ਰਜ਼ ਨਹੀਂ ਨਿਭਾ ਰਿਹਾ। ਉਸ ਨੇ ਆਪਣੇ ਵਕੀਲ ਨੂੰ ਵਕਾਲਤਨਾਮਾ ਦਿੰਦਿਆਂ ਜ਼ੋਰ ਦੇ ਕੇ ਕਿਹਾ ਕਿ ਉਹ ਆਪਣੀ ਪਤਨੀ ਤੋਂ ਤਲਾਕ ਨਹੀਂ ਚਾਹੁੰਦਾ। ਬੱਚੇ ਤੇ ਪਤਨੀ ਉਸ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ। ਉਸ ਦੇ ਜਾਣ ਤੋਂ ਬਾਅਦ ਘਰ ਹੀ ਸੁੰਨ੍ਹਾ-ਸੁੰਨ੍ਹਾ ਲੱਗਦਾ ਹੈ।

ਅਦਾਲਤ ਵਿੱਚ ਦੋ-ਤਿੰਨ ਪੇਸ਼ੀਆਂ ਪਈਆਂ। ਸ਼ੀਲਾ ਵਾਲੇ ਪਾਸਿਓਂ ਉਸ ਦੇ ਨਾਲ ਰਿਸ਼ਤੇਦਾਰਾਂ ਦਾ ਵੱਡਾ ਕਾਫ਼ਲਾ ਆਉਂਦਾ ਸੀ ਪਰ ਸੁਨੀਲ ਇਕੱਲਾ ਹੀ ਆਪਣੇ ਵਕੀਲ ਨਾਲ ਕੋਰਟ ਵਿਚ ਪੇਸ਼ ਹੁੰਦਾ ਰਿਹਾ। ਜੱਜ ਬੜਾ ਸੂਝਵਾਨ ਸੀ। ਕਾਨੂੰਨੀ ਨੁਕਤਿਆਂ ਦੇ ਨਾਲ-ਨਾਲ ਉਹ ਨੈਤਿਕ ਫ਼ਰਜ਼ਾਂ ਪ੍ਰਤੀ ਵੀ ਬਹੁਤ ਗੰਭੀਰ ਸੀ। ਦੋਵਾਂ ਪੱਖਾਂ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਉਪਰੰਤ ਜੱਜ ਇਸ ਨਿਰਣੇ ’ਤੇ ਪੁੱਜ ਗਿਆ ਕਿ ਦੋਨਾਂ ਦਰਮਿਆਨ ਪਾੜਾ ਵਧਾਉਣ ਲਈ ਸ਼ੀਲਾ ਦਾ ਪਰਿਵਾਰ ਤੇ ਉਸਦੇ ਰਿਸ਼ਤੇਦਾਰਾਂ ਵੱਲੋਂ ਹਵਾ ਦਿੱਤੀ ਜਾ ਰਹੀ ਹੈ ਪਰ ਸੁਨੀਲ ਇੱਕੋ ਗੱਲ ਚਾਹੁੰਦਾ ਹੈ ਕਿ ਉਸ ਦੀ ਬਜ਼ੁਰਗ ਮਾਂ ਦੀ ਦੇਖਭਾਲ ਵਿੱਚ ਸ਼ੀਲਾ ਹੱਥ ਵਟਾਵੇ ਪਰ ਸ਼ੀਲਾ ਆਪਣੇ ਫ਼ਰਜ਼ਾਂ ਦੀ ਪੂਰਤੀ ਨਹੀਂ ਕਰ ਰਹੀ।

ਫਿਰ ਇੱਕ ਪੇਸ਼ੀ ’ਤੇ ਦੂਰਅੰਦੇਸ਼ੀ ਜੱਜ ਨੇ ਪਤੀ-ਪਤਨੀ ਨੂੰ ਆਪਣੀ ਕੈਬਿਨ ਵਿੱਚ ਬੁਲਾ ਲਿਆ। ਉਨ੍ਹਾਂ ਲਈ ਚਾਹ ਵੀ ਮੰਗਵਾ ਲਈ। ਚਾਹ ਪੀਂਦਿਆਂ ਉਸ ਨੇ ਸ਼ੀਲਾ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ, ‘ਤੁਸੀਂ ਸਰਕਾਰੀ ਸੇਵਾ ਵਿੱਚ ਹੋ’? ‘ਜੀ ਹਾਂ, ਮੈਂ ਅਧਿਆਪਕਾ ਹਾਂ।’ ਫਿਰ ਜਦੋਂ ਸੁਨੀਲ ਨੂੰ ਇਹੀ ਸਵਾਲ ਕੀਤਾ ਤਾਂ ਉਸ ਦਾ ਜਵਾਬ ਸੀ, ‘ਜੀ ਮੈਂ, ਬਿਜਲੀ ਵਿਭਾਗ ਵਿੱਚ ਐੱਸਡੀਓ ਹਾਂ।’ ਜੱਜ ਨੇ ਉਨ੍ਹਾਂ ਦੋਵਾਂ ਦੇ ਜਵਾਬ ਸੁਣਨ ਤੋਂ ਬਾਅਦ ਮੁਸਕਰਾ ਕੇ ਕਿਹਾ, ‘ਵਾਹ! ਅਧਿਆਪਕ ਦਾ ਕੰਮ ਪੜ੍ਹਾਈ ਦੇ ਨਾਲ-ਨਾਲ ਨੈਤਿਕ ਸਿੱਖਿਆ ਦਾ ਪਾਠ ਪੜ੍ਹਾਉਣਾ ਹੁੰਦਾ ਹੈ। ਨੈਤਿਕ ਸਿੱਖਿਆ ਵਿੱਚ ਪਰਿਵਾਰ, ਸਮਾਜ ਤੇ ਦੇਸ਼ ਪ੍ਰਤੀ ਫ਼ਰਜ਼ਾਂ ਤੋਂ ਜਾਣੂ ਕਰਵਾ ਕੇ ਏਕਤਾ ਦੀ ਮਹੱਤਤਾ ਦੱਸੀ ਜਾਂਦੀ ਹੈ। ਤੁਸੀਂ ਤਾਂ ਅਧਿਆਪਕ ਹੁੰਦਿਆਂ ਆਪਣਾ ਪਰਿਵਾਰ ਹੀ...।’ ਫਿਰ ਉਸ ਨੇ ਸੁਨੀਲ ਵੱਲ ਮੂੰਹ ਕਰਕੇ ਕਿਹਾ, ‘ਤੁਸੀਂ ਬਿਜਲੀ ਵਿਭਾਗ ਵਿੱਚ ਕੰਮ ਕਰਦਿਆਂ ਲੋਕਾਂ ਦੇ ਘਰਾਂ ਵਿੱਚ ਚਾਨਣ ਵੰਡ ਰਹੇ ਹੋ ਪਰ ਆਪਣੇ ਘਰ ’ਚ ਹਨੇਰਾ ਕਰ ਰੱਖਿਆ ਹੈ।’

ਜੱਜ ਸਾਹਿਬ ਦੀਆਂ ਗੱਲਾਂ ਨੇ ਉਨ੍ਹਾਂ ਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ। ਦੋਵਾਂ ਦੇ ਹੋਂਠ ਫਰਕੇ ਪਰ ਕੁਝ ਕਹਿ ਨਹੀਂ ਸਕੇ। ਜੱਜ ਸਾਹਿਬ ਨੇ ਫਿਰ ਉਨ੍ਹਾਂ ਦੀ ਦੁਖਦੀ ਰੱਗ ’ਤੇ ਹੱਥ ਧਰਦਿਆਂ ਕਿਹਾ, ‘ਤੁਹਾਡੇ ਦੋਨੋਂ ਬੱਚੇ ਨਾਬਾਲਗ ਨੇ। ਬੱਚਿਆਂ ਦੀ ਪਾਲਣਾ-ਪੋਸ਼ਣਾ ਲਈ ਮਾਂ-ਬਾਪ ਦੀ ਸੁਚੱਜੀ ਅਗਵਾਈ ਦੇ ਨਾਲ-ਨਾਲ ਉਨ੍ਹਾਂ ਲਈ ਰੋਲ ਮਾਡਲ ਦਾ ਫ਼ਰਜ਼ ਨਿਭਾਉਣਾ ਵੀ ਜ਼ਰੂਰੀ ਹੈ। ਭਲਾਂ ਉਨ੍ਹਾਂ ਸਾਹਮਣੇ ਕਲੇਸ਼ ਕਰ ਕੇ ਤੁਸੀਂ ਕਿਹੜੇ ਰੋਲ ਮਾਡਲ ਦਾ ਫ਼ਰਜ਼ ਨਿਭਾ ਰਹੇ ਹੋ? ਇਸ ਤਰ੍ਹਾਂ ਤਾਂ ਬੱਚਿਆਂ ਦੀ ਜ਼ਿੰਦਗੀ ਨੂੰ ਵੀ ਤੁਸੀਂ ਦੋਨੋਂ ਹੀ ਬਰਬਾਦ ਕਰ ਰਹੇ ਹੋ।’ ਦੋਵਾਂ ਦੇ ਚਿਹਰਿਆਂ ’ਤੇ ਗੰਭੀਰ ਖ਼ਾਮੋਸ਼ੀ ਛਾਈ ਹੋਈ ਸੀ। ਵਿਦਵਾਨ ਜੱਜ ਨੇ ਅਗਲੀ ਗੱਲ ਛੋਹੀ, ‘ਸਾਡੇ ਸ਼ਾਸਤਰਾਂ ਵਿੱਚ ਲਿਖਿਆ ਹੈ, ਪਿੱਤਰ ਦੇਵੋ ਭਵ, ਮਾਤਰ ਦੇਵੋ ਭਵ, ਅਤਿਥੀ ਦੇਵੋ ਭਵ, ਆਚਾਰਿਯਾ ਦੇਵੋ ਭਵ’ ਕੀ ਤੁਸੀਂ ਆਪਣੇ ਮਾਤਾ-ਪਿਤਾ ਨੂੰ ਦੇਵਤਿਆਂ ਵਾਂਗ ਪੂਜਦੇ ਹੋਂ’? ਇਸ ’ਤੇ ਸੁਨੀਲ ਨੇ ਜਵਾਬ ਦਿੱਤਾ, ‘ਸਰ, ਸ਼ੀਲਾ ਗਵਾਹ ਹੈ। ਮੇਰੇ ਪਿਤਾ ਜੀ ਨਹੀਂ ਹਨ। ਮਾਂ ਹੈ, ਮੈਂ ਉਸ ਦੀ ਪੂਜਾ ਕਰਦਾ ਹਾਂ। ਸ਼ੀਲਾ ਦੇ ਮਾਤਾ-ਪਿਤਾ ਨੂੰ ਵੀ ਪੂਰਾ ਸਤਿਕਾਰ ਦਿੰਦਾ ਹਾਂ। ਪਰ ਸ਼ੀਲਾ ਮੇਰੀ ਮਾਂ ਨੂੰ...।’ ਇਹ ਕਹਿੰਦਿਆਂ ਸੁਨੀਲ ਦਾ ਗੱਚ ਭਰ ਆਇਆ। ਸ਼ੀਲਾ ਕੁਝ ਨਹੀਂ ਬੋਲੀ। ਜੱਜ ਸਾਹਿਬ ਨੇ ਫਿਰ ਸ਼ੀਲਾ ਵੱਲ ਮੂੰਹ ਕਰ ਕੇ ਕਿਹਾ, ‘ਭਲਾ, ਜੇ ਤੁਹਾਡੇ ਮਾਤਾ-ਪਿਤਾ ਨੂੰ ਇੱਥੇ ਤੁਹਾਡੇ ਕੋਲ ਰਹਿਣਾ ਪੈ ਜਾਵੇ ਤੇ ਸੁਨੀਲ ਮੱਥੇ ਵੱਟ ਪਾਵੇ। ਉਨ੍ਹਾਂ ਦਾ ਭੋਰਾ ਖ਼ਿਆਲ ਨਾ ਰੱਖੇ। ਤਾਂ ਤੁਹਾਨੂੰ ਕਿੰਝ ਲੱਗੇਗਾ’? ਸ਼ੀਲਾ ਕੁਝ ਨਹੀਂ ਬੋਲੀ। ਉਸ ਦੇ ਨੈਣਾਂ ਦੇ ਕੋਹਿਆਂ ਵਿੱਚ ਹੰਝੂ ਅਤੇ ਚਿਹਰੇ ’ਤੇ ਪਛਤਾਵੇ ਦੇ ਚਿੰਨ੍ਹ ਸਨ।

ਜੱਜ ਨੇ ਕੈਬਿਨ ਵਾਲੀ ਕੁਰਸੀ ਤੋਂ ਉੱਠਦਿਆਂ ਕਿਹਾ, ‘ਤੁਸੀਂ ਕੈਬਿਨ ਵਿੱਚ ਕੁਝ ਦੇਰ ਬੈਠੋ। ਮੈਂ ਅਗਲੇ ਕੇਸ ਦੀ ਸੁਣਵਾਈ ਕਰ ਲਵਾਂ।’ ਜੱਜ ਸਾਹਿਬ ਦੇ ਜਾਣ ਬਾਅਦ ਸ਼ੀਲਾ ਨੇ ਚੁੱਪ ਤੋੜੀ, ‘ਤੁਸੀਂ ਆਪਣਾ ਹਾਲ ਕੀ ਬਣਾ ਰੱਖਿਐ? ਦਿਨਾਂ ’ਚ ਹੀ ਸ਼ਕਲ-ਸੂਰਤ ਵਿਗੜ ਗਈ। ਆਪਣਾ ਤੇ ਮੰਮੀ ਦਾ ਖ਼ਿਆਲ ਰੱਖੋ। ਮੈਂ...।’ ਉਹ ਅਗਾਂਹ ਕੁਝ ਕਹਿਣਾ ਚਾਹੁੰਦੀ ਸੀ ਪਰ ਉਸ ਦਾ ਗੱਚ ਭਰ ਆਇਆ। ਸੁਨੀਲ ਨੇ ਡਾਹਢੇ ਹੀ ਮੋਹ ਨਾਲ ਉਸ ਦਾ ਹੱਥ ਫੜਦਿਆਂ ਕਿਹਾ, ‘ਤੇਰਾ ਘਰ ਤੇਰੀ ਉਡੀਕ ਕਰ ਰਿਹਾ ਹੈ। ਤੇਰੇ ਬਿਨਾਂ ਘਰ ਦੀ ਰੌਣਕ ਹੀ ਗੁੰਮ ਹੋ ਗਈ ਹੈ।’ ਸ਼ੀਲਾ ਨੇ ਉਸ ਦੇ ਦੋਨੋਂ ਹੱਥ ਘੁੱਟ ਕੇ ਫੜਦਿਆਂ ਕਿਹਾ, ‘ਸੱਚੀਂ ਤੁਸੀਂ ਮੇਰਾ ਸੰਸਾਰ ਹੋਂ। ਤੁਹਾਡੇ ਬਿਨਾਂ...।’ ਦੋਨਾਂ ਦੇ ਹੰਝੂ ਇੱਕ-ਦੂਜੇ ਦੀਆਂ ਤਲੀਆਂ ’ਤੇ ਪੈ ਰਹੇ ਸਨ।

ਥੋੜ੍ਹੀ ਦੇਰ ਬਾਅਦ ਜੱਜ ਸਾਹਿਬ ਕੈਬਿਨ ਵਿੱਚ ਆਏ। ਦੋਵਾਂ ਦੇ ਮੁਸਕਰਾਉਂਦੇਚਿਹਰੇ ਵੇਖ ਕੇ ਉਸ ਨੇ ਸਭ ਕੁਝ ਭਾਂਪ ਲਿਆ। ਦੋਵਾਂ ਨੇ ਖੜ੍ਹੇ ਹੋ ਕੇ ਹੱਥ ਜੋੜਦਿਆਂ ਕਿਹਾ, ‘ਸਰ ਸਾਡਾ ਸਮਝੌਤਾ ਹੋ ਗਿਆ ਹੈ।’ ਸ਼ੀਲਾ ਨੇ ਗੱਲ ਨੂੰ ਅਗਾਂਹ ਤੋਰਦਿਆਂ ਕਿਹਾ, ‘ਸਰ ਤੁਹਾਡੇ ਨਾਲ ਵਾਅਦਾ ਕਰਦੀ ਹਾਂ ਕਿ ਮੈਂ ਇਨ੍ਹਾਂ ਨੂੰ ਕੋਈ ਸ਼ਿਕਾਇਤ ਦਾ ਮੌਕਾ ਨਹੀਂ ਦੇਵਾਂਗੀ। ਆਪਣੀ ਸੱਸ ਦੀ ਮਾਂ ਵਾਂਗ ਸੇਵਾ ਕਰਾਂਗੀ।’ ਦੋਨੋਂ ਮੁਸਕਰਾਉਂਦੇ ਹੋਏ ਕੈਬਿਨ ਵਿੱਚੋਂ ਬਾਹਰ ਨਿਕਲੇ। ਜੱਜ ਨੇ ਆਪਣੇ ਫ਼ੈਸਲੇ ਵਿੱਚ ਸਮਝੌਤੇ ਦੀ ਸਹੀ ਪਾ ਦਿੱਤੀ। ਸੁਨੀਲ ਤੇ ਸ਼ੀਲਾ ਜਦੋਂ ਇੱਕ-ਦੂਜੇ ਦਾ ਹੱਥ ਫੜ ਕੇ ਮੁਸਕਰਾਉਂਦੇ ਹੋਏ ਅਦਾਲਤ ਤੋਂ ਬਾਹਰ ਨਿਕਲੇ ਤਾਂ ਜੱਜ ਆਸ਼ੀਰਵਾਦ ਭਰੀਆਂ ਨਜ਼ਰਾਂ ਨਾਲ ਉਨ੍ਹਾਂ ਵੱਲ ਵੇਖ ਰਿਹਾ ਸੀ।

ਮਿੰਨੀ ਕਹਾਣੀ

## ਮਜ਼ਦੂਰ ਦਿਵਸ

ਜਤਿੰਦਰ ਮੋਹਨ

ਅਪ੍ਰੈਲ ਦਾ ਆਖ਼ਰੀ ਹਫ਼ਤਾ ਚੱਲ ਰਿਹਾ ਸੀ। ਗਰਮੀ ਨੇ ਆਪਣਾ ਜ਼ੋਰ ਦਿਖਾਉਣਾ ਸ਼ੁਰੂ ਕਰ ਦਿੱਤਾ। ਕਣਕ ਦੀ ਆਮਦ ਜ਼ੋਰਾਂ ’ਤੇ ਹੋਣ ਕਰਕੇ ਮਜ਼ਦੂਰ ਬਹੁਤ ਹੀ ਰੁੱਝੇ ਹੋਏ ਸਨ। ਕਣਕ ਦਾ ਸੀਜ਼ਨ ਹੋਣ ਕਰਕੇ ਸ਼ਹਿਰ ਵਿੱਚ ਆਉਣ ਵਾਲੇ ਮਜ਼ਦੂਰਾਂ ਦੀ ਗਿਣਤੀ ਵੀ ਘਟ ਗਈ ਸੀ ਕਿਉਂਕਿ ਪਿੰਡਾਂ ਵਾਲੇ ਮਜ਼ਦੂਰ ਸਾਲ ਭਰ ਦੀ ਕਣਕ ਇਕੱਠੀ ਕਰਨ ਲਈ ਪਿੰਡਾਂ ਵਿੱਚ ਹੀ ਮਜ਼ਦੂਰੀ ਕਰ ਰਹੇ ਸਨ। ਜਿਉਂ ਜਿਉਂ ਹਾੜ੍ਹੀ ਦਾ ਸੀਜ਼ਨ ਘਟਦਾ ਗਿਆ, ਸ਼ਹਿਰ ਵਿੱਚ ਆਉਣ ਵਾਲੇ ਮਜ਼ਦੂਰਾਂ ਦੀ ਗਿਣਤੀ ਵਧ ਗਈ।

ਕਹਿੰਦੇ ਹਨ ਕਿ ਹਰ ਵਰਗ ਦਾ ਆਪਣਾ ਆਪਣਾ ਦਿਨ ਹੁੰਦਾ ਹੈ। ਗੁਰੂਆਂ, ਪੀਰਾਂ, ਫ਼ਕੀਰਾਂ ਅਤੇ ਦੇਵੀ ਦੇਵਤਿਆਂ ਦੇ ਦਿਨ ਵੀ ਵੱਖ-ਵੱਖ ਹਨ। ਇਸ ਤਰ੍ਹਾਂ ਮਜ਼ਦੂਰ ਨੂੰ ਵੀ ਇਹ ਦਿਨ ਮਿਲਿਆ ਹੋਇਆ ਹੈ, ਭਾਵ ਇੱਕ ਮਈ, ਮਜ਼ਦੂਰ ਦਿਵਸ। ਮਜ਼ਦੂਰ ਦਿਵਸ ਮਨਾਉਣ ਲਈ ਇੱਕ ਦਿਨ ਪਹਿਲਾਂ ਹੀ ਪਰਚੀਆਂ ਕੱਟੀਆਂ ਜਾਣ ਲੱਗੀਆਂ ਤਾਂ ਕਿ ਇਸ ਦਿਨ ਨੂੰ ਪੂਰੀ ਸ਼ਾਨੋ ਸ਼ੌਕਤ ਨਾਲ ਮਨਾਇਆ ਜਾ ਸਕੇ ਅਤੇ ਮਜ਼ਦੂਰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਸਕਣ।

ਮਜ਼ਦੂਰ ਦਿਵਸ ਵੀ ਆ ਗਿਆ। ਦਾਣਾ ਮੰਡੀ ਵਿੱਚ ਬਹੁਤ ਵੱਡਾ ਇਕੱਠ ਹੋਇਆ। ਬਹੁਤ ਸਾਰੇ ਬੁਲਾਰਿਆਂ ਨੇ ਆਪਣੇ ਭਾਸ਼ਣਾਂ ਰਾਹੀਂ ਆਪਣਾ ਗਲਾ ਸਾਫ਼ ਕੀਤਾ ਤੇ ਮਜ਼ਦੂਰਾਂ ਨੂੰ ਚੌਕਸ ਕੀਤਾ ਕਿ ਸੰਘਰਸ਼ ਹੀ ਜ਼ਿੰਦਗੀ ਹੈ। ਜੇਕਰ ਸੰਘਰਸ਼ ਨਹੀਂ ਕਰੋਗੇ ਤਾਂ ਖ਼ਤਮ ਹੋ ਜਾਉਗੇ। ਏਨਾ ਕਹਿਣ ’ਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਦੀ ਗੂੰਜ ਪੈ ਗਈ। ਚਾਰੇ ਪਾਸੇ ਮਜ਼ਦੂਰਾਂ ਦੀ ਜੈ ਜੈ ਕਾਰ ਹੋ ਰਹੀ ਸੀ। ਸਪੀਕਰਾਂ ਦੀ ਕੰਨ ਪਾੜਵੀਂ ਆਵਾਜ਼ ਸੁਣ ਕੇ ਬਾਬੂ ਬਿਸ਼ਨ ਮੱਲ ਵੀ ਉੱਥੇ ਰੁਕ ਗਿਆ। ਬਿਸ਼ਨ ਮੱਲ ਨੂੰ ਦੇਖ ਕੇ ਮੈਂ ਵੀ ਉੱਥੇ ਰੁਕ ਗਿਆ। ਉਸ ਨੇ ਆਪਣੇ ਦੋਸਤ ਦੁਕਾਨਦਾਰ ਉੱਤਮ ਸਿੰਘ ਨੂੰ ਪੁੱਛਿਆ, “ਆਹ ਰੌਲਾ ਜਿਹਾ ਕੀ ਪਾਈ ਜਾਂਦੇ ਨੇ?”

“ਬਾਬੂ ਜੀ, ਇਹ ਮਜ਼ਦੂਰ ਇਕੱਠੇ ਹੋਏ ਨੇ।”

“ਕਾਹਦੇ ਵਾਸਤੇ ਇਕੱਠੇ ਹੋਏ ਨੇ?”

“ਅੱਜ ਮਜ਼ਦੂਰ ਦਿਵਸ ਐ ਜੀ।”

“ਓਹੋ, ਯਾਦ ਹੀ ਨਹੀਂ ਰਿਹਾ।”

ਇਹ ਕਹਿ ਕੇ ਉਸ ਨੇ ਮੂੰਹ ’ਤੇ ਹੱਥ ਫੇਰਿਆ ਜਿਵੇਂ ਉਸ ਨੂੰ ਇਹ ਯਾਦ ਨਹੀਂ ਸੀ ਕਿ ਮਜ਼ਦੂਰ ਦਿਵਸ ਕਾਰਨ ਹੀ ਉਹ ਅੱਜ ਛੁੱਟੀ ਮਨਾ ਰਿਹਾ ਹੈ। ਆਪਣੇ ਸਕੂਟਰ ਨੂੰ ਅੱਗੇ ਤੋਰਨ ਤੋਂ ਪਹਿਲਾਂ ਬਾਬੂ ਬਿਸ਼ਨ ਮੱਲ ਬੋਲਿਆ, “ਐਵੇਂ ਭਕਾਈ ਮਾਰੀ ਜਾਂਦੇ ਨੇ, ਕਿਹੜੇ ਮਜ਼ਦੂਰ ਦਿਵਸ ਨੇ, ਐਵੇਂ ਵਿਹਲੜ ਇਕੱਠੇ ਹੋਏ ਨੇ।”



ਬਾਬੂ ਬਿਸ਼ਨ ਮੱਲ ਦੀ ਗੱਲ ਸੁਣ ਕੇ ਉੱਤਮ ਸਿੰਘ ਹੱਸ ਪਿਆ। ਸ਼ਾਇਦ ਉਹ ਵੀ ਉਸ ਦੀ ਹਾਂ ਵਿੱਚ ਹਾਂ ਮਿਲਾ ਰਿਹਾ ਸੀ। ਉਨ੍ਹਾਂ ਦੀ ਇਹ ਗੱਲ ਸੁਣ ਕੇ ਮੈਨੂੰ ਝਟਕਾ ਜਿਹਾ ਲੱਗਿਆ, ਪਰ ਮੈਂ ਮੂੰਹੋਂ ਕੁਝ ਨਾ ਬੋਲਿਆ।

ਸ਼ਾਮ ਦਾ ਵੇਲਾ ਸੀ। ਸਾਢੇ 7 ਵੱਜ ਚੁੱਕੇ ਸਨ। ਮੈਂ ਸ਼ਹਿਰ ਤੋਂ ਵਾਪਸ ਆ ਰਿਹਾ ਸੀ ਤਾਂ ਮੇਰੇ ਪਿੰਡ ਦਾ ਮਜ਼ਦੂਰ ਜੰਟਾ ਸਿੰਘ ਪਸੀਨੇ ਨਾਲ ਇੰਝ ਚੋਅ ਰਿਹਾ ਸੀ ਜਿਵੇਂ ਉਹ ਹੁਣੇ ਹੁਣੇ ਨਹਿਰ ਵਿੱਚੋਂ ਨਿਕਲਿਆ ਹੋਵੇ। ਉਹ ਕਿਸੇ ਨੂੰ ਕੱਖਾਂ ਦੀ ਭਰੀ ਚੁਕਾਉਣ ਲਈ ਉਡੀਕ ਰਿਹਾ ਸੀ। ਉਸ ਨੇ ਮੈਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਮੈਂ ਆਪਣਾ ਸਕੂਟਰ ਰੋਕ ਲਿਆ। ਪਸੀਨੇ ਨਾਲ ਭਿੱਜੇ ਉਸ ਦੇ ਕੱਪੜਿਆਂ ਵਿੱਚੋਂ ਉਸ ਦਾ ਸਰੀਰ ਸਾਫ਼ ਨਜ਼ਰ ਆ ਰਿਹਾ ਸੀ। ਉਸ ਦੇ ਕੱਪੜੇ ਮਿੱਟੀ ਨਾਲ ਲਿੱਬੜੇ ਹੋਏ ਸਨ। ਇਹ ਦੇਖ ਕੇ ਮੈਨੂੰ ਮਜ਼ਦੂਰ ਦਿਵਸ ਯਾਦ ਆ ਗਿਆ। ਮੈਂ ਉਸ ਨੂੰ ਭਰੀ ਚੁਕਾਉਣ ਤੋਂ ਪਹਿਲਾਂ ਹੀ ਪੁੱਛਿਆ, “ਜੰਟਿਆ, ਅੱਜ ਤਾਂ ਮਜ਼ਦੂਰ ਦਿਵਸ ਐ?”

“ਕਿਹੜਾ ਮਜ਼ਦੂਰ ਦਿਵਸ ਸ਼ਰਮਾ ਜੀ? ਕਦੇ ਮਜ਼ਦੂਰਾਂ ਦੇ ਵੀ, ਮਜ਼ਦੂਰ ਦਿਵਸ ਹੋਏ ਨੇ?”

“ਅੱਜ ਕਿਵੇਂ ਲੇਟ ਹੋ ਗਿਆ?” ਮੈਂ ਗੱਲ ਦੂਜੇ ਪਾਸੇ ਲਿਜਾਣ ਲਈ ਪੁੱਛਿਆ।

“ਬਸ ਜੀ, ਓਵਰ ਟੈਮ ਲਾ ਲਿਆ ਪਰ ਮੈਨੂੰ ਪਤਾ ਸੀ ਬਈ ਪਸ਼ੂ ਭੁੱਖੇ ਹੋਣਗੇ ਤਾਂ ਹੀ ਮੈਂ ਕੱਖ ਵੱਢਣ ਲੱਗ ਪਿਆ। ਮੈਂ ਕਿਹਾ ਜਾਂਦਾ ਜਾਂਦਾ ਦੋ ਥੱਬੇ ਕੱਖਾਂ ਦੇ ਹੀ ਵੱਢ ਲਵਾਂ।”

ਮੈਂ ਉਸ ਨੂੰ ਭਰੀ ਚੁਕਵਾਈ ਤੇ ਮੈਨੂੰ ਮਜ਼ਦੂਰ ਦਿਵਸ ਦੀ ਅਹਿਮੀਅਤ ਦਾ ਗਿਆਨ ਹੋ ਗਿਆ।

# ਕਾਵਿ ਸੰਸਾਰ



## ਸਮਾਂ

ਡਾ. (ਆਨਰੇਰੀ). ਸੁਰਿੰਦਰਪਾਲ ਸਿੰਘ



ਸਮੇਂ ਦੀ ਨਿਰੰਤਰ ਚਾਲ ਨਾ ਕਦੇ ਇਹ ਰੁੱਕਦੀ
ਸਮਾਂ ਬੀਤਦਾ ਲੇਖਾ ਦੀ ਸਿਆਹੀ ਨਾ ਸੁੱਕਦੀ।
ਜੀਵਨ ਪੰਧ ਤੇ ਵਕਤ ਦਾ ਪੱਕਾ ਪਹਿਰਾ
ਦੁੱਖ ਸੁੱਖ ਦਾ ਸਮੇਂ ਨਾਲ ਹੁੰਦਾ ਮੋਹ ਗਹਿਰਾ॥
ਨਾ ਰਾਜਿਆਂ ਮਹਾਰਾਜਿਆਂ ਨੇ ਵਕਤ ਬੰਨਿਆਂ
ਨਾ ਰੰਕਾਂ ਨੇ ਕਾਲ ਰੂਪ ਸਮੇਂ ਦਾ ਗੜ੍ਹ ਭੰਨਿਆਂ।
ਹਰ ਪਦਾਰਥ ਦੀ ਉਤਪਤੀ ਦਾ ਸਮਾਂ ਹੈ ਤੈਅ
ਮੌਤ ਦੀ ਤਾਲ ਦੀ ਸਮੇਂ ਨਾਲ ਹੁੰਦੀ ਪੂਰੀ ਲੈਅ॥
ਸਮੇਂ ਨੇ ਦੁਸ਼ਮਣਾਂ ਨੂੰ ਧੁਰ ਦਰਗਾਹ ਪਹੁੰਚਾਇਆ
ਸੱਜਣਾਂ ਦੇ ਜੀਵਨ ਦਾ ਬਲਦਾ ਦੀਪਕ ਬੁਝਾਇਆ।
ਸਮੇਂ ਨੇ ਸਮੇਂ ਨੂੰ ਨੂੜ ਆਪਣਾ ਦਾਸ ਬਣਾਇਆ
ਸਮੇਂ ਦੇ ਗਰਭ ਵਿੱਚ ਆਦਿ ਅੰਤ ਦਾ ਸਮਾਂ ਸਮਾਇਆ॥
ਘੜੀਆਂ ਬੀਤਦੀਆਂ ਦਿਨ ਬਣ ਗਈਆਂ ਬੀਤ
ਦਿਨ ਬਣੇ ਹਫ਼ਤੇ, ਹਫ਼ਤੇ ਮਹੀਨੇ ਮੁੜ ਇਹੀ ਗੀਤ।
ਮਹੀਨਿਆਂ ਦੇ 12 ਅੰਕਾਂ ਨਾਲ ਬਣੇ ਧਰਤ ਦਾ ਸਾਲ
ਵੇਲਾ ਸਾਂਭ ਕਰ ਬੰਦਗੀ ਚੜ੍ਹਦਾ ਆਉਂਦਾ ਕਾਲ॥

## ਪਾਣੀਆਂ ਨੂੰ ਪੁਕਾਰ

ਸ਼ੇਖਰ ਤਲਵੰਡੀ

ਮੁੱਢੋਂ ਪਾਈ ਬੰਦੇ ਨਾਲ, ਸਾਂਝ ਤੂੰ ਨਿਭਾਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।
ਤੇਰੇ ਕੰਢੇ ਆਦਮ ਨੇ, ਪਹਿਲੀ ਝੁੱਗੀ ਪਾਈ ਸੀ।
ਵਰ੍ਹਿਆ ਤੂੰ ਨੂਰ ਬਣ, ਦੁਨੀਆਂ ਤਿਹਾਈ ਸੀ।
ਕਲ਼ ਕਲ਼ ਆਪਣੀ ਤੂੰ, ਫੇਰ ਤੋਂ ਸੁਣਾਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।
ਬਾਲ ਦੀਵੇ ਲੋਕ ਤੇਰੀ, ਆਰਤੀ ਉਤਾਰਦੇ।
ਦੇ ਦੇ ਕੇ ਜ਼ਹਿਰ ਉਹੀ, ਪਾਪੀ ਤੈਨੂੰ ਮਾਰਦੇ।
ਸਾਹ ਪਾਉਣਿਆਂ! ਤੂੰ ਸਾਹ, ਆਪਣੇ ਬਚਾਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।
ਬੇਘਰ ਕੀਤਾ ਤੈਨੂੰ, ਧਰਤ ਨਿਚੋੜ ਕੇ।
ਗੁੰਮ ਸਿਰਨਾਵਾਂ ਮੈਂ, ਲਿਆਵਾਂ ਕਿੱਥੋਂ ਮੋੜ ਕੇ।
ਆਉਣਾ ਏ ਮਨਾਉਣ ਜ਼ਰਾ, ਪਤਾ ਤੂੰ ਲਿਖਾਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।
ਬਣ ਜਾਵੀਂ ਨਾ ਸਫ਼ਾ, ਇਤਿਹਾਸ ਦੀ ਕਿਤਾਬ ਦਾ।
ਜੇ ਤੂੰ ਨਾ ਹੋਇਆ, ਕੀ ਬਣੂ ਪੰਜ ਆਬ ਦਾ।
ਵਗੀਂ ਵਹਿਣ ਆਪਣੇ, ਅੱਖਾਂ 'ਚੋਂ ਨਾ ਆਈਂ ਵੇ।
ਪਾਣੀਆਂ ਤੂੰ ਸਾਨੂੰ 'ਕੱਲੇ ਛੱਡ ਕੇ ਨਾ ਜਾਈਂ ਵੇ।

## ਕਾਂ ਵਾਲੜੀ

ਗੁਰਿੰਦਰ ਸਿੰਘ ਸੰਧੂਆਂ

ਨਵੀਂ ਕਹਾਣੀ ਕਾਂ ਵਾਲੜੀ ਤੁਸੀਂ ਭਰਾਵੋ ਸੁਣ ਲਓ।
ਡੂੰਘੇ ਹੋਗੇ ਨੀਰ ਵੀਰਨੋ ਨਵਾਂ ਤਰੀਕਾ ਚੁਣ ਲਓ।
ਜਲਾਂ ਬਾਝੋਂ ਪੰਛੀ ਤੜਫ਼ਣ ਹੋਗੀ ਅਜਬ ਕਹਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ, ਤੜਫ਼ੂ ਜਿੰਦ ਨਿਮਾਣੀ।
ਜਲ ਦੇ ਵੈਰੀ ਤੁਸੀਂ ਬਣ ਗਏ ਕਹਿ ਕਹਿ ਥੱਕੇ ਗਿਆਨੀ।
ਖਿੱਚੀ ਜਾਂਦੇ ਧਰਤ 'ਚੋਂ ਪਾਣੀ ਲੱਗਦੀ ਨਹੀਂ ਦੁਆਨੀ।
ਇੱਕ ਦਿਨ ਤੈਨੂੰ ਹਰਨਾ ਪੈਣਾ ਜੇ ਨਾ ਗੱਲ ਪਛਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।
ਫਸਲੀ ਚੱਕਰ ਵਿਗੜਿਆ ਸਾਡਾ ਝੋਰਾ ਏਸੇ ਗੱਲ ਦਾ।
ਵਿੱਚ ਦੇਸ਼ ਦੇ ਕੰਮ ਨੀ ਕਰਦੇ ਹੋਇਆ ਵਿਦੇਸ਼ੀ ਵੱਲ ਦਾ।
ਪਸ਼ੂ ਜੀਵ ਤਾਂ ਵਿੱਚ ਇਸ਼ਾਰੇ ਦੱਸਦੇ ਜਗਤ ਪ੍ਰਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।
ਵਿੱਚ ਘੜੇ ਦੇ ਕੰਕਰ ਪਾ ਕੇ ਪਾਣੀ ਬਾਹਰ ਨ ਆਵੇ।
ਭੁੱਖ ਦੇ ਨਾਲ ਸਤਾਇਆ ਪੰਛੀ ਲਾੜ੍ਹੀ ਮੌਤ ਵਿਹਾਵੇ।
ਬੜਾ ਕੀਮਤੀ ਸੋਮਾ ਸਾਡਾ ਮੁੱਕਦਾ ਜਾਵੇ ਪਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।
ਪੀਰ ਪੈਗੰਬਰ ਪਹਿਲੇ ਸਮਿਆਂ ਤੀਰਥ ਨਾਵਣ ਜਾਂਦੇ।
ਸੌ ਰੋਗਾਂ ਦੀ ਇੱਕ ਸੀ ਦਾਰੂ ਜੜੀ ਬੂਟੀਆਂ ਖਾਂਦੇ।
ਜਲ ਜੀਵਨ ਆਧਾਰ ਜਗਤ 'ਤੇ ਵਰਤਣ ਚਾਰੇ ਖਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।
ਪੰਜ ਤੱਤ ਤੋਂ ਬੁੱਤ ਸਾਜਿਆ ਇਹ ਮਿੱਟੀ ਦੀ ਢੇਰੀ।
ਮਾਨਸ ਜਨਮ ਅਮੋਲਕ ਹੀਰਾ ਮੁੜ ਨੀ ਪਾਉਣੀ ਫੇਰੀ।
ਹਵਾ ਪਾਣੀ ਜਦੋਂ ਵਿਗੜਦੇ ਉਲਝ ਜਾਂਵਦੀ ਤਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।
ਆਖ਼ਰ ਦੇ ਵਿੱਚ ਅਰਜ਼ ਹਮਾਰੀ ਹੱਥ ਅਕਲ ਨੂੰ ਮਾਰੋ।
ਹੋਸ਼ ਟਿਕਾਣੇ ਰੱਖ ਕੇ ਭਾਈ ਸਾਰੇ ਗੱਲ ਵਿਚਾਰੋ।
ਬਿਨ ਪਾਣੀ ਦੇ ਤੜਫ਼ਦੀ ਵੇਖੀਂ ਜਲ ਦੀ ਸੁੰਦਰ ਰਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।
ਆਓ ਸਾਰੇ 'ਕੱਠੇ ਹੋ ਕੇ ਆਪਾਂ ਜਲ ਬਚਾਈਏ।
ਇੱਕ ਬੰਦੇ ਦਾ ਕੰਮ ਨਾ ਵੀਰੋ ਸਮਝੀਏ ਸਮਝਾਈਏ।
ਗੱਲ ਪਤੇ ਦੀ ਸੰਧੂਆਂ ਆਖੇ ਸੱਚੀ ਝੂਠ ਨਾ ਜਾਣੀ।
ਜਲ ਨਾ ਮਿਲਿਆ ਜਦੋਂ ਸੱਜਣੋਂ ਤੜਫ਼ੂ ਜਿੰਦ ਨਿਮਾਣੀ।

## ਰੁੱਖ ਧਰਤੀ 'ਤੇ ਸੁਰਗ ਬਣਾਉਂਦੇ

ਅਮਰਪ੍ਰੀਤ ਸਿੰਘ ਝੀਤਾ



ਜੇ ਮੈਂ ਦਿੰਦਾ ਡੇਟਾ ਹੁੰਦਾ,
ਮੈਨੂੰ ਹਰ ਘਰ ਲੋਕ ਲਗਾਉਂਦੇ।
ਪਰ ਮੈਂ ਦਿੰਦਾ ਸਾਫ਼ ਹਵਾ ਹਾਂ,
ਤਾਂ ਹੀ ਮੁੱਲ ਭੋਰਾ ਨਾ ਪਾਉਂਦੇ।
ਜੇ ਪੱਤ ਮੇਰੇ ਵਿਕਦੇ ਹੁੰਦੇ,
ਫਿਰ ਥਾਂ ਥਾਂ ਕਾਹਤੋਂ ਰੁਲਦੇ,
ਬੈਂਕਾਂ ਵਿੱਚ ਫਿਰ ਸਾਂਭੇ ਹੁੰਦੇ,
ਜਿਉਂ ਨੋਟ ਜਮ੍ਹਾਂ ਲੋਕ ਕਰਾਉਂਦੇ।
ਕਾਹਲ ਬੰਦੇ ਦੀ ਉਸ ਨੂੰ ਖਾਵੇ,
ਜਿਉਂ ਘੁਣ ਮੈਨੂੰ ਹੈ ਖਾਂਦਾ,
ਛਾਵੇਂ ਬਹਿ ਕੇ ਸੁਣ ਪੱਤਿਆਂ ਨੂੰ,
ਤੈਨੂੰ ਕੋਈ ਗੀਤ ਸੁਣਾਉਂਦੇ।
ਹੁੰਦੇ ਪੈਰ ਚੱਲਣ ਨੂੰ ਮੇਰੇ,
ਜਾਂ ਹੁੰਦਾ ਖੰਭਾਂ ਦਾ ਜੋੜਾ,
ਤੁਰ ਜਾਂਦਾ ਜਾਂ ਉੱਡ ਜਾਂਦਾ ਮੈਂ,
ਜਦ ਅੱਗ ਲਾਉਣ ਲੋਕੀਂ ਆਉਂਦੇ।
ਲੋੜ ਪਵੇ ਤਾਂ ਮੈਨੂੰ ਵਰਤੇਂ,
ਫਿਰ ਹੋਰ ਨਵਾਂ ਕਿਉਂ ਨਾ ਲਾਉਂਦੇ,
'ਅਮਰ' ਕਦੇ ਵੀ ਇਹ ਨਾ ਭੁੱਲਣਾ,
ਰੁੱਖ ਧਰਤੀ 'ਤੇ ਸੁਰਗ ਬਣਾਉਂਦੇ।

## ਅੱਜ ਦੇ ਲੀਡਰ

ਗੁਰਤੇਜ ਸਿੰਘ ਖੁਡਾਲ



ਹਾਲ ਦੇਖ ਲਓ, ਅੱਜ ਦੇ ਲੀਡਰਾਂ ਦਾ
ਇੱਕ ਦੂਜੇ ਨੂੰ ਮਿਹਣੇ ਮਾਰ ਰਹੇ ਨੇ,
ਲੋਕਾਂ ਲਈ ਕੋਈ ਕੰਮ ਨਹੀਂ ਕਰਦੇ,
ਬਸ ਗੱਲ਼ੀ ਬਾਤੀਂ ਸਾਰ ਰਹੇ ਨੇ,
ਇੱਕ ਦੂਜੇ ਦੇ ਫਰੋਲ ਕੇ ਪੋਤੜੇ,
ਫੋਕੀ ਵਾਹ ਵਾਹ ਕਰਾ ਰਹੇ ਨੇ,
ਮੁੱਦਿਆਂ ਦੀ ਇਹ ਗੱਲ ਨਹੀਂ ਕਰਦੇ,
ਬਸ ਐਵੇ ਹੀ ਵਕਤ ਲੰਘਾ ਰਹੇ ਨੇ
ਕੁਰਸੀ ਲਈ ਹੁੰਦੇ ਤਰਲੋ ਮੱਛੀ,
ਦਲ ਬਦਲ ਕੇ ਜਸ਼ਨ ਮਨਾ ਰਹੇ ਨੇ,
ਜਿੱਧਰ ਇਨ੍ਹਾਂ ਨੂੰ ਕੁਰਸੀ ਦਿਸਦੀ,
ਬਸ ਓਹੀ ਰਾਹ ਇਹ ਪੈ ਜਾਂਦੇ ਨੇ,
'ਖੁਡਾਲ' ਪਾਰਟੀ ਖੂਹ ਵਿੱਚ ਜਾਵੇ,
ਗਿਰਗਿਟ ਵਾਂਗੂ ਰੰਗ ਵਟਾ ਜਾਂਦੇ ਨੇ

## ਨਸ਼ਿਆਂ ਦਾ ਇਹ ਕਹਿਰ

ਕਰਮਜੀਤ ਕੌਰ



ਨਸ਼ਿਆਂ ਦਾ ਇਹ ਕਹਿਰ ਨੀ ਅੜੀਓ
ਮੇਰਾ ਸੋਹਣਾ ਸ਼ਹਿਰ ਨੀ ਅੜੀਓ,
ਭਰ ਗਿਆ ਨਾਲ ਜ਼ਹਿਰ ਨੀ ਅੜੀਓ,
ਨਸ਼ਿਆਂ ਦਾ ਇਹ ਕਹਿਰ ਨੀ ਅੜੀਓ।
ਮਾਂ ਦਾ ਪੁੱਤ, ਭੈਣ ਦਾ ਭਾਈ,
ਧੀ ਦਾ ਬਾਪ, ਕਿਸੇ ਦਾ ਮਾਹੀ,
ਡੁੱਬ ਗਿਆ ਇਸ ਨਹਿਰ ਨੀ ਅੜੀਓ,
ਨਸ਼ਿਆਂ ਦਾ ਇਹ ਕਹਿਰ ਨੀ ਅੜੀਓ।
ਆਓ ਪੰਜਾਬੀਓ! ਹਰ ਹੰਭਲਾ ਮਾਰਿਓ,
ਸ਼ੁਰੂ ਕਰੋ ਇੱਕ ਲਹਿਰ ਨੀ ਅੜੀਓ,
ਏਸ ਚਿੱਟੇ ਦੇ ਕਾਲੇ ਕਾਰੇ,
ਨਸ਼ਰ ਕਰੋ ਹਰ ਪਹਿਰ ਨੀ ਅੜੀਓ,
ਮੰਗੋ ਹਰ ਜੀਅ ਦੀ ਖ਼ੈਰ ਨੀ ਅੜੀਓ।

## .ਗ਼ਜ਼ਲ

ਬਲਵਿੰਦਰ 'ਬਾਲਮ'

ਅਪਣੇ ਹੰਝੂਆਂ ਦਾ ਸਿਰਨਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਸੁੱਕੇ ਰੁੱਖਾਂ ਹੇਠਾਂ ਛਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਤੇਰੇ ਸਾਹਾਂ ਦੀ ਖ਼ੁਸ਼ਬੂ ਵਿੱਚ ਜਿਹੜੀਆਂ ਗੁੰਮ ਹੋ ਗਈਆਂ ਨੇ,
ਚੰਨ ਦੇ ਚਾਨਣ ਵਿੱਚੋਂ ਰਾਹਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਲਟ-ਲਟ ਬਲਦੇ ਭਖਦੇ ਦੀਵੇ ਪਲ ਵਿੱਚ ਸ਼ਾਂਤ ਸੁਭਾਅ ਕੀਤੇ,
ਉਹ ਫਿਰ ਠੰਢੀਆਂ ਠਾਰ ਹਵਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਸਿਖ਼ਰ ਦੁਪਹਿਰਾਂ ਵਾਲਾ ਸੂਰਜ ਅੰਬਰ ਦੇ ਵਿੱਚ ਦਿਸਦਾ ਨਈਂ,
ਠੇਠ ਜਵਾਨੀ ਵਾਲੀਆਂ ਥਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਅੱਜ ਵੀ ਮੇਰੇ ਮਾਰੂਥਲ ਨੂੰ ਇੱਕ ਇੱਕ ਕਤਰਾ ਚੇਤੇ ਹੈ,
ਜੋ ਵਰ੍ਹੀਆਂ ਸੀ ਘੋਰ ਘਟਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਉੱਥੇ ਇੱਕ ਦਰਿਆ ਵਹਿੰਦਾ ਹੈ ਜਿਸ ਦਾ ਕੋਈ ਨਾਮ ਨਹੀਂ,
ਮਿਟੀਆਂ ਪੈੜਾਂ ਵਿੱਚੋਂ ਰਾਹਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਸਿਦਕ ਸਿਰੜ ਚੱਜ ਆਚਾਰ ਸੁਚੱਜੀ ਕਿਰਤ ਕਰੇ ਅਗਵਾਈ,
ਕਿੱਥੇ ਤੁਰ ਗਈਆਂ ਉਹ ਮਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਨਫ਼ਰਤ ਦੌਲਤ ਤੇ ਹੰਕਾਰ 'ਚ ਰਿਸ਼ਤੇ ਅੰਨ੍ਹੇ ਬੋਲੇ ਨੇ,
ਭੈਣ ਭਰਾਵਾਂ ਵਾਲੀਆਂ ਬਾਵ੍ਹਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਬਜ਼ੁਰਗ ਗਏ ਨੇ ਬਿਰਧਘਰਾਂ ਵਿੱਚ ਨਿਰਭਰ ਜੀਵਨ ਜੀਵਣ ਲਈ,
ਖਾਲੀ ਮਹਿਲਾਂ ਹੇਠ ਦੁਆਵਾਂ ਲੱਭ ਰਿਹਾ ਹਾਂ ਮੁੱਦਤ ਤੋਂ।
ਜਿਸ 'ਚੋਂ ਬੀਤੇ ਸਮਿਆਂ ਦਾ ਸਿਰਲਾਵਾਂ 'ਬਾਲਮ' ਵੇਖ ਸਕਾਂ,
ਮੇਰੇ ਸਨਮੁਖ ਹੋਣ ਨਿਗ੍ਹਾਵਾਂ ਲੱਭ ਰਿਹਾ ਹਾਂ ਮੁੱਦਤ ਤੋਂ।

## ਕਿਤੇ ਕੋਈ ਹੱਸ ਰਿਹਾ ਚਿਹਰਾ

ਪੋਰਿੰਦਰ ਸਿੰਗਲਾ



ਕਿਤੇ ਕੋਈ ਹੱਸ ਰਿਹਾ ਚਿਹਰਾ, ਕਿਤੇ ਕੋਈ ਰੋ ਰਿਹਾ ਚਿਹਰਾ,
ਕਿਸੇ ਨੇ ਲਾ ਲਈ ਮਹਿੰਦੀ, ਕਿਸੇ ਨੇ ਧੋ ਲਿਆ ਚਿਹਰਾ।
ਕਿਸੇ ਦੇ ਵਿਹੜੇ ਰੌਣਕ ਹੈ, ਕਿਸੇ ਦੇ ਘਰ ਵਿੱਚ ਹੈ ਮਾਤਮ,
ਕਿਸੇ ਦਾ ਗਾ ਰਿਹਾ ਚਿਹਰਾ, ਜ਼ਰਦ ਕੋਈ ਹੋ ਰਿਹਾ ਚਿਹਰਾ।
ਕਿਸੇ ਦੀ ਛਣਕ ਰਹੀ ਪਾਇਲ, ਕਿਸੇ ਦੀਆਂ ਗੁੰਮ ਨੇ ਸੱਧਰਾਂ,
ਕਿਸੇ ਦਾ ਸਜ ਰਿਹਾ ਚਿਹਰਾ, ਚਮਕ ਕੋਈ ਖੋ ਰਿਹਾ ਚਿਹਰਾ।
ਕਿਸੇ ਲਈ ਬਾਰਸ਼ ਹੈ ਆਨੰਦ, ਕਿਸੇ ਲਈ ਬਾਰਸ਼ ਆਫ਼ਤ ਹੈ,
ਕਿਸੇ ਦੇ ਹੋਠਾਂ 'ਤੇ ਸਰਗ਼ਮ, ਹੰਝੂ ਕੋਈ ਲੁਕੋ ਰਿਹਾ ਚਿਹਰਾ।
ਇਹ ਦੁਨੀਆ ਦਾ ਮੇਲਾ ਹੈ, ਇਹ ਜਗਤ ਤਮਾਸ਼ਾ ਹੈ,
ਕਿਤੇ ਕੋਈ ਹੱਸ ਰਿਹਾ ਚਿਹਰਾ, ਕਿਤੇ ਕੋਈ ਰੋ ਰਿਹਾ ਚਿਹਰਾ।



# ਖੇਡ ਪ੍ਰੇਮੀਆਂ ’ਤੇ ਚੜ੍ਹਿਆ ਫੀਫਾ ਵਿਸ਼ਵ ਕੱਪ ਦਾ ਖ਼ੁਮਾਰ

## ਮਹਿੰਗੀਆਂ ਟਿਕਟਾਂ ਅਤੇ ਯਾਤਰਾ ਪਾਬੰਦੀਆਂ ਦੇ ਬਾਵਜੂਦ 44 ਮੈਚਾਂ ’ਚ ਦਰਸ਼ਕਾਂ ਦੀ ਗਿਣਤੀ 2.85 ਮਿਲੀਅਨ ਨੂੰ ਟੱਪੀ

**ਫ਼ੀਫ਼ਾ ਦੇ ਅੰਕੜਿਆਂ ਅਨੁਸਾਰ, 44 ਮੈਚਾਂ ਤੋਂ ਬਾਅਦ ਕੁੱਲ ਹਾਜ਼ਰੀ 2.85 ਮਿਲੀਅਨ ਨੂੰ ਪਾਰ ਕਰ ਗਈ ਹੈ, ਸਟੇਡੀਅਮ ਔਸਤਨ 99.6% ਸਮਰੱਥਾ ਨਾਲ ਭਰੇ ਹੋਏ ਹਨ। ਮੌਜੂਦਾ ਗਤੀ ਨੂੰ ਦੇਖਦੇ ਹੋਏ, ਇਹ ਵਿਸ਼ਵ ਕੱਪ ਹਾਜ਼ਰੀ ਲਈ ਇੱਕ ਨਵਾਂ ਰਿਕਾਰਡ ਬਣਾ ਸਕਦਾ ਹੈ। ਪਿਛਲਾ ਰਿਕਾਰਡ 1994 ’ਚ ਅਮਰੀਕਾ ’ਚ ਹੋਏ ਵਿਸ਼ਵ ਕੱਪ ਦੌਰਾਨ ਸਥਾਪਤ ਕੀਤਾ ਗਿਆ ਸੀ, ਜਿਸ ’ਚ ਲਗਪਗ 3.6 ਮਿਲੀਅਨ ਦਰਸ਼ਕ ਆਏ ਸਨ।**

ਨਿਊਯਾਰਕ/ਏ.ਟੀ.ਨਿਊਜ਼ : ਅਮਰੀਕਾ ’ਚ ਚੱਲ ਰਹੇ ਫ਼ੀਫ਼ਾ ਵਿਸ਼ਵ ਕੱਪ 2026 ਬਾਰੇ ਸ਼ੁਰੂਆਤੀ ਖਦਸ਼ੇ ਬੇਬੁਨਿਆਦ ਜਾਪਦੇ ਹਨ। ਟਰੰਪ ਪ੍ਰਸ਼ਾਸਨ ਦੁਆਰਾ ਲਗਾਈਆਂ ਗਈਆਂ ਉੱਚ ਟਿਕਟਾਂ ਦੀਆਂ ਕੀਮਤਾਂ ਤੇ ਯਾਤਰਾ ਪਾਬੰਦੀਆਂ ਦੇ ਬਾਵਜੂਦ, ਟੂਰਨਾਮੈਂਟ ’ਚ ਭਾਰੀ ਭੀੜ ਆ ਰਹੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਨਾ ਸਿਰਫ਼ ਅਮਰੀਕਾ ਦੇ ਫ਼ੁੱਟਬਾਲ ਪ੍ਰਤੀ ਪਿਆਰ ਨੂੰ ਦਰਸਾਉਂਦਾ ਹੈ, ਸਗੋਂ ਸ਼ਾਨਦਾਰ ਸਮਾਗਮਾਂ ਲਈ ਜਨੂੰਨ ਨੂੰ ਵੀ ਦਰਸਾਉਂਦਾ ਹੈ।

ਫ਼ੀਫ਼ਾ ਦੇ ਅੰਕੜਿਆਂ ਅਨੁਸਾਰ, 44 ਮੈਚਾਂ ਤੋਂ ਬਾਅਦ ਕੁੱਲ ਹਾਜ਼ਰੀ 2.85 ਮਿਲੀਅਨ ਨੂੰ ਪਾਰ ਕਰ ਗਈ ਹੈ, ਸਟੇਡੀਅਮ ਔਸਤਨ 99.6% ਸਮਰੱਥਾ ਨਾਲ ਭਰੇ ਹੋਏ ਹਨ। ਮੌਜੂਦਾ ਗਤੀ ਨੂੰ ਦੇਖਦੇ ਹੋਏ, ਇਹ ਵਿਸ਼ਵ ਕੱਪ ਹਾਜ਼ਰੀ ਲਈ ਇੱਕ ਨਵਾਂ ਰਿਕਾਰਡ ਬਣਾ ਸਕਦਾ ਹੈ। ਪਿਛਲਾ ਰਿਕਾਰਡ 1994 ’ਚ ਅਮਰੀਕਾ ’ਚ ਹੋਏ ਵਿਸ਼ਵ ਕੱਪ ਦੌਰਾਨ ਸਥਾਪਤ ਕੀਤਾ ਗਿਆ ਸੀ, ਜਿਸ ’ਚ ਲਗਪਗ 3.6 ਮਿਲੀਅਨ ਦਰਸ਼ਕ ਆਏ ਸਨ। ਸੈਨ ਫ਼ਰਾਂਸਿਸਕੋ ਯੂਨੀਵਰਸਿਟੀ ਦੇ ਖੇਡ ਅਰਥ ਸ਼ਾਸਤਰ ਦੇ ਮਾਹਰ ਡੈਨ ਰਾਸ਼ਰ ਨੇ ਨੋਟ ਕੀਤਾ ਕਿ ਅਮਰੀਕੀ ਵੱਡੇ ਸਮਾਗਮਾਂ ਦਾ ਹਿੱਸਾ ਬਣਨਾ ਪਸੰਦ ਕਰਦੇ ਹਨ ਤੇ ਲੋਕ ਇਤਿਹਾਸਕ ਪਲਾਂ ਨੂੰ ਖੁਦ ਦੇਖਣਾ ਚਾਹੁੰਦੇ ਹਨ। ਇਸ ਦੌਰਾਨ ਕਾਲਜ ਆਫ਼ ਦ ਹੋਲੀ ਕਰਾਸ ਦੇ ਖੇਡ ਕਾਰੋਬਾਰ ਦੇ ਮਾਹਰ ਵਿਕਟਰ ਮੈਥੇਸਨ ਨੇ ਕਿਹਾ ਕਿ ਅਮਰੀਕੀ ਸਟੇਡੀਅਮਾਂ ਦਾ ਵਿਸ਼ਾਲ ਆਕਾਰ ਵੀ ਰਿਕਾਰਡ ਭੀੜ ਨੂੰ ਆਕਰਸ਼ਿਤ ਕਰਨ ’ਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

**ਉੱਚ ਟਿਕਟਾਂ ਦੀਆਂ ਕੀਮਤਾਂ ਪ੍ਰਸੰਸਕਾਂ ਨੂੰ ਰੋਕਣ ’ਚ ਅਸਫ਼ਲ:**

ਹਾਲਾਂਕਿ ਫ਼ੁੱਟਬਾਲ ਅਮਰੀਕਾ ’ਚ ਓਨਾ ਮਸ਼ਹੂਰ ਨਹੀਂ ਹੈ ਜਿੰਨਾ ਇਹ ਬ੍ਰਾਜ਼ੀਲ ਜਾਂ ਜਰਮਨੀ ਵਰਗੇ ਦੇਸ਼ਾਂ ’ਚ ਹੈ, ਪ੍ਰਸ਼ੰਸਕਾਂ ਦਾ ਉਤਸ਼ਾਹ ਅਜੇ ਵੀ ਘੱਟ ਨਹੀਂ ਹੋਇਆ ਹੈ। ਫ਼ੀਫ਼ਾ ਨੇ ਪਹਿਲੀ ਵਾਰ ਇੱਕ ਗਤੀਸ਼ੀਲ ਕੀਮਤ ਮਾਡਲ ਅਪਣਾਇਆ ਹੈ, ਜਿੱਥੇ ਟਿਕਟਾਂ ਦੀਆਂ ਕੀਮਤਾਂ ਮੰਗ ਦੇ ਆਧਾਰ ’ਤੇ ਉਤਰਾਅ-ਚੜ੍ਹਾਅ ਕਰਦੀਆਂ ਹਨ। ਉਦਾਹਰਣ ਵਜੋਂ ਪੈਰਾਗੁਏ ਤੇ ਆਸਟ੍ਰੇਲੀਆ ਵਿਚਾਲੇ ਮੈਚ ਲਈ ਆਖਰੀ ਮਿੰਟ ਦੀ ਟਿਕਟ ਦੀ ਕੀਮਤ 450 ਡਾਲਰ ਤੱਕ ਵੱਧ ਗਈ। ਟਿਕਟ ਰੀਸੇਲ ਮਾਰਕੀਟ ’ਚ ਕੀਮਤਾਂ ਹੋਰ ਵੀ ਵੱਧ ਸਨ। ਟਿਕਟ ਡਾਟਾ ਦੇ ਅਨੁਸਾਰ, ਕਿਸੇ ਵੀ ਮੈਚ ਲਈ ਸਭ ਤੋਂ ਸਸਤੀ ਰੀਸੇਲ ਟਿਕਟ ਦੀ ਔਸਤ ਕੀਮਤ 798 ਡਾਲਰ ਸੀ। ਹਾਲਾਂਕਿ ਆਲੋਚਨਾ ਦੇ ਵਿਚਾਲੇ ਫ਼ੀਫ਼ਾ ਨੇ ਕਿਹਾ ਕਿ ਕੀਮਤਾਂ ਬਾਜ਼ਾਰ ਦੀ ਮੰਗ ਦੇ ਅਨੁਸਾਰ ਨਿਰਧਾਰਤ ਕੀਤੀਆਂ ਗਈਆਂ ਸਨ ਤੇ 130,000 ਟਿਕਟਾਂ 60 ਡਾਲਰ ਦੀ ਦਰ ਨਾਲ ਮੁਹੱਈਆ ਕਰਵਾਈਆਂ ਗਈਆਂ ਸਨ।

**ਗਲੋਬਲ ਸਿਤਾਰਿਆਂ ਦਾ ਮਹੱਤਵਪੂਰਨ ਪ੍ਰਭਾਵ:**

ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕੀ ਖਪਤਕਾਰ ਪ੍ਰੀਮੀਅਮ ਖੇਡ ਸਮਾਗਮਾਂ ’ਤੇ ਖਰਚ ਕਰਨ ਲਈ ਤਿਆਰ ਹਨ। ਅਰਜਨਟੀਨਾ ਦੇ ਫ਼ੁੱਟਬਾਲਰ ਲਿਓਨ ਮੈਸੀ, ਪੁਰਤਗਾਲ ਦੇ ਕ੍ਰਿਸਟੀਆਨੋ ਰੋਨਾਲਡੋ ਤੇ ਫ਼ਰਾਂਸ ਦੇ ਕਾਇਲੀਅਨ ਐਮਬਾਪੇ ਵਰਗੇ ਗਲੋਬਲ ਸਿਤਾਰਿਆਂ ਕੋਲ ਆਪਣੇ ਬਲਬੂਤੇ ’ਤੇ ਹਜ਼ਾਰਾਂ ਦਰਸ਼ਕਾਂ ਨੂੰ ਆਕਰਸ਼ਿਤ ਕਰਨ ਦੀ ਸਮਰੱਥਾ ਹੈ।

**37,000 ਕਰੋੜ ਤੋਂ ਵੱਧ ਮਾਲੀਆ:**

ਫ਼ੀਫ਼ਾ ਦਾ ਅਨੁਮਾਨ ਹੈ ਕਿ ਟਿਕਟਾਂ ਦੀ ਵਿਕਰੀ ਤੇ ਪ੍ਰਾਹੁਣਚਾਰੀ ਅਧਿਕਾਰਾਂ ਤੋਂ ਮਾਲੀਆ 3 ਬਿਲੀਅਨ ਡਾਲਰ ਤੋਂ ਵੱਧ ਹੋਵੇਗਾ, ਜਦ ਕਿ ਕੁਝ ਮਾਹਰਾਂ ਦਾ ਮੰਨਣਾ ਹੈ ਕਿ ਇਹ ਅੰਕੜਾ 4 ਬਿਲੀਅਨ ਡਾਲਰ ਤੱਕ ਪਹੁੰਚ ਸਕਦਾ ਹੈ। ਇਸ ਦੇ ਮੁਕਾਬਲੇ ਫ਼ੀਫ਼ਾ ਨੇ 2022 ਵਿਸ਼ਵ ਕੱਪ ਤੋਂ ਲਗਪਗ 949 ਮਿਲੀਅਨ ਡਾਲਰ ਤੇ 2018 ’ਚ 712 ਮਿਲੀਅਨ ਡਾਲਰ ਪੈਦਾ ਕੀਤੇ।

# ਵਿਸ਼ਵ ਚੈਂਪੀਅਨ ਮੁੱਕੇਬਾਜ਼ ਸੋਨੀ ਲਿਸਟਨ


ਪ੍ਰਿੰ. ਸਰਵਣ ਸਿੰਘ
+1-905-779-1661



ਸੋਨੀ ਲਿਸਟਨ ਨੂੰ ਬੌਕਸਿੰਗ ਦਾ ‘ਵੱਡਾ ਰਿੱਛ’ ਕਿਹਾ ਜਾਂਦਾ ਸੀ। ਉਹ ਮੁੱਕੇਬਾਜ਼ੀ ਦਾ ਅਵੈੜਾ ਮੁੱਕੇਬਾਜ਼ ਸੀ। ਕਈ ਇਹ ਜਾਣ ਕੇ ਹੈਰਾਨ ਹੋਣਗੇ ਕਿ ਉਹ 26 ਭੈਣ/ਭਰਾਵਾਂ ’ਚ 25ਵਾਂ ਬੱਚਾ ਸੀ। ਐਨੇ ਬੱਚੇ ਆਪਸ ਵਿੱਚ ਹੀ ਮੁੱਕੋ-ਮੁੱਕੀ ਹੁੰਦੇ ਰਹਿੰਦੇ ਸਨ। ਜੁਰਮ ਕਰਨੇ ਤੇ ਮੁੜ ਮੁੜ ਜੇਲ੍ਹ ਜਾਣਾ ਸੋਨੀ ਲਿਸਟਨ ਦਾ ਬਚਪਨ ਤੋਂ ਸ਼ੌਕ ਸੀ। ਉਹ ਜਿੰਨੇ ਸਾਲ ਜੀਵਿਆ, ਜੇਲ੍ਹਾਂ ਨਾਲੋਂ ਨਾਤਾ ਨਾ ਤੋੜਿਆ। ਉਹਨੂੰ ਮੁੱਕੇਬਾਜ਼ੀ ਦੀ ਮੁੱਢਲੀ ਸਿਖਲਾਈ ਵੀ ਜੇਲ੍ਹ ਵਿੱਚੋਂ ਹੀ ਮਿਲੀ ਸੀ। ਉਹ ਪਹਿਲੀ ਵਾਰ 25 ਸਤੰਬਰ 1962 ਨੂੰ ਫਲੋਏਡ ਪੈਟਰਸਨ ਨੂੰ ਨਾਕ ਆਊਟ ਕਰ ਕੇ ਹੈਵੀਵੇਟ ਵਿਸ਼ਵ ਚੈਂਪੀਅਨ ਬਣਿਆ ਸੀ। ਉਹ ਪਹਿਲਾ ਮੌਕਾ ਸੀ ਜਦੋਂ ਕੋਈ ਹੈਵੀਵੇਟ ਵਿਸ਼ਵ ਚੈਂਪੀਅਨ ਤਿੰਨ ਮਿੰਟ ਤੋਂ ਘੱਟ ਸਮੇਂ ’ਚ ਕਿਸੇ ਮੁੱਕੇਬਾਜ਼ ਹੱਥੋਂ ‘ਨਾਕ ਆਊਟ’ ਹੋ ਗਿਆ ਹੋਵੇ!

ਸਾਲ 1963 ’ਚ ਉਹ ਦੁਬਾਰਾ ਵਿਸ਼ਵ ਚੈਂਪੀਅਨ ਬਣਿਆ ਤਾਂ 17 ਮਹੀਨੇ ਵਿਸ਼ਵ ਟਾਈਟਲ ਉਹਦੇ ਪਾਸ ਰਿਹਾ। 25 ਸਤੰਬਰ 1964 ਨੂੰ ਉਹ ਆਪਣੇ ਤੋਂ 10 ਸਾਲ ਛੋਟੇ ਕੈਸੀਅਸ ਕਲੇਅ ਤੋਂ ਹਾਰ ਗਿਆ। ਕੈਸੀਅਸ ਕਲੇਅ ਰੋਮ ਦੀਆਂ ਉਲੰਪਿਕ ਖੇਡਾਂ ਦਾ ਹੈਵੀਵੇਟ ਚੈਂਪੀਅਨ ਸੀ। ਉਦੋਂ ਉਹ ਮੁਹੰਮਦ ਅਲੀ ਨਹੀਂ ਸੀ ਬਣਿਆ। ਸੋਨੀ ਲਿਸਟਨ ਦੀ ਹੋਣੀ ਵੇਖੋ ਕਿ ਉਹ ਕੀਤੇ ਜੁਰਮਾਂ ਦੀਆਂ ਸਜ਼ਾਵਾਂ ਭੁਗਤਦਾ ਕੇਵਲ ਚਾਲੀ ਸਾਲ ਹੀ ਜਿਉਂ ਸਕਿਆ। ਉਹਦੀ ਮੌਤ ਭੇਤ ਭਰੀ ਹਾਲਤ ’ਚ ਹੋਈ ਜਿਸ ਦਾ ਪਤਾ ਹੀ ਹਫ਼ਤੇ ਬਾਅਦ ਲੱਗਿਆ।



ਸੋਨੀ ਲਿਸਟਨ ਦਾ ਕੱਦ 6 ਫ਼ੁੱਟ 1 ਇੰਚ ਤੇ ਮੁਹੰਮਦ ਅਲੀ ਦਾ 6 ਫ਼ੁੱਟ ਢਾਈ ਇੰਚ ਸੀ, ਪਰ ਦੋਹਾਂ ਦਾ ਵਜ਼ਨ ਇੱਕੋ ਜਿੰਨਾ 215 ਪੌਂਡ ਸੀ। ਸੋਨੀ ਲਿਸਟਨ ਦਾ ਜਨਮ 8 ਮਈ 1932 ਨੂੰ ਸੇਂਟ ਫਰਾਂਸਿਸ ਕਾਊਂਟੀ,ਅਰਕਾਂਸਸ, ਅਮਰੀਕਾ ਵਿੱਚ ਟੋਬ ਲਿਸਟਨ ਦੇ ਘਰ ਹੈਲਨ ਬਾਸਕਿਨ ਦੀ ਕੁੱਖੋਂ ਹੋਇਆ। ਹੈਲਨ ਬਾਸਕਿਨ, ਟੋਬ ਲਿਸਟਨ ਤੋਂ 30 ਸਾਲ ਛੋਟੀ ਸੀ। ਟੋਬ ਲਿਸਟਨ ਦੇ ਏਨੇ 26 ਬੱਚੇ ਹੋਣੇ ਹੈਰਾਨੀ ਪ੍ਰਗਟ ਕਰਦੇ ਹਨ, ਪਰ ਪੂਰਾ ਵੇਰਵਾ ਪੜ੍ਹ ਕੇ ਹੈਰਾਨੀ ਘਟ ਸਕਦੀ ਹੈ। ਇਹ ਤੱਥ ਜ਼ਰੂਰ ਹੈਰਾਨੀ ਪ੍ਰਗਟ ਕਰਦਾ ਹੈ ਕਿ ਅਜਿਹੇ ਪਿਛੋਕੜ ਵਾਲਾ ਬੱਚਾ ਵੀ ਵਿਸ਼ਵ ਚੈਂਪੀਅਨ ਬਣ ਸਕਦਾ ਹੈ।

ਸੋਨੀ ਦਾ ਰੰਗ ਸਾਂਵਲਾ ਸੀ, ਵਾਲ ਛੱਲੇਦਾਰ, ਦੰਦ ਮੋਤੀਆਂ ਵਰਗੇ ਤੇ ਜੁੱਸਾ ਮਸਕੁਲਰ ਸੀ। ਨੱਕ ਮੋਟਾ ਤੇ ਨਾਸਾਂ ਚੌੜੀਆਂ ਸਨ। ਹੱਥਾਂ ਦੀਆਂ ਉਂਗਲਾਂ ਵੀ ਅੰਗੂਠਿਆਂ ਵਾਂਗ ਮੋਟੀਆਂ ਸਨ। ਜਦੋਂ ਮੁੱਠਾਂ ਮੀਚਦਾ ਤਾਂ ਉਹਦੇ ਮੁੱਕੇ ਲੋਹੇ ਦੇ ਗੋਲੇ ਲੱਗਦੇ। ਪੇਸ਼ੇਵਰ ਮੁੱਕੇਬਾਜ਼ ਵਜੋਂ ਉਸ ਨੇ 54 ਭੇੜ ਭਿੜੇ ਜਿਨ੍ਹਾਂ ’ਚੋਂ 50 ਜਿੱਤੇ। ਉਨ੍ਹਾਂ ’ਚੋਂ 39 ਭੇੜ ਵਿਰੋਧੀ ਨੂੰ ਨਾਕ ਆਊਟ ਕਰ ਕੇ ਜਿੱਤੇ।ਟੋਬ ਲਿਸਟਨ ਸਖ਼ਤ ਸੁਭਾਅ ਦਾ ਸ਼ਰਾਬੀ ਬਾਪ ਸੀ। ਉਹ ਅਕਸਰ ਨਿਆਣਿਆਂ ਨੂੰ ਕੁੱਟਦਾ ਮਾਰਦਾ ਰਹਿੰਦਾ। ਸੋਨੀ ਨੂੰ ਸਗੋਂ ਵਧੇਰੇ ਕੁੱਟਦਾ। ਬਾਪ ਦੀ ਕੁੱਟਮਾਰ ਦੇ ਦਾਗ ਸੋਨੀ ਦੇ ਪਿੰਡੇ ’ਤੇ ਦਹਾਕਿਆਂ ਤੱਕ ਦਿਸਦੇ ਰਹੇ। ਸ਼ਾਇਦ ਇਹ ਬਚਪਨ ਤੇ ਅੱਲ੍ਹੜ ਅਵਸਥਾ ਦੀ ਕੁੱਟ-ਮਾਰ ਹੀ ਸੀ ਜਿਸ ਨੇ ਸੋਨੀ ਨੂੰ ਜੁਰਮ ਦੀ ਦੁਨੀਆ ’ਚ ਧੱਕਿਆ। ਪਹਿਲਾਂ ਉਹ ਸਾਧਾਰਨ ਜੁਰਮ ’ਚ ਜੇਲ੍ਹ ਜਾਣ ਵਾਲਾ ਸਾਧਾਰਨ ਮੁਜਰਮ ਬਣਿਆ, ਫਿਰ ਖ਼ਾਸ ਜੁਰਮ ’ਚ ‘ਖ਼ਾਸ’ ਬਣ ਗਿਆ। ਖ਼ਾਸ ਗੱਲ ਇਹ ਕਿ ਉਹ ਜੇਲ੍ਹ ’ਚ ਹੀ ਮੁੱਕੇਬਾਜ਼ੀ ਸਿੱਖ ਕੇ ਵਿਸ਼ਵ ਚੈਂਪੀਅਨ ਬਣਿਆ। ਸਾਲ 1946 ’ਚ ਸੋਨੀ ਦੀ ਮਾਂ ਵੱਡੇ ਬੱਚਿਆਂ ਨੂੰ ਲੈ ਕੇ ਫੈਕਟਰੀਆਂ ’ਚ ਕੰਮ ਕਰਨ ਸੇਂਟ ਲੂਈਸ ਚਲੀ ਗਈ। ਸੋਨੀ ਦੀ ਉਮਰ ਉਦੋਂ ਚੌਦਾਂ ਕੁ ਸਾਲਾਂ ਦੀ ਸੀ। ਉਹ ਹੋਰ ਕੁੱਟ ਖਾਣ ਲਈ ਪਿਓ ਕੋਲ ਹੀ ਰਹਿ ਗਿਆ। ਅਗਲੇ ਸਾਲ ਉਹ ਵੀ ਕਿਰਾਏ ਜੋਗੇ ਪੈਸੇ ’ਕੱਠੇ ਕਰ ਕੇ ਮਾਂ ਕੋਲ ਚਲਾ ਗਿਆ। ਸੇਂਟ ਲੂਈਸ ਉਸ ਨੂੰ ਸਕੂਲ ਪੜ੍ਹਨ ਪਾਇਆ ਗਿਆ, ਪਰ ਉਹ ਪੜ੍ਹਾਈ ’ਚ ਚੱਲ ਨਾ ਸਕਿਆ। ਸਕੂਲ ਦੀ ਥਾਂ ਉਹ ਬਦਮਾਸ਼ਾਂ ਨਾਲ ਰਲ ਕੇ ਜੁਰਮਾਂ ਦੀ ਦੁਨੀਆ ’ਚ ਦਾਖਲ ਹੋ ਗਿਆ।ਇੱਕ ਗੈਂਗ ਨੇ ਉਹਦਾ ਤਕੜਾ ਕੱਦ-ਕਾਠ ਵੇਖਦਿਆਂ ਉਹਨੂੰ ਆਪਣਾ ਆਗੂ ਚੁਣ ਲਿਆ। ਉਹ ਲੁੱਟਾਂ-ਖੋਹਾਂ ਤੋਂ ਅਗਾਂਹ ਡਾਕੇ ਮਾਰਨ ਲੱਗੇ। ਇੱਕ ਡਾਕੇ ’ਚ ਉਹਦੀ ਪੀਲੀ ਸ਼ਰਟ ਸੋਨੀ ਦੀ ਪਛਾਣ ਬਣ ਗਈ। ਸੇਂਟ ਲੂਈਸ ਦੀ ਪੁਲਿਸ ਨੇ ਉਹਦਾ ਨਾਂ ਹੀ ‘ਯੈਲੋ ਸ਼ਰਟ ਬੈਂਡਿਟ’ ਰੱਖ ਲਿਆ। ਜਨਵਰੀ 1950 ਵਿੱਚ ਉਸ ਨੂੰ ਇੱਕ ਡਾਕੇ ’ਚ ਗ੍ਰਿਫ਼ਤਾਰ ਕਰ ਲਿਆ ਗਿਆ। ਉਦੋਂ ਉਹਨੇ ਆਪਣੀ ਉਮਰ 20 ਸਾਲ ਦੀ ਥਾਂ 18 ਸਾਲ ਦੱਸੀ। ਉਸ ’ਤੇ ਚਾਰਜ ਲੱਗੇ, ਮੁਕੱਦਮਾ ਚੱਲਿਆ ਜਿਸ ’ਚ 5 ਸਾਲ ਕੈਦ ਮਿਲੀ। 1 ਜੂਨ 1950 ਨੂੰ ਉਹ ਮਿਸੂਰੀ ਸਟੇਟ ਦੀ ਮੁਜਰਮ ਸੁਧਾਰ ਜੇਲ੍ਹ ’ਚ ਕੈਦ ਕੱਟਣ ਲੱਗਾ। ਇਸ ਤੋਂ ਪਹਿਲਾਂ ਵੀ ਉਹ ਜੇਲ੍ਹ ਜਾ ਚੁੱਕਾ ਸੀ ਤੇ ਮੁੱਕੇਬਾਜ਼ੀ ਦੇ ਮੁੱਢਲੇ ਗੁਰ ਸਿੱਖ ਚੁੱਕਾ ਸੀ। ਮਸੂਰੀ ਸਟੇਟ ਦੀ ਸਖ਼ਤ ਜੇਲ੍ਹ ’ਚ ਉਹ ਸਾਊ ਕੈਦੀ ਬਣਿਆ ਰਿਹਾ। ਜੇਲ੍ਹ ਦੇ ਅਥਲੈਟਿਕ ਡਾਇਰੈਕਟਰ ਆਰ.ਏ. ਸਟੀਵਨਜ਼ ਨੇ ਸੋਨੀ ਲਿਸਟਨ ਦਾ ਕੱਦ-ਕਾਠ ਵੇਖ ਕੇ ਉਸ ਨੂੰ ਚੈਂਪੀਅਨ ਮੁੱਕੇਬਾਜ਼ ਬਣਨ ਦੀ ਸਲਾਹ ਦਿੱਤੀ। ਸਟੀਵਨਜ਼ ਧਰਮੀ ਬੰਦਾ ਸੀ ਜੋ ਉਸ ਨੂੰ ਸੁਧਾਰਨਾ ਤੇ ਨੇਕ ਇਨਸਾਨ ਬਣਾਉਣਾ ਚਾਹੁੰਦਾ ਸੀ। ਉਸ ਨੇ ਲਿਸਟਨ ਦੀ ਪਰਖ ਲਈ ਮੁੱਕੇਬਾਜ਼ੀ ਦਾ ਮੁਕਾਬਲਾ ਰੱਖ ਲਿਆ। ਉਸ ਸਮੇਂ ਹੈਵੀਵੇਟ ਮੁਕਾਬਲਿਆਂ ਵਿੱਚ ਮੁੱਕੇਬਾਜ਼ ਠਰੂਮੈਨ ਵਿਲਸਨ ਦਾ ਬੜਾ ਨਾਂ ਸੀ। ਦੋਹਾਂ ’ਚ ਬੜਾ ਸਖ਼ਤ ਮੁਕਾਬਲਾ ਸ਼ੁਰੂ ਹੋਇਆ। ਵੇਖਣ ਵਾਲੇ ਸੋਚਦੇ ਸਨ ਕਿ ਮੁਕਾਬਲਾ ਇੱਕਪਾਸੜ ਹੋਵੇਗਾ, ਪਰ ਦੂਜੇ ਰਾਊਂਡ ’ਚ ਹੀ ਵਿਲਸਨ ਦੀਆਂ ਚੀਕਾਂ ਨਿਕਲ ਗਈਆਂ। ਉਹ ਦੁਹਾਈਆਂ ਪਾਉਣ ਲੱਗਾ, ਮੈਨੂੰ ਰਿੰਗ ’ਚੋਂ ਬਾਹਰ ਕੱਢੋ, ਨਹੀਂ ਤਾਂ ਇਹ ਰਿੱਛ ਮੈਨੂੰ ਮਾਰ ਸੁੱਟੇਗਾ।

ਹੋਣਹਾਰ ਮੁੱਕੇਬਾਜ਼ ਹੋਣ ਕਾਰਨ 31 ਅਕਤੂਬਰ 1952 ਨੂੰ ਸੋਨੀ ਨੂੰ ਪੈਰੋਲ ਮਿਲ ਗਈ। ਜੇਲ੍ਹੋਂ ਬਾਹਰ ਨਿਕਲ ਕੇ ਕੁਝ ਸਮਾਂ ਉਸ ਨੇ ਸ਼ੌਕੀਆ ਮੁੱਕਬਾਜ਼ੀ ਕੀਤੀ। 6 ਮਾਰਚ 1953 ਨੂੰ ਉਸ ਨੇ 1952 ਦੀਆਂ ਉਲੰਪਿਕ ਖੇਡਾਂ ਦੇ ਹੈਵੀਵੇਟ ਚੈਂਪੀਅਨ ਸੈਂਡਰਜ਼ ਨੂੰ ਹਰਾ ਕੇ ਚੈਂਪੀਅਨਾਂ ਦਾ ਸ਼ਿਕਾਗੋ ਗੋਲਡਨ ਗਲੱਵਜ਼ ਟੂਰਨਾਮੈਂਟ ਜਿੱਤ ਲਿਆ। ਉਹਦੇ ਨਾਲ ਸੋਨੀ ਲਿਸਟਨ ਦੀ ਹੋਰ ਵੀ ਬੱਲੇ-ਬੱਲੇ ਹੋਈ। ਫਿਰ ਜਿਹੜਾ ਵੀ ਉਹਦੇ ਮੂਹਰੇ ਆਉਂਦਾ ਗਿਆ ਨਾਕ ਆਊਟ ਹੁੰਦਾ ਗਿਆ। 23 ਜੂਨ 1953 ਨੂੰ ਸੇਂਟ ਲੂਈਸ ਦੇ ਸਾਰੇ ਵਜ਼ਨ ਵਰਗਾਂ ਦੇ ਗੋਲਡਨ ਗਲੱਵਜ਼ ਚੈਂਪੀਅਨ ਯੂਐੱਸਏ ਵੱਲੋਂ ਪੱਛਮੀ ਯੂਰਪ ਦੇ ਇੱਕ ਅੰਤਰਰਾਸ਼ਟਰੀ ਮੁਕਾਬਲੇ ਵਿੱਚ ਸ਼ਾਮਲ ਹੋਏ। ਲਿਸਟਨ ਨੇ ਪੱਛਮੀ ਜਰਮਨੀ ਦੇ ਪ੍ਰਸਿੱਧ ਮੁੱਕੇਬਾਜ਼ ਹੈਰਮਨ ਨੂੰ 2:16 ਮਿੰਟਾਂ ਵਿੱਚ ਹੀ ਨਾਕ ਆਊਟ ਕਰ ਦਿੱਤਾ। ਉਹ ਯੂਰਪੀ ਚੈਂਪੀਅਨਸ਼ਿਪ ਦਾ ਤਗ਼ਮਾ ਜੇਤੂ ਸੀ। ਸ਼ੌਕੀਆ ਮੁੱਕੇਬਾਜ਼ੀ ਵਿੱਚ ਪੈਸੇ ਨਾ ਮਿਲਦੇ ਹੋਣ ਕਰਕੇ ਸੋਨੀ ਕਦੇ ਕਦੇ ਲੁੱਟ-ਮਾਰ ਫਿਰ ਵੀ ਕਰ ਲੈਂਦਾ। ਇਹ ਬਿਹਵਤ ਪਹਿਲਾਂ ਤਾਂ ਉਸ ਦਾ ਡੰਗ ਹੀ ਸਾਰਦੀ ਰਹੀ, ਪਰ ਬਾਅਦ ਵਿੱਚ ਉਹਦੇ ਵਾਰ ਵਾਰ ਜੇਲ੍ਹ ਜਾਣ ਦਾ ਕਾਰਨ ਵੀ ਬਣਦੀ ਰਹੀ।

ਲਿਸਟਨ ਨੇ ਬਤੌਰ ਪੇਸ਼ਾਵਰ ਮੁੱਕੇਬਾਜ਼ ਪਹਿਲਾ ਭੇੜ 2 ਸਤੰਬਰ 1953 ਨੂੰ ਭਿੜਿਆ ਜਿਸ ਵਿੱਚ ਨਾਮਵਰ ਮੁੱਕੇਬਾਜ਼ ਡੌਨ ਸਮਿੱਥ ਨੂੰ ਪਹਿਲੇ ਰਾਊਂਡ ਵਿੱਚ ਹੀ ਨਾਕ ਆਊਟ ਕਰ ਦਿੱਤਾ। ਉਦੋਂ ਤੱਕ ਉਹਦਾ ਕੱਦ 6 ਫ਼ੁੱਟ 1 ਇੰਚ ਹੋ ਗਿਆ ਸੀ ਤੇ ਜੁੱਸਾ ਵੀ ਪੂਰਾ ਭਰ ਗਿਆਸੀ। (ਬਾਕੀ ਸਫ਼ਾ 27 ’ਤੇ)

# ਵੈੱਬ ਸੀਰੀਜ਼ ਵਿੱਚ ਵਧਦੀ ਅਸ਼ਲੀਲਤਾ ਅਤੇ ਹਿੰਸਾ

## ਸਮਾਜ ਅਤੇ ਨੌਜਵਾਨ ਪੀੜ੍ਹੀ ਲਈ ਇੱਕ ਗੰਭੀਰ ਚਿੰਤਾ



ਮਦਨ ਬੰਗੜ

ਅਜੋਕੇ ਅਤਿ ਆਧੁਨਿਕ ਤਕਨਾਲੋਜੀ ਦੇ ਯੁਗ ਵਿੱਚ ਮਨੋਰੰਜਨ ਦੇ ਸਾਧਨ ਬਹੁਤ ਤੇਜ਼ੀ ਨਾਲ ਬਦਲਦੇ ਜਾ ਰਹੇ ਹਨ। ਇੱਕ ਸਮਾਂ ਸੀ ਜਦੋਂ ਲੋਕ ਦੂਰਦਰਸ਼ਨ ਦੇ ਲੜੀਵਾਰਾਂ, ਸਿਨੇਮਾ ਘਰਾਂ (ਚਿੱਤਰਪਟਾਂ) ਅਤੇ ਆਕਾਸ਼ਵਾਣੀ (ਰੇਡੀਓ) ਤੱਕ ਹੀ ਸੀਮਿਤ ਰਹਿੰਦੇ ਸਨ। ਉਸ ਦੌਰ ਵਿੱਚ ਪਰਿਵਾਰ ਦੇ ਸਾਰੇ ਮੈਂਬਰ ਇਕੱਠੇ ਬੈਠ ਕੇ ਕੋਈ ਪ੍ਰੋਗਰਾਮ ਦੇਖਦੇ ਸਨ, ਜਿਸ ਨਾਲ ਆਪਸੀ ਸਾਂਝ ਅਤੇ ਪਿਆਰ ਵਧਦਾ ਸੀ। ਪਰ ਹੁਣ ਹੱਥ-ਫੋਨ (ਮੋਬਾਇਲ) ਅਤੇ ਅੰਤਰਜਾਲ (ਇੰਟਰਨੈੱਟ) ਦੀ ਸੁਵਿਧਾ ਨੇ ਮਨੋਰੰਜਨ ਦੀ ਦੁਨੀਆ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਅੱਜ ਕੱਲ੍ਹ ਇੰਟਰਨੈੱਟ ਉੱਪਰ ਚੱਲਣ ਵਾਲੇ ਲੜੀਵਾਰ ਨਾਟਕਾਂ (ਵੈੱਬ ਸੀਰੀਜ਼) ਦਾ ਜ਼ਮਾਨਾ ਹੈ। ਵੱਡੇ ਤੋਂ ਵੱਡੇ ਨਾਮਵਰ ਕਲਾਕਾਰਾਂ ਅਤੇ ਅਦਾਕਾਰਾਂ ਵਾਲੇ ਇਹ ਨਾਟਕ ਵੱਖ-ਵੱਖ ਮੁਫਤ ਅਤੇ ਪੈਸੇ ਦੇ ਕੇ ਦੇਖੇ ਜਾਣ ਵਾਲੇ ਡਿਜਿਟਲ ਮੰਚਾਂ (ਓ.ਟੀ.ਟੀ. ਪਲੇਟਫਾਰਮਾਂ) ਅਤੇ ਸਮਾਜਿਕ ਸੰਚਾਰ ਦੇ ਸਾਧਨਾਂ (ਸੋਸ਼ਲ ਮੀਡੀਆ ਚੈਨਲਾਂ) ਉੱਪਰ ਦਿਨ-ਰਾਤ ਚੱਲ ਰਹੇ ਹਨ। ਨਵੀਂ ਉਮਰ ਦੀ ਨੌਜਵਾਨ ਪੀੜ੍ਹੀ ਹੀ ਨਹੀਂ, ਸਗੋਂ ਹਰ ਉਮਰ ਵਰਗ ਦੇ ਲੋਕ ਅੱਜ-ਕੱਲ੍ਹ ਇਨ੍ਹਾਂ ਨਕਾਰਾਤਮਕ ਅਤੇ ਭੜਕਾਊ ਪ੍ਰੋਗਰਾਮਾਂ ਵੱਲ ਬੜੀ ਤੇਜ਼ੀ ਨਾਲ ਖਿੱਚੇ ਜਾ ਰਹੇ ਹਨ।

ਮਨੋਰੰਜਨ ਦੇ ਇਸ ਨਵੇਂ ਦੌਰ ਨਾਲ ਇੱਕ ਬੇਹੱਦ ਗੰਭੀਰ ਸਮੱਸਿਆ ਅਤੇ ਸਮਾਜਿਕ ਬੁਰਾਈ ਵੀ ਜੁੜ ਗਈ ਹੈ। ਅੱਜ ਕਈ ਲੜੀਵਾਰ ਨਾਟਕਾਂ ਵਿੱਚ ਖੁੱਲ੍ਹੇਆਮ ਨਗਨਤਾ, ਅਸ਼ਲੀਲਤਾ, ਖੂਨ-ਖਰਾਬਾ (ਹਿੰਸਾ), ਗੰਦੀ ਸ਼ਬਦਾਵਲੀ ਅਤੇ ਘਟੀਆ ਸੰਵਾਦ (ਡਾਇਲੌਗ) ਪਰੋਸੇ ਜਾ ਰਹੇ ਹਨ। ਕਹਾਣੀ ਦੀ ਮੰਗ ਅਤੇ ਪ੍ਰਗਟਾਵੇ ਦੀ ਅਜ਼ਾਦੀ ਦੇ ਨਾਮ ’ਤੇ ਜੋ ਮੂੰਹ ਵਿੱਚ ਆਉਂਦਾ ਹੈ, ਉਹੀ ਬੋਲਿਆ ਜਾ ਰਿਹਾ ਹੈ ਅਤੇ ਜਿਸ ਤਰ੍ਹਾਂ ਦੇ ਮਰਜ਼ੀ ਸ਼ਰਮਨਾਕ ਦ੍ਰਿਸ਼ ਦਿਖਾਏ ਜਾ ਰਹੇ ਹਨ। ਹਾਲਾਤ ਇਹ ਬਣ ਚੁੱਕੇ ਹਨ ਕਿ ਪਰਿਵਾਰ ਦੇ ਜੀਆਂ ਨਾਲ ਬੈਠ ਕੇ ਇਨ੍ਹਾਂ ਨੂੰ ਵੇਖਣਾ ਤਾਂ ਦੂਰ, ਇਨ੍ਹਾਂ ਬਾਰੇ ਗੱਲ ਕਰਨਾ ਵੀ ਮੁਸ਼ਕਿਲ ਹੋ ਗਿਆ ਹੈ।

ਪਿਛਲੇ ਦਿਨੀਂ ਪੰਜਾਬੀ ਫਿਲਮ ਜਗਤ ਦੇ ਜਾਣੇ-ਪਛਾਣੇ ਅਦਾਕਾਰ ਯੋਗਰਾਜ ਸਿੰਘ ਵੀ ਇੱਕ ਅਜਿਹੇ ਹੀ ਲੜੀਵਾਰ ਨਾਟਕ ਦੇ ਵਿਵਾਦਿਤ ਅਤੇ ਇਤਰਾਜ਼ਯੋਗ ਸੰਵਾਦਾਂ ਕਾਰਨ ਸੁਰਖੀਆਂ ਵਿੱਚ ਰਹੇ, ਜਿਸ ਤੋਂ ਬਾਅਦ ਪੂਰੇ ਪੰਜਾਬੀ ਭਾਈਚਾਰੇ ਅਤੇ ਸੱਭਿਆਚਾਰਕ ਹਲਕਿਆਂ ਵਿੱਚ ਇਸ ਮਾਮਲੇ ਨੂੰ ਲੈ ਕੇ ਕਾਫੀ ਰੋਸ, ਗੁੱਸਾ ਅਤੇ ਵਿਰੋਧ ਦੇਖਣ ਨੂੰ ਮਿਲਿਆ। ਇਹ ਘਟਨਾ ਸਿੱਧ ਕਰਦੀ ਹੈ ਕਿ ਸਸਤੀ ਸ਼ੋਹਰਤ ਲਈ ਹੁਣ ਭਾਸ਼ਾ ਦੇ ਮਿਆਰ ਨੂੰ ਬੁਰੀ ਤਰ੍ਹਾਂ ਗਿਰਾਇਆ ਜਾ ਰਿਹਾ ਹੈ।

ਪਿਛਲੇ ਕੁਝ ਸਾਲਾਂ ਵਿੱਚ ਕਈ ਹਿੰਦੀ ਅਤੇ ਖੇਤਰੀ ਭਾਸ਼ਾਵਾਂ ਦੇ ਲੜੀਵਾਰ ਨਾਟਕ ਵੱਡੇ ਵਿਵਾਦਾਂ ਦੇ ਘੇਰੇ ਵਿੱਚ ਰਹੇ ਹਨ। ਉਦਾਹਰਨ ਵਜੋਂ ‘ਮਿਰਜ਼ਾਪੁਰ’ ਵਰਗੇ ਨਾਟਕਾਂ ਵਿੱਚ ਹਥਿਆਰਾਂ ਦੀ ਨਜਾਇਜ਼ ਵਰਤੋਂ, ਜੁਰਮ ਦੀ ਦੁਨੀਆ, ਗੈਂਗਸਟਰ ਸੱਭਿਆਚਾਰ, ਮਾਰ-ਧਾੜ ਅਤੇ ਮਾਂ-ਭੈਣ ਦੀਆਂ ਗਾਲ੍ਹਾਂ ਨੂੰ ਬੇਹੱਦ ਵਧਾ ਚੜ੍ਹਾ ਕੇ ਗਲੈਮਰ ਦੇ ਰੂਪ ਵਿੱਚ ਦਿਖਾਇਆ ਗਿਆ। ‘ਸੇਕਰਡ ਗੇਮਜ਼’ ਵਿੱਚ ਅਸ਼ਲੀਲ ਦ੍ਰਿਸ਼ਾਂ, ਨਗਨਤਾ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਕਠੋਰ ਸੰਵਾਦਾਂ ਨੂੰ ਲੈ ਕੇ ਦੇਸ਼ ਭਰ ਵਿੱਚ ਕਾਫੀ ਵਿਰੋਧ ਹੋਇਆ।

ਇਸੇ ਤਰ੍ਹਾਂ ‘ਪਾਤਾਲ ਲੋਕ’ ਅਤੇ ‘ਰਾਣਾ ਨਾਇਡੂ’ ਵਰਗੇ ਲੜੀਵਾਰਾਂ ਵਿੱਚ ਵੀ ਬੇਹੱਦ ਗੰਦੀ ਭਾਸ਼ਾ, ਬਲਾਤਕਾਰ ਅਤੇ ਰੂਹ ਕੰਬਾਊ ਹਿੰਸਕ ਦ੍ਰਿਸ਼ ਦਿਖਾਏ ਗਏ। ਸਮਾਜ ਦੇ ਸੂਝਵਾਨ ਲੋਕਾਂ ਦਾ ਮੰਨਣਾ ਹੈ ਕਿ ਅਜਿਹੀਆਂ ਸੀਰੀਜ਼ ਨੌਜਵਾਨਾਂ ਦੇ ਕੋਮਲ ਮਨਾਂ ਨੂੰ ਭ੍ਰਿਸ਼ਟ ਕਰ ਰਹੀਆਂ ਹਨ ਅਤੇ ਉਹਨਾਂ ਨੂੰ ਗਲਤ ਦਿਸ਼ਾ ਵੱਲ ਧੱਕ ਰਹੀਆਂ ਹਨ। ਜਿਹੜੇ ਅਪਰਾਧਾਂ ਨੂੰ ਸਮਾਜ ਵਿੱਚ ਗੁਨਾਹ ਮੰਨਿਆ ਜਾਂਦਾ ਸੀ, ਇਨ੍ਹਾਂ ਨਾਟਕਾਂ ਵਿੱਚ ਉਹਨਾਂ ਨੂੰ ‘ਨਾਇਕਤਵ’ (ਹੀਰੋਇਜ਼ਮ) ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

ਅੱਜ ਹਾਲਾਤ ਇਹ ਹਨ ਕਿ ਇਹ ਸਮੱਗਰੀ ਬਣਾਉਣ ਵਾਲੇ ਨਿਰਮਾਤਾਵਾਂ ਅਤੇ ਨਿਰਦੇਸ਼ਕਾਂ ਵਿੱਚ ਇੱਕ ਦੂਜੇ ਤੋਂ ਅੱਗੇ ਨਿਕਲਣ ਦੀ ਇੱਕ ਅੰਨ੍ਹੀ ਅਤੇ ਗੈਰ-ਸੰਵਿਧਾਨਕ ਦੌੜ ਲੱਗੀ ਹੋਈ ਹੈ। ਇੰਟਰਨੈੱਟ ਦੀ ਦੁਨੀਆ ਵਿੱਚ ਵੱਧ ਤੋਂ ਵੱਧ ਦਰਸ਼ਕ (ਵਿਊਜ਼), ਪਸੰਦ (ਲਾਈਕ) ਅਤੇ ਮੋਟੀ ਕਮਾਈ ਕਰਨ ਲਈ ਕਈ ਨਿਰਮਾਤਾ ਜਾਣਬੁੱਝ ਕੇ ਅਸ਼ਲੀਲਤਾ ਅਤੇ ਹਿੰਸਾ ਦਾ ਤੜਕਾ ਲਾਉਂਦੇ ਹਨ। ਕਈ ਵਾਰ ਅਜਿਹਾ ਸਾਫ ਮਹਿਸੂਸ ਹੁੰਦਾ ਹੈ ਕਿ ਲੜੀਵਾਰ ਦੀ ਮੁੱਖ ਕਹਾਣੀ ਜਾਂ ਸਮਾਜਿਕ ਸੰਦੇਸ਼ ਨਾਲੋਂ ਜ਼ਿਆਦਾ ਧਿਆਨ ਗੰਦੇ ਸੰਵਾਦਾਂ ਅਤੇ ਭੜਕਾਊ ਦ੍ਰਿਸ਼ਾਂ ਉੱਪਰ ਦਿੱਤਾ ਜਾ ਰਿਹਾ ਹੈ। ਜੇਕਰ ਕਹਾਣੀ ਵਿੱਚੋਂ ਇਨ੍ਹਾਂ ਨਕਾਰਾਤਮਕ




ਚੀਜ਼ਾਂ ਨੂੰ ਕੱਢ ਦਿੱਤਾ ਜਾਵੇ ਤਾਂ ਸ਼ਾਇਦ ਉਹਨਾਂ ਕੋਲ ਦਿਖਾਉਣ ਲਈ ਕੁਝ ਬਚਦਾ ਹੀ ਨਹੀਂ। ਇਹ ਰੁਝਾਨ ਸਮਾਜ ਵਿੱਚ ਇੱਕ ਅਜਿਹੀ ਮਾਨਸਿਕ ਬਿਮਾਰੀ ਨੂੰ ਜਨਮ ਦੇ ਰਿਹਾ ਹੈ, ਜਿੱਥੇ ਅਸ਼ਲੀਲਤਾ ਨੂੰ ਹੀ ਆਧੁਨਿਕਤਾ ਸਮਝ ਲਿਆ ਗਿਆ ਹੈ।

ਸਭ ਤੋਂ ਵੱਡੀ ਅਤੇ ਡਰਾਉਣੀ ਚਿੰਤਾ ਇਹ ਹੈ ਕਿ ਇਹ ਇਤਰਾਜ਼ਯੋਗ ਸਮਗਰੀ ਅੱਜ ਦੇ ਛੋਟੇ ਬੱਚਿਆਂ ਅਤੇ ਸਕੂਲ ਜਾਣ ਵਾਲੇ ਵਿਦਿਆਰਥੀਆਂ ਤਕ ਬਹੁਤ ਅਸਾਨੀ ਨਾਲ ਪਹੁੰਚ ਰਹੀ ਹੈ। ਸਮਾਰਟਫ਼ੋਨ ਹੁਣ ਹਰ ਬੱਚੇ ਦੀ ਪਹੁੰਚ ਵਿੱਚ ਹੈ ਅਤੇ ਉਹ ਯੂਟਿਊਬ, ਫੇਸਬੁੱਕ, ਇੰਸਟਾਗ੍ਰਾਮ ਅਤੇ ਵੱਖ-ਵੱਖ ਮਨੋਰੰਜਨ ਐਪਲੀਕੇਸ਼ਨਾਂ (ਐਪਾਂ) ਰਾਹੀਂ ਇਨ੍ਹਾਂ ਲੜੀਵਾਰਾਂ ਤਕ ਅਸਾਨੀ ਨਾਲ ਪਹੁੰਚ ਜਾਂਦੇ ਹਨ। ਮਨੋਵਿਗਿਆਨੀਆਂ ਅਨੁਸਾਰ ਜੋ ਕੁਝ ਵੀ ਬੱਚੇ ਇਸ ਉਮਰ ਵਿੱਚ ਦੇਖਦੇ ਹਨ, ਉਸਦਾ ਸਿੱਧਾ ਅਤੇ ਸਥਾਈ ਅਸਰ ਉਨ੍ਹਾਂ ਦੇ ਅਵਚੇਤਨ ਮਨ, ਮਾਨਸਿਕਤਾ ਅਤੇ ਰੋਜ਼ਾਨਾ ਦੇ ਵਿਹਾਰ ਉੱਪਰ ਪੈਂਦਾ ਹੈ।

ਗਾਲੀ-ਗਲੌਚ ਵਾਲੀ ਭਾਸ਼ਾ, ਨਸ਼ਿਆਂ ਦੀ ਖੁੱਲ੍ਹੇਆਮ ਵਰਤੋਂ, ਹਥਿਆਰਾਂ ਦਾ ਪ੍ਰਦਰਸ਼ਨ ਅਤੇ ਹਿੰਸਕ ਦ੍ਰਿਸ਼ ਨੌਜਵਾਨ ਪੀੜ੍ਹੀ ਦੀ ਸੋਚ ਨੂੰ ਪੂਰੀ ਤਰ੍ਹਾਂ ਨਕਾਰਾਤਮਕ, ਗੁੱਸੇਖੋਰ ਅਤੇ ਬਾਗੀ ਬਣਾ ਰਹੇ ਹਨ।

ਅੱਜ ਕਈ ਸਕੂਲਾਂ ਅਤੇ ਕਾਲਜਾਂ ਵਿੱਚ ਵੀ ਵਿਦਿਆਰਥੀਆਂ ਦੇ ਆਪਸੀ ਵਿਹਾਰ ਵਿੱਚ ਆ ਰਹੀ ਤਬਦੀਲੀ, ਛੋਟੀਆਂ-ਛੋਟੀਆਂ ਗੱਲਾਂ ’ਤੇ ਲੜਾਈ-ਝਗੜੇ ਅਤੇ ਅਨੁਸ਼ਾਸਨਹੀਣਤਾ ਇਸ ਗੱਲ ਦਾ ਸਪਸ਼ਟ ਸੰਕੇਤ ਦਿੰਦੀ ਹੈ ਕਿ ਇਸ ਡਿਜਿਟਲ ਗੰਦਗੀ ਦਾ ਪ੍ਰਭਾਵ ਸਾਡੇ ਸਮਾਜ ਦੀਆਂ ਜੜ੍ਹਾਂ ਵਿੱਚ ਕਿੰਨਾ ਡੂੰਘਾ ਹੋ ਚੁੱਕਾ ਹੈ।

ਇਸ ਡਿਜਿਟਲ ਹੜ੍ਹ ਦਾ ਸਭ ਤੋਂ ਵੱਡਾ ਮਾੜਾ ਪ੍ਰਭਾਵ ਸਾਡੇ ਮਾਣਮੱਤੇ ਪੰਜਾਬੀ ਸੱਭਿਆਚਾਰ ਅਤੇ ਭਾਸ਼ਾ ਉੱਪਰ ਪੈ ਰਿਹਾ ਹੈ। ਪੰਜਾਬੀ ਭਾਸ਼ਾ ਨੂੰ ਦੁਨੀਆ ਭਰ ਵਿੱਚ ਇੱਕ ਬੇਹੱਦ ਮਿੱਠੀ, ਸਤਿਕਾਰਯੋਗ ਅਤੇ ਅਦਬ ਵਾਲੀ ਭਾਸ਼ਾ ਮੰਨਿਆ ਜਾਂਦਾ ਹੈ, ਜਿਸ ਵਿੱਚ ਬਾਬਾ ਫਰੀਦ, ਗੁਰੂ ਸਾਹਿਬਾਨ ਅਤੇ ਸੂਫੀ ਸੰਤਾਂ ਦੀ ਬਾਣੀ ਰਚੀ ਗਈ ਹੈ। ਪਰ ਅਫਸੋਸ ਦੀ ਗੱਲ ਹੈ ਕਿ ਕੁਝ ਵੈੱਬ ਸੀਰੀਜ਼ਾਂ (ਲੜੀਵਾਰਾਂ) ਵਿੱਚ ਪੰਜਾਬੀ ਕਿਰਦਾਰਾਂ ਦੇ ਮੂੰਹੋਂ ਬੇਹੱਦ ਘਟੀਆ ਗਾਲ੍ਹਾਂ ਅਤੇ ਅਸ਼ਲੀਲ ਸ਼ਬਦ ਕਢਵਾਏ ਜਾਂਦੇ ਹਨ। ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਪੰਜਾਬੀ ਲੋਕ ਸ਼ਾਇਦ ਬਿਨਾਂ ਗਾਲ੍ਹਾਂ ਦੇ ਗੱਲ ਹੀ ਨਹੀਂ ਕਰਦੇ।




ਇਸ ਨਾਲ ਵਿਸ਼ਵ ਪੱਧਰ ’ਤੇ ਪੰਜਾਬੀ ਸੱਭਿਆਚਾਰ ਦੀ ਛਵ੍ਹੀ ਨੂੰ ਭਾਰੀ ਨੁਕਸਾਨ ਪਹੁੰਚ ਰਿਹਾ ਹੈ ਅਤੇ ਆਉਣ ਵਾਲੀ ਪੀੜ੍ਹੀ ਆਪਣੀ ਅਮੀਰ ਵਿਰਾਸਤ ਤੋਂ ਦੂਰ ਹੋ ਕੇ ਸੱਭਿਆਚਾਰਕ ਪੱਖੋਂ ਕੰਗਾਲ ਹੋ ਰਹੀ ਹੈ। ਸਾਡੇ ਬਜ਼ੁਰਗ, ਚਿੰਤਕ ਅਤੇ ਸਮਾਜ ਸੇਵੀ ਸੰਸਥਾਵਾਂ ਲਗਾਤਾਰ ਇਸ ਗੱਲ ’ਤੇ ਡੂੰਘੀ ਚਿੰਤਾ ਜ਼ਾਹਿਰ ਕਰ ਰਹੀਆਂ ਹਨ ਕਿ ਜੇਕਰ ਇਹ ਰੁਝਾਨ ਨਾ ਰੁਕਿਆ ਤਾਂ ਸਾਡੀ ਸੱਭਿਆਚਾਰਕ ਹੋਂਦ ਹੀ ਖਤਰੇ ਵਿੱਚ ਪੈ ਜਾਵੇਗੀ।

ਇਸ ਪੂਰੇ ਘਟਨਾਕ੍ਰਮ ਵਿੱਚ ਸਭ ਤੋਂ ਵੱਧ ਹੈਰਾਨੀ ਅਤੇ ਚਿੰਤਾ ਦੀ ਗੱਲ ਇਹ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਅਜੇ ਤਕ ਇਸ ਸੰਵੇਦਨਸ਼ੀਲ ਮਾਮਲੇ ਵਿੱਚ ਕੋਈ ਵੀ ਸਖਤ ਜਾਂ ਠੋਸ ਕਾਨੂੰਨੀ ਕਦਮ ਨਹੀਂ ਚੁੱਕੇ ਗਏ। ਸਿਨੇਮਾ ਘਰਾਂ ਵਿੱਚ ਚੱਲਣ ਵਾਲੀਆਂ ਵੱਡੀਆਂ ਫਿਲਮਾਂ ਦੀ ਜਾਂਚ ਲਈ ਤਾਂ ਸਰਕਾਰੀ ਸੈਂਸਰ ਬੋਰਡ (ਚਿੱਤਰਪਟ ਨਿਰੀਖਣ ਬੋਰਡ) ਬਣਿਆ ਹੋਇਆ ਹੈ, ਜੋ ਇਤਰਾਜ਼ਯੋਗ ਦ੍ਰਿਸ਼ਾਂ ’ਤੇ ਕੈਂਚੀ ਚਲਾ ਦਿੰਦਾ ਹੈ, ਪਰ ਇਨ੍ਹਾਂ ਇੰਟਰਨੈੱਟ ਲੜੀਵਾਰਾਂ ਅਤੇ ਡਿਜਿਟਲ ਮੰਚਾਂ (ਓ.ਟੀ.ਟੀ.) ਉੱਪਰ ਅਜੇ ਵੀ ਸਰਕਾਰ ਦਾ ਕੋਈ ਪੂਰਨ ਕੰਟਰੋਲ ਜਾਂ ਸਖਤ ਨਿਯਮਾਵਲੀ ਨਹੀਂ ਹੈ।

ਇਸ ਬੇਲਗਾਮ ਅਤੇ ਖੁੱਲ੍ਹੇ ਮਾਹੌਲ ਦਾ ਫਾਇਦਾ ਚੁੱਕ ਕੇ ਨਿਰਮਾਤਾ ਮਨੋਰੰਜਨ ਦੇ ਨਾਮ ’ਤੇ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾ ਰਹੇ ਹਨ ਅਤੇ ਪ੍ਰਸ਼ਾਸਨ ਅੱਖਾਂ ਬੰਦ ਕਰਕੇ ਮੂਕ ਦਰਸ਼ਕ ਬਣਿਆ ਬੈਠਾ ਦਿਖਾਈ ਦਿੰਦਾ ਹੈ।

ਜੇਕਰ ਅਸੀਂ ਆਪਣੇ ਸਮਾਜ ਅਤੇ ਆਉਣ ਵਾਲੀਆਂ ਨਸਲਾਂ ਨੂੰ ਬਚਾਉਣਾ ਚਾਹੁੰਦੇ ਹਾਂ, ਤਾਂ ਹੁਣ ਸਾਨੂੰ ਜਾਗਣਾ ਹੀ ਪਵੇਗਾ। ਸਰਕਾਰੀ ਸੈਂਸਰ ਪ੍ਰਣਾਲੀ, ਸਰਕਾਰ ਨੂੰ ਤੁਰੰਤ ਫਿਲਮਾਂ ਦੀ ਤਰ੍ਹਾਂ ਇੰਟਰਨੈੱਟ ਸਮਗਰੀ (ਓ.ਟੀ.ਟੀ.) ਲਈ ਵੀ ਇੱਕ ਮਜ਼ਬੂਤ ਅਤੇ ਸੁਤੰਤਰ ਨਿਗਰਾਨੀ ਬੋਰਡ ਗਠਿਤ ਕਰਨਾ ਚਾਹੀਦਾ ਹੈ। ਪਰਿਵਾਰਕ ਪੱਧਰ ’ਤੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਹੱਥ-ਫੋਨ (ਮੋਬਾਇਲ) ਦੀ ਵਰਤੋਂ ’ਤੇ ਸਖਤ ਨਜ਼ਰ ਰੱਖਣੀ ਚਾਹੀਦੀ ਹੈ ਅਤੇ ਫ਼ੋਨ ਵਿੱਚ ਬਾਲ-ਸੁਰੱਖਿਆ (ਪੇਰੈਂਟਲ ਲਾਕ) ਨਿਯਮ ਲਾਗੂ ਕਰਨੇ ਚਾਹੀਦੇ ਹਨ। ਸਿੱਖਿਆ ਸੰਸਥਾਵਾਂ ਦਾ ਰੋਲ ਸਕੂਲਾਂ, ਕਾਲਜਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਨੈਤਿਕ ਸਿੱਖਿਆ ਦੇ ਪੀਰੀਅਡ ਲਾ ਕੇ ਬੱਚਿਆਂ ਨੂੰ ਚੰਗੇ ਅਤੇ ਮਾੜੇ ਮਨੋਰੰਜਨ ਵਿਚਕਾਰ ਫਰਕ ਸਮਝਾਉਣ ਲਈ ਜਾਗਰੂਕਤਾ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ।

ਮਨੋਰੰਜਨ ਮਨੁੱਖੀ ਜੀਵਨ ਦਾ ਇੱਕ ਅਹਿਮ ਹਿੱਸਾ ਹੈ ਅਤੇ ਇਹ ਤਣਾਅ ਮੁਕਤ ਹੋਣ ਲਈ ਜ਼ਰੂਰੀ ਵੀ ਹੈ। ਪਰ ਮਨੋਰੰਜਨ ਦੇ ਨਾਮ ’ਤੇ ਸਮਾਜਿਕ ਮਰਯਾਦਾਵਾਂ, ਪਰਿਵਾਰਕ ਸਾਂਝਾਂ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਬਲੀ ਦੇਣਾ ਕਦੇ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਕਲਾਕਾਰਾਂ, ਲੇਖਕਾਂ ਅਤੇ ਨਿਰਮਾਤਾਵਾਂ ਨੂੰ ਵੀ ਇਹ ਸਮਝਣਾ ਹੋਵੇਗਾ ਕਿ ਸਮਾਜ ਪ੍ਰਤੀ ਉਨ੍ਹਾਂ ਦੀ ਵੀ ਇੱਕ ਵੱਡੀ ਜ਼ਿੰਮੇਵਾਰੀ ਬਣਦੀ ਹੈ।

ਕਲਾ ਅਤੇ ਅਭਿਵਿਅਕਤੀ (ਆਪਣੇ ਵਿਚਾਰ ਪ੍ਰਗਟਾਉਣ) ਦੀ ਅਜ਼ਾਦੀ ਦਾ ਮਤਲਬ ਇਹ ਕਤਈ ਨਹੀਂ ਹੋ ਸਕਦਾ ਕਿ ਤੁਸੀਂ ਸਮਾਜ ਵਿੱਚ ਗੰਦਗੀ, ਮਾਨਸਿਕ ਪ੍ਰਦੂਸ਼ਣ ਅਤੇ ਅਸ਼ਲੀਲਤਾ ਫੈਲਾਓ। ਜੇਕਰ ਸਮੇਂ ਸਿਰ ਇਸ ਗੰਭੀਰ ਮਾਮਲੇ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਇਸਦੇ ਵਿਨਾਸ਼ਕਾਰੀ ਨਤੀਜੇ ਸਾਡੀ ਆਉਣ ਵਾਲੀ ਪੀੜ੍ਹੀ, ਸਾਡੇ ਸੱਭਿਆਚਾਰ ਅਤੇ ਸਮਾਜ ਦੋਵਾਂ ਨੂੰ ਬੁਰੀ ਤਰ੍ਹਾਂ ਬਰਬਾਦ ਕਰ ਦੇਣਗੇ।






### ਕੀ ਪਹਾੜੀ ਲੋਕ ਸਿੱਖਾਂ ਨਾਲ ਨ਼ਫਰਤ

ਅਤੇ ਰੋਟੀ ਦੇ ਕਈ ਗੁਣਾ ਵੱਧ ਪੈਸੇ ਵਸੂਲਦੇ ਹਨ। ਜਦੋਂ ਕੋਈ ਯਾਤਰੀ ਜਾਂ ਸਿੰਘ ਇਸ ਨਾਜਾਇਜ਼ ਲੁੱਟ ਦਾ ਵਿਰੋਧ ਕਰਦਾ ਹੈ, ਤਾਂ ਬਹਿਸਬਾਜ਼ੀ ਹਿੰਸਕ ਰੂਪ ਧਾਰ ਲੈਂਦੀ ਹੈ।ਕੁੱਟਮਾਰ ਕੀਤੀ ਜਾਂਦੀ ਹੈ। ਸਿੱਖ ਜਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਪੂਰੇ ਰਸਤੇ ’ਤੇ ਯਾਤਰੀਆਂ ਲਈ (ਚਾਹੇ ਉਹ ਕਿਸੇ ਵੀ ਧਰਮ ਦਾ ਹੋਵੇ) ਮੁਫ਼ਤ ਅਟੁੱਟ ਲੰਗਰ ਅਤੇ ਪਾਣੀ ਦੀ ਸੇਵਾ ਲਗਾਉਂਦੀਆਂ ਹਨ। ਇਸ ਮੁਫ਼ਤ ਲੰਗਰ ਸੇਵਾ ਕਾਰਨ ਸਥਾਨਕ ਹੋਟਲ ਵਾਲਿਆਂ ਦੀ ‘ਮੋਟੀ ਕਮਾਈ’ ਅਤੇ ‘ਲੁੱਟ ਦੀ ਦੁਕਾਨਦਾਰੀ’ ਠੱਪ ਹੋ ਜਾਂਦੀ ਹੈ। ਇਸੇ ਕਾਰਨ ਉਹ ਅੰਦਰੋਂ-ਅੰਦਰੀਂ ਲੰਗਰ ਸੇਵਾਵਾਂ ਅਤੇ ਸਿੱਖ ਸ਼ਰਧਾਲੂਆਂ ਨਾਲ ਖਾਰ ਖਾਂਦੇ ਹਨ ਅਤੇ ਲੜਾਈ ਦੇ ਬਹਾਨੇ ਲੱਭਦੇ ਹਨ।ਉੱਤਰਾਖੰਡ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਇਹਨਾਂ ਹੋਟਲ ਮਾਲਕਾਂ ਖ਼ਿਲਾਫ਼ ਸਖ਼ਤ ਕਾਰਵਾਈ ਨਾ ਕਰਨ ਦੇ ਕਈ ਵੱਡੇ ਕਾਰਨ ਹਨ।

ਪਹਾੜੀ ਖੇਤਰਾਂ ਵਿੱਚ ਸਥਾਨਕ ਵਪਾਰੀ ਮੰਡਲ ਅਤੇ ਢਾਬਾ ਮਾਲਕ ਉੱਥੋਂ ਦੇ ਪੱਕੇ ਵੋਟਰ ਹਨ। ਕੋਈ ਵੀ ਸਥਾਨਕ ਲੀਡਰ ਜਾਂ ਸਰਕਾਰ ਆਪਣੇ ਵੋਟ ਬੈਂਕ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ, ਇਸ ਲਈ ਉਹਨਾਂ ਦੀ ਲੁੱਟ-ਖਸੁੱਟ ਵੱਲੋਂ ਅੱਖਾਂ ਮੀਟ ਲਈਆਂ ਜਾਂਦੀਆਂ ਹਨ।

ਟੂਰਿਜ਼ਮ ਮਾਫ਼ੀਆ ਦਾ ਦਬਾਅ: ਯਾਤਰਾ ਸੀਜ਼ਨ ਦੌਰਾਨ ਇਹਨਾਂ ਹੋਟਲ ਅਤੇ ਵਪਾਰ ਮੰਡਲਾਂ ਦਾ ਦਬਾਅ ਇੰਨਾ ਜ਼ਿਆਦਾ ਹੁੰਦਾ ਹੈ ਕਿ ਜੇਕਰ ਪੁਲੀਸ ਕਿਸੇ ਇੱਕ ’ਤੇ ਕਾਰਵਾਈ ਕਰੇ, ਤਾਂ ਉਹ ਪੂਰਾ ਬਾਜ਼ਾਰ ਬੰਦ ਕਰਕੇ ਹੜਤਾਲ ਕਰ ਦਿੰਦੇ ਹਨ। ਪ੍ਰਸ਼ਾਸਨ ਯਾਤਰਾ ਰੁਕਣ ਦੇ ਡਰੋਂ ਗੋਡੇ ਟੇਕ ਦਿੰਦਾ ਹੈ।

ਰਸਤਿਆਂ ’ਤੇ ਬੈਠੇ ਇਹਨਾਂ ਨਾਜਾਇਜ਼ ਵਸੂਲੀ ਕਰਨ ਵਾਲਿਆਂ ਤੋਂ ਸਥਾਨਕ ਪੱਧਰ ’ਤੇ ਪ੍ਰਸ਼ਾਸਨ ਅਤੇ ਪੁਲਿਸ ਨੂੰ ਵੀ ਮਹੀਨਾਵਾਰ ਮੋਟੀ ਕਮਾਈ ਜਾਂ ਕਮਿਸ਼ਨ ਜਾਂਦਾ ਹੈ, ਜਿਸ ਕਾਰਨ ਰੇਟ ਲਿਸਟਾਂ ਸਿਰਫ਼ ਕਾਗਜ਼ਾਂ ਤੱਕ ਸੀਮਤ ਰਹਿ ਜਾਂਦੀਆਂ ਹਨ।

ਜਦੋਂ ਵੀ ਅਜਿਹਾ ਕੋਈ ਟਕਰਾਅ ਹੁੰਦਾ ਹੈ, ਤਾਂ ਗੋਦੀ ਮੀਡੀਆ ਜਾਂ ਸਥਾਨਕ ਮੀਡੀਆ ਹੋਟਲ ਵਾਲਿਆਂ ਦੀ ਲੁੱਟ ਨੂੰ ਛੁਪਾ ਕੇ ਇਸ ਨੂੰ ‘ਨਿਹੰਗ ਸਿੰਘਾਂ ਦੀ ਗੁੰਡਾਗਰਦੀ’ ਜਾਂ ‘ਭਾਈਚਾਰਕ ਤਣਾਅ’ ਦਾ ਨਾਮ ਦੇ ਦਿੰਦਾ ਹੈ, ਤਾਂ ਜੋ ਅਸਲ ਮੁੱਦਾ (ਯਾਤਰੀਆਂ ਦੀ ਲੁੱਟ ਅਤੇ ਲੰਗਰਾਂ ਦਾ ਵਿਰੋਧ) ਦਬਾਇਆ ਜਾ ਸਕੇ

ਇਹ ਘਟਨਾ ਸਾਬਤ ਕਰਦੀ ਹੈ ਕਿ ਕਿਸੇ ਵੀ ਵਿਵਾਦ ਦਾ ਹੱਲ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਅਤੇ ਆਪਸੀ ਗੱਲਬਾਤ ਰਾਹੀਂ ਹੀ ਕੱਢਿਆ ਜਾ ਸਕਦਾ ਹੈ, ਨਾ ਕਿ ਭਾਵਨਾਵਾਂ ਵਿੱਚ ਵਹਿ ਕੇ ਹਿੰਸਾ ਜਾਂ ਟਕਰਾਅ ਦੇ ਰਾਹ ਪੈ ਕੇ।

****

### ਖ਼ਾਲਸੇ ਦੀਆਂ ਲਾਡਲੀਆਂ ਫ਼ੌਜਾਂ:

18ਵੀਂ ਸਦੀ ਦੇ ਜੰਗੀ ਮੈਦਾਨਾਂ ਤੋਂ ਲੈ ਕੇ ਆਧੁਨਿਕ ਦੌਰ ਦੇ ਸ਼ਾਂਤਮਈ ਅੰਦੋਲਨਾਂ ਤੱਕ, ਨਿਹੰਗ ਸਿੰਘਾਂ ਦਾ ਯੋਗਦਾਨ ਬੇਮਿਸਾਲ ਰਿਹਾ ਹੈ। ਵੀਹਵੀਂ ਸਦੀ ਦੇ ‘ਧਰਮਯੁੱਧ ਮੋਰਚੇ’ ਤੋਂ ਲੈ ਕੇ ਦਿੱਲੀ ਦੀਆਂ ਬਰੂਹਾਂ ’ਤੇ ਲੜੇ ਗਏ ਇਤਿਹਾਸਕ ‘ਕਿਸਾਨ ਮੋਰਚੇ’ ਤੱਕ ਨਿਹੰਗ ਸਿੰਘਾਂ ਨੇ ਪੰਜਾਬ ਦੀ ਅਣਖ ਅਤੇ ਹੱਕਾਂ ਦੀ ਰਾਖੀ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਧਰਮਯੁੱਧ ਮੋਰਚਾ ਜਿੱਥੇ ਪੰਥਕ ਅਤੇ ਰਾਜਸੀ ਹੱਕਾਂ ਦੀ ਲੜਾਈ ਸੀ, ਉੱਥੇ ਕਿਸਾਨ ਮੋਰਚਾ ਪੰਜਾਬ ਦੀ ਆਰਥਿਕਤਾ ਅਤੇ ਹੋਂਦ ਦੀ ਲੜਾਈ ਸੀ। ਨਿਹੰਗ ਸਿੰਘਾਂ ਨੇ ਦੋਵਾਂ ਮੋਰਚਿਆਂ ਵਿੱਚ ਸ਼ਾਮਲ ਹੋ ਕੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਸਮਾਜ ਤੋਂ ਵੱਖਰੇ ਨਹੀਂ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ‘ਸੰਤ-ਸਿਪਾਹੀ’ ਦੇ ਸਿਧਾਂਤ ਮੁਤਾਬਕ, ਜਿੱਥੇ ਉਹ ਨਾਮ-ਬਾਣੀ ਦੇ ਧਾਰਨੀ ਹਨ, ਉੱਥੇ ਹੀ ਉਹ ਮਜ਼ਲੂਮ, ਕਿਸਾਨ ਅਤੇ ਕਿਰਤੀ ਦੀ ਰੱਖਿਆ ਲਈ ਆਪਣੀ ਜਾਨ ਤਲੀ ’ਤੇ ਰੱਖਣ ਤੋਂ ਕਦੇ ਪਿੱਛੇ ਨਹੀਂ ਹਟਦੇ।

ਅਖੀਰ ਵਿੱਚ, ਸਾਨੂੰ ਇਹ ਸਮਝਣਾ ਹੋਵੇਗਾ ਕਿ ਭਰਾਵਾਂ ਵਿੱਚ ਮਤਭੇਦ ਹੋ ਸਕਦੇ ਹਨ, ਪਰ ਨਿਹੰਗ ਸਿੰਘਾਂ ਦੀ ਜੜ੍ਹ ਗੁਰੂ ਸਾਹਿਬ ਦੇ ਪਿਆਰ ਅਤੇ ਸਿਧਾਂਤ ਵਿੱਚ ਹੈ। ਅਜੋਕੇ ਆਧੁਨਿਕ ਸਮਾਜ ਵਿੱਚ ਜਿੱਥੇ ਕਦਰਾਂ-ਕੀਮਤਾਂ ਬਦਲ ਰਹੀਆਂ ਹਨ, ਉੱਥੇ ਨਿਹੰਗ ਸਿੰਘ ਸਿੱਖੀ ਦੀ ਮੂਲ ਮਾਰਸ਼ਲ ਸਪਿਰਿਟ (ਜੰਗੀ ਜਜ਼ਬੇ) ਅਤੇ ਤਿਆਗ ਦੀ ਜਿਉਂਦੀ-ਜਾਗਦੀ ਮਿਸਾਲ ਹਨ। ਸਮਾਜ ਅਤੇ ਪ੍ਰਸ਼ਾਸਨ ਨੂੰ ਉਨ੍ਹਾਂ ਦੇ ਸਰੂਪ ਅਤੇ ਇਤਿਹਾਸ ਪ੍ਰਤੀ ਸੰਵੇਦਨਸ਼ੀਲ ਹੋਣ ਦੀ ਲੋੜ ਹੈ, ਕਿਉਂਕਿ ਉਹ ਕੇਵਲ ਬੀਤੇ ਕੱਲ੍ਹ ਦਾ ਇਤਿਹਾਸ ਨਹੀਂ, ਸਗੋਂ ਖ਼ਾਲਸਾ ਪੰਥ ਦਾ ਅਣਖੀਲਾ ਇਤਿਹਾਸ ਅੱਜ ਵੀ ਹਨ।

***

### ਵੀਜ਼ਾ ਪ੍ਰਕ੍ਰਿਆ ਤੇਜ ਕਰਨ ਲਈ ਏ.ਆਈ. ਦੀ ਵਰਤੋਂ ਕੀਤੀ

ਐਪਰੋਪ੍ਰੀਏਸ਼ਨਸਬ-ਕਮੇਟੀ ਦੇ ਸਾਹਮਣੇ ਪੇਸ਼ ਹੁੰਦੇ ਹੋਏ, ਮੁਲਿਨ ਨੇ ਕਿਹਾ ਕਿ ਹੋਮਲੈਂਡ ਸੁਰੱਖਿਆ ਵਿਭਾਗ ਸਖਤ ਸੁਰੱਖਿਆ ਜਾਂਚ ਨੂੰ ਕਾਇਮ ਰੱਖਦੇ ਹੋਏ ਕਾਨੂੰਨੀ ਪ੍ਰਵਾਸ ਨੂੰ ਤੇਜ਼ ਕਰਨ ਲਈ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਆਧੁਨਿਕ ਬਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾ ਏ.ਆਈ. ਸਮਰੱਥ ਪਲੇਟਫ਼ਾਰਮ 30 ਦਿਨਾਂ
ਦੇ ਅੰਦਰ ਕਾਰਜਸ਼ੀਲ ਹੋ ਜਾਵੇਗਾ। ਮੁਲਿਨ ਨੇ ਕਿਹਾ ਕਿ ਸ਼ੁਰੂ ਵਿੱਚ ਸਾਡਾ ਧਿਆਨ ਅਰਜ਼ੀਆਂ ਦੀ ਪ੍ਰਕਿਰਿਆ ਵਿੱਚ ਬੈਕਲਾਗ ਨੂੰ ਘਟਾਉਣ ’ਤੇ ਕੇਂਦ੍ਰਿਤ ਰਹੇਗਾ। ਮੁਲਿਨ ਨੇ ਕਿਹਾ ਕਿ ਵਿਭਾਗ ਆਪਣੀ ਅਰਜ਼ੀ ਪ੍ਰਕਿਰਿਆ ਨੂੰ ਵੀ ਮੁੜ ਤਿਆਰ ਕਰ ਰਿਹਾ ਹੈ ਤਾਂ ਜੋ ਗਲਤੀਆਂ ਨੂੰ ਘੱਟ ਕੀਤਾ ਜਾ ਸਕੇ ਜੋ ਅਕਸਰ ਵੀਜ਼ਾ ਪ੍ਰਵਾਨਗੀਆਂ ਵਿੱਚ ਦੇਰੀ ਦਾ ਕਾਰਨ ਬਣਦੀਆਂ ਹਨ। ਉਨ੍ਹਾਂ ਕਿਹਾ ਕਿ ਇੱਕ ਅਜਿਹੀ ਪ੍ਰਣਾਲੀ ਵਿਕਸਤ ਹੋਵੇਗੀ ਜਿਸ ਤਹਿਤ ਓਦੋਂ ਤੱਕ ਕੋਈ ਵੀ ਦਰਖਾਸਤ ਜਮਾਂ ਨਹੀਂ ਹੋਵੇਗੀ ਜਦੋਂ ਤੱਕ ਉਸ ਨੂੰ ਸਹੀ ਢੰਗ ਨਾਲ ਭਰ ਨਹੀਂ ਲਿਆ ਜਾਂਦਾ।

***

### ਕੀ ਸੰਯੁਕਤ ਰਾਸ਼ਟਰ ਕੋਈ

ਵਿੱਚ ਭਾਰਤ ਸਰਕਾਰ ਵੱਲੋਂ ਕਥਿਤ ਸ਼ਮੂਲੀਅਤ ਦੀ ਜਾਂਚ ਕਰ ਰਹੇ ਹਨ, ਯੂਐਨ ਵਿੱਚ ਇਹ ਮੁੱਦਾ ਉੱਠਣ ਨਾਲ ਉਨ੍ਹਾਂ ਦੇਸ਼ਾਂ ਨੂੰ ਆਪਣੀ ਜਾਂਚ ਅਤੇ ਸਟੈਂਡ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਸਹੀ ਸਾਬਤ ਕਰਨ ਵਿੱਚ ਮਦਦ ਮਿਲਦੀ ਹੈ।

ਵਫ਼ਦ ਵੱਲੋਂ ‘ਸਵੈ-ਨਿਰਣੇ ਦੇ ਹੱਕ’ ਨੂੰ ਅੱਤਵਾਦ ਨਾਲ ਨਾ ਜੋੜਨ ਦੀ ਜੋ ਅਪੀਲ ਕੀਤੀ ਗਈ ਹੈ, ਉਸ ਨਾਲ ਵਿਦੇਸ਼ਾਂ ਵਿੱਚ ਸ਼ਾਂਤੀਪੂਰਨ ਤਰੀਕੇ ਨਾਲ ਪ੍ਰਦਰਸ਼ਨ ਕਰਨ ਵਾਲੇ ਸਿੱਖ ਕਾਰਕੁਨਾਂ ਨੂੰ ਉੱਥੋਂ ਦੇ ਕਾਨੂੰਨ ਮੁਤਾਬਕ ‘ਪ੍ਰਗਟਾਵੇ ਦੀ ਆਜ਼ਾਦੀ’ ਦੇ ਤਹਿਤ ਵਧੇਰੇ ਸੁਰੱਖਿਆ ਮਿਲਣ ਦੀ ਸੰਭਾਵਨਾ ਵਧਦੀ ਹੈ।

***

### ਫ਼ੀਫ਼ਾ ਵਿਸ਼ਵ ਕੱਪ ਦੇ ਬਹਾਨੇ ਕੈਨੇਡਾ

ਜਿਨ੍ਹਾਂ ਬਿਨੈਕਾਰਾਂ ਨੇ ਏਜੰਟਾਂ ਦੇ ਕਹਿਣ ’ਤੇ ਜਾਅਲੀ ਦਸਤਾਵੇਜ਼ ਵਰਤੇ, ਉਨ੍ਹਾਂ ’ਤੇ ਕੈਨੇਡਾ ਸਰਕਾਰ ਵੱਲੋਂ 5 ਸਾਲਾਂ ਦੀ ਪਾਬੰਦੀ ਲਗਾਈ ਜਾ ਰਹੀ ਹੈ। ਇਸ ਦਾ ਮਤਲਬ ਹੈ ਕਿ ਉਨ੍ਹਾਂ ਦਾ ਭਵਿੱਖ ਵਿੱਚ ਕੈਨੇਡਾ ਜਾਣ ਦਾ ਸੁਪਨਾ ਹਮੇਸ਼ਾ ਲਈ ਧੁੰਦਲਾ ਹੋ ਗਿਆ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਇੱਕ ਵਾਰ ਵੀਜ਼ਾ ਰਿਫ਼ਿਊਜ਼ (ਰੱਦ) ਹੋਣ ਨਾਲ ਬਿਨੈਕਾਰ ਦੇ ਇਮੀਗ੍ਰੇਸ਼ਨ ਰਿਕਾਰਡ ’ਤੇ ਨਕਾਰਾਤਮਕ ਅਸਰ ਪੈਂਦਾ ਹੈ, ਜਿਸ ਨਾਲ ਭਵਿੱਖ ਵਿੱਚ ਕਿਸੇ ਵੀ ਹੋਰ ਦੇਸ਼ ਦਾ ਵੀਜ਼ਾ ਮਿਲਣਾ ਵੀ ਮੁਸ਼ਕਿਲ ਹੋ ਜਾਂਦਾ ਹੈ।

ਇਹ ਮਾਮਲਾ ਪੰਜਾਬ ਦੇ ਨੌਜਵਾਨਾਂ ਅਤੇ ਮਾਪਿਆਂ ਲਈ ਇੱਕ ਵੱਡਾ ਸਬਕ ਹੈ। ਕੈਨੇਡਾ ਵਿੱਚ ਚੱਲ ਰਹੇ ਮੌਜੂਦਾ ਹਾਊਸਿੰਗ ਸੰਕਟ ਅਤੇ ਸਖ਼ਤ ਹੋ ਰਹੇ ਨਿਯਮਾਂ ਦੇ ਦੌਰ ਵਿੱਚ, ‘ਸ਼ਾਰਟਕੱਟ’ ਰਸਤੇ ਹਮੇਸ਼ਾ ਖ਼ਤਰਨਾਕ ਸਾਬਤ ਹੁੰਦੇ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬੀਆਂ ਨੂੰ ਸੋਸ਼ਲ ਮੀਡੀਆ ਦੇ ਝੂਠੇ ਇਸ਼ਤਿਹਾਰਾਂ ਤੋਂ ਬਚਣ ਦੀ ਲੋੜ ਹੈ। ਕਿਸੇ ਵੀ ਅੰਤਰਰਾਸ਼ਟਰੀ ਇਵੈਂਟ (ਜਿਵੇਂ ਫ਼ੀਫ਼ਾ) ਨੂੰ ਕਦੇ ਵੀ ਇਮੀਗ੍ਰੇਸ਼ਨ ਦਾ ਚੋਰ-ਦਰਵਾਜ਼ਾ ਨਾ ਸਮਝਿਆ ਜਾਵੇ। ਏਜੰਟਾਂ ਦੀਆਂ ਗੱਲਾਂ ਵਿੱਚ ਆਉਣ ਦੀ ਬਜਾਏ ਹਮੇਸ਼ਾ ਆਈਆਰਸੀਸੀ ਦੀ ਅਧਿਕਾਰਤ ਵੈੱਬਸਾਈਟ ’ਤੇ ਭਰੋਸਾ ਕਰੋ, ਤਾਂ ਜੋ ਤੁਹਾਡੀ ਮਿਹਨਤ ਦੀ ਕਮਾਈ ਅਤੇ ਭਵਿੱਖ ਦੋਵੇਂ ਸੁਰੱਖਿਅਤ ਰਹਿ ਸਕਣ। ਪੰਜਾਬ ਸਰਕਾਰ ਨੂੰ ਵੀ ਅਜਿਹੇ ਫ਼ਰਜ਼ੀ ਏਜੰਟਾਂ ਖ਼ਿਲਾਫ਼ ਤੁਰੰਤ ਸ਼ਿਕੰਜਾ ਕੱਸਣਾ ਚਾਹੀਦਾ ਹੈ ਜੋ ਨੌਜਵਾਨਾਂ ਦੇ ਭਵਿੱਖ ਨਾਲ ਖੇਡ ਰਹੇ ਹਨ।

***

### ਕੈਨੇਡਾ ਦੀ ਲੇਬਰ ਮਾਰਕੀਟ

ਸਾਲ 2023 ਵਿੱਚ ਇਤਿਹਾਸ ’ਚ ਪਹਿਲੀ ਵਾਰ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਦੀ ਗਿਣਤੀ, 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲੋਂ ਵੱਧ ਦਰਜ ਕੀਤੀ ਗਈ।
‘ਵਿਜ਼ਡਮ ਇਕਾਨਮੀ’ ਅਤੇ ਤਜਰਬੇ ਦੀ ਅਹਿਮੀਅਤ

ਮਾਹਿਰਾਂ ਦਾ ਇੱਕ ਹਿੱਸਾ ਇਸ ਵਰਤਾਰੇ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿੱਚ ‘ਵਿਜ਼ਡਮ ਇਕਾਨਮੀ’ (ਸਿਆਣਪ ਦੀ ਆਰਥਿਕਤਾ) ਵਜੋਂ ਦੇਖਦਾ ਹੈ, ਜਿੱਥੇ ਕੰਪਨੀਆਂ ਗੁੰਝਲਦਾਰ ਹਾਲਾਤਾਂ ਵਿੱਚ ਫ਼ੈਸਲੇ ਲੈਣ ਲਈ ਬਜ਼ੁਰਗਾਂ ਦੇ ਸਾਲਾਂ ਦੇ ਤਜਰਬੇ ’ਤੇ ਭਰੋਸਾ ਕਰ ਰਹੀਆਂ ਹਨ।

ਗੈਲਫ ਯੂਨੀਵਰਸਿਟੀ ਦੇ ਪ੍ਰੋਫੈਸਰ ਨਿਤਾ ਚਿਨਜ਼ਰ ਅਨੁਸਾਰ, ਵਿਜ਼ਡਮ ਦਾ ਮਤਲਬ ਸਿਰਫ਼ ਕਿਸੇ ਪ੍ਰੋਡਕਟ ਜਾਂ ਸਿਸਟਮ ਦਾ ਮਾਹਰ ਹੋਣਾ ਨਹੀਂ ਹੈ, ਸਗੋਂ ਇਹ ਸਮਝਣਾ ਹੈ ਕਿ ਗੁੰਝਲਦਾਰ ਹਾਲਾਤਾਂ ਵਿੱਚ ਫ਼ੈਸਲੇ ਕਿਵੇਂ ਲੈਣੇ ਹਨ, ਸੰਸਾਧਨਾਂ ਦੀ ਵੰਡ ਕਿਵੇਂ ਕਰਨੀ ਹੈ ਅਤੇ ਕਿਸ ਚੀਜ਼ ਨੂੰ ਪਹਿਲ ਦੇਣੀ ਹੈ। ਬਜ਼ੁਰਗ ਕਾਮਿਆਂ ਕੋਲ ਸਾਲਾਂ ਦਾ ਤਜਰਬਾ ਹੁੰਦਾ ਹੈ ਜਿਸ ਨੂੰ ਬਦਲਣਾ ਕੰਪਨੀਆਂ ਲਈ ਬਹੁਤ ਮੁਸ਼ਕਲ ਹੈ, ਇਸੇ ਲਈ ਸੰਕਟ ਦੇ ਸਮੇਂ ਕੰਪਨੀਆਂ ਇਨ੍ਹਾਂ ਤਜਰਬੇਕਾਰ ਹੱਥਾਂ ’ਤੇ ਭਰੋਸਾ ਕਰ ਰਹੀਆਂ ਹਨ।

ਆਰਥਿਕ ਮਜਬੂਰੀ ਅਤੇ ਨੌਜਵਾਨਾਂ ਲਈ ਵਧਦੀਆਂ ਚੁਣੌਤੀਆਂ

ਪਰ ਇਸ ਤਸਵੀਰ ਦਾ ਦੂਜਾ ਪੱਖ ਆਰਥਿਕ ਮਜਬੂਰੀ ਹੈ। ਵੈਲਥ ਸਿੰਪਲ ਦੇ ਸਰਵੇਖਣ ਮੁਤਾਬਕ, ਰਹਿਣ-ਸਹਿਣ ਦੀ ਲਾਗਤ ਇੰਨੀ ਵਧ ਚੁੱਕੀ ਹੈ ਕਿ 35 ਫੀਸਦੀ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਖ਼ਰਚੇ ਪੂਰੇ ਕਰਨ ਲਈ ਆਪਣੀ ਰਿਟਾਇਰਮੈਂਟ ਬੱਚਤ ਵਿੱਚ ਕਟੌਤੀ ਕਰਨੀ ਪਈ ਹੈ।

ਮਹਿੰਗੇ ਕਿਰਾਏ, ਘਰਾਂ ਦੀਆਂ ਕੀਮਤਾਂ ਅਤੇ ਵਧਦੀ ਮਹਿੰਗਾਈ ਕਾਰਨ ਬਹੁਤ ਸਾਰੇ ਕੈਨੇਡੀਅਨ 60-65 ਸਾਲ ਦੀ ਉਮਰ ਵਿੱਚ ਵੀ ਰਿਟਾਇਰ ਹੋਣ ਦਾ ਜੋਖ਼ਮ ਨਹੀਂ ਉਠਾ ਸਕਦੇ। ਇਸ ਬਦਲਾਅ ਦਾ ਮਾਰੂ ਅਸਰ ਨਵੇਂ ਪ੍ਰਵਾਸੀਆਂ ਅਤੇ ਪੰਜਾਬੀ ਅੰਤਰਰਾਸ਼ਟਰੀ ਵਿਦਿਆਰਥੀਆਂ ’ਤੇ ਪੈ ਰਿਹਾ ਹੈ ਕਿਉਂਕਿ ਤਜਰਬੇਕਾਰ ਕਾਮਿਆਂ ਵੱਲੋਂ ਪੋਸਟਾਂ ਨਾ ਖ਼ਾਲੀ ਕਰਨ ਕਰਕੇ ਨੌਜਵਾਨਾਂ ਲਈ ‘ਐਂਟਰੀ-ਲੈਵਲ’ ਨੌਕਰੀਆਂ ਲੱਭਣਾ ਮੁਸ਼ਕਿਲ ਹੋ ਗਿਆ ਹੈ।

ਰਾਇਲ ਬੈਂਕ ਆਫ ਕੈਨੇਡਾ ਮੁਤਾਬਕ, ਇਮੀਗ੍ਰੇਸ਼ਨ ਪਾਬੰਦੀਆਂ ਕਾਰਨ ਆਉਣ ਵਾਲੇ ਸਮੇਂ ਵਿੱਚ 35 ਸਾਲ ਤੋਂ ਘੱਟ ਉਮਰ ਦੇ ਕਾਮਿਆਂ ਦੀ ਗਿਰਾਵਟ ਆ ਸਕਦੀ ਹੈ, ਜੋ ਸਰਕਾਰ ਲਈ ਇੱਕ ਵੱਡੀ ਚੁਣੌਤੀ ਹੈ।

ਸਿੱਟੇ ਵਜੋਂ, ਕੈਨੇਡਾ ਦੀ ਲੇਬਰ ਮਾਰਕੀਟ ਵਿੱਚ ਆ ਰਿਹਾ ਇਹ ਬਦਲਾਅ ਦੋਧਾਰੀ ਤਲਵਾਰ ਵਾਂਗ ਹੈ। ਜਿੱਥੇ ਇੱਕ ਪਾਸੇ ਕੰਪਨੀਆਂ ਬਜ਼ੁਰਗ ਕਾਮਿਆਂ ਦੇ ਤਜਰਬੇ ਅਤੇ ਸਿਆਣਪ ਦਾ ਲਾਹਾ ਲੈ ਕੇ ਆਰਥਿਕ ਸੰਕਟਾਂ ਨਾਲ ਨਜਿੱਠ ਰਹੀਆਂ ਹਨ, ਉੱਥੇ ਹੀ ਦੂਜੇ ਪਾਸੇ ਵਧਦੀ ਮਹਿੰਗਾਈ ਨੇ ਆਮ ਲੋਕਾਂ ਤੋਂ ਸੇਵਾਮੁਕਤੀ ਦਾ ਸੁਖਦ ਸੁਪਨਾ ਖੋਹ ਲਿਆ ਹੈ। ਇਸ ਵਰਤਾਰੇ ਨੇ ਨੌਜਵਾਨਾਂ ਅਤੇ ਨਵੇਂ ਪ੍ਰਵਾਸੀਆਂ ਲਈ ਰੁਜ਼ਗਾਰ ਦੇ ਮੌਕੇ ਸੀਮਤ ਕਰ ਦਿੱਤੇ ਹਨ, ਜੋ ਆਉਣ ਵਾਲੇ ਸਮੇਂ ਵਿੱਚ ਸਮਾਜਿਕ ਅਤੇ ਆਰਥਿਕ ਅਸੰਤੁਲਨ ਪੈਦਾ ਕਰ ਸਕਦੇ ਹਨ।

***

### ਕੀ ਪਾਸਪੋਰਟ ਨੂੰ ‘ਜ਼ੀਰੋ’ ਕਰਕੇ ਭਾਜਪਾ

ਇਸ ਦਾ ਕਾਰਨ ਇਹ ਹੈ ਕਿ ਪੰਜਾਬੀਆਂ ਦੀ ਸ਼ਾਨ ਵੱਖਰੀ ਹੈ ਅਤੇ ‘ਕ੍ਰਾਂਤੀ’ ਉਹਨਾਂ ਦੇ ਖ਼ੂਨ ਵਿੱਚ ਰਚੀ ਹੋਈ ਹੈ। ਪੂਰੇ ਦੇਸ਼ ਵਿੱਚ ਕਿਸੇ ਵੀ ਸਿਆਸੀ ਪਾਰਟੀ ਦੇ ਹੱਕ ਵਿੱਚ ਚੱਲੀ ਸਿਆਸੀ ਲਹਿਰ ਦਾ ਅਸਰ ਪੰਜਾਬ ਵਿੱਚ ਨਾਂਹ ਦੇ ਬਰਾਬਰ ਹੁੰਦਾ ਹੈ ਤੇ ਪੰਜਾਬ ਚੋਣਾਂ ਦੇ ਮਾਮਲੇ ਵਿੱਚ ਹਮੇਸ਼ਾ ਆਪਣੇ ਮਨ ਦੀ ਮਰਜ਼ੀ ਕਰਦਾ ਆਇਆ ਹੈ। ਪੰਜਾਬੀ ਆਪਣੇ ‘ਦਿਲ’ ਦੀ ਆਵਾਜ਼ ਸੁਣ ਕੇ ਵੋਟਾਂ ਪਾਉਂਦੇ ਹਨ ਅਤੇ ਆਪਣੇ ਉਮੀਦਵਾਰਾਂ ਦੀ ਚੋਣ ਕਰਦੇ ਹਨ। ਪੰਜਾਬ ਦੇ ਵਸਨੀਕ ਬਹੁਤ ਹੀ ਨੇਕ ਦਿਲ, ਇਮਾਨਦਾਰ, ਮਿਹਨਤੀ ਅਤੇ ਬਹਾਦਰ ਹਨ। ਇਸ ਦੇ ਨਾਲ ਹੀ ਪੰਜਾਬੀ ਭੋਲੇ ਵੀ ਹੁੰਦੇ ਹਨ, ਜਿਸ ਕਾਰਨ ਉਹ ਛੇਤੀ ਨਾਲ ਹੀ ਦੂਜਿਆਂ ’ਤੇ ਵਿਸ਼ਵਾਸ ਕਰ ਲੈਂਦੇ ਹਨ ਤੇ ਕਈ ਵਾਰ ਧੋਖਾ ਵੀ ਖਾ ਜਾਂਦੇ ਹਨ। ਪੰਜਾਬ ਦੇ ਸਿਆਸੀ ਖੇਤਰ ਵਿੱਚ ਵੀ ਪੰਜਾਬੀਆਂ ਨਾਲ ਕਈ ਵਾਰ ਧੋਖਾ ਹੋਇਆ ਹੈ ਤੇ ਪੰਜਾਬੀਆਂ ਵੱਲੋਂ ਵੋਟਾਂ ਪਾ ਕੇ ਚੁਣੀਆਂ ਹੋਈਆਂ ਸਰਕਾਰਾਂ ਉਹਨਾਂ ਦੀਆਂ ਉਮੀਦਾਂ ’ਤੇ ਖਰੀਆਂ ਨਹੀਂ ਉੱਤਰੀਆਂ। ਇਸੇ ਕਾਰਨ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਚੁਣੇ ਹੋਏ ਨੁਮਾਇੰਦੇ ਵਾਪਸ ਬੁਲਾਉਣ ਦੀ ਮੰਗ ਉਭਰਨ ਲੱਗੀ ਹੈ। ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਸਬੰਧੀ ਪੰਜਾਬੀ ਪੂਰੀ ਤਰ੍ਹਾਂ ਸੁਚੇਤ ਹਨ ਅਤੇ ਉਹ ਪੰਜਾਬ ਦੀ ਸਿਆਸੀ ਸਥਿਤੀ ’ਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਪੰਜਾਬੀਆਂ ਨੂੰ ਇਸ ਗੱਲ ਦਾ ਭਲੀ ਭਾਂਤੀ ਪਤਾ ਹੈ ਕਿ ਕੇਂਦਰ ਦੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਨੇ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਅਤੇ ਇਹ ਚੋਣਾਂ ਜਿੱਤਣ ਲਈ ਹੀ ਪਾਸਪੋਰਟ ਸਬੰਧੀ ਨਵੇਂ ਦਾਅਵੇ ਕੀਤੇ ਹਨ। ਪੰਜਾਬੀ ਇਹ ਵੀ ਸਮਝਦੇ ਹਨ ਕਿ ਭਾਜਪਾ ਇਸ ਤਰ੍ਹਾਂ ਦੇ ਫੈਸਲੇ ਕਰਕੇ ਹਰ ਹੀਲੇ ਪੰਜਾਬ ਨੂੰ ਜਿੱਤਣਾ ਚਾਹੁੰਦੀ ਹੈ ਪਰ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਪਾਸਪੋਰਟ ਸਬੰਧੀ ਨਵੇਂ ਹੁਕਮਾਂ ਅਤੇ ਹੋਰ ਫੈਸਲਿਆਂ ਨਾਲ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਜਿੱਤ ਪ੍ਰਾਪਤ ਕਰਦੀ ਹੈ ਜਾਂ ਨਹੀਂ ?

***

### ਪਾਕਿਸਤਾਨ ਵਿੱਚ 125 ਸਾਲ ਪੁਰਾਣੇ ਗੁਰਦੁਆਰਾ ਸਿੰਘ ਸਭਾ

ਪਾਕਿਸਤਾਨ ਸਰਕਾਰ ਮੰਨਦੀ ਹੈ ਕਿ ਭਾਰਤ, ਕੈਨੇਡਾ, ਅਮਰੀਕਾ, ਬ੍ਰਿਟੇਨ, ਆਸਟਰੇਲੀਆ ਅਤੇ ਯੂ.ਏ.ਈ. ਤੋਂ ਆਉਣ ਵਾਲੀ ਸਿੱਖ ਸੰਗਤ ਧਾਰਮਿਕ ਟੂਰਿਜ਼ਮ ਰਾਹੀਂ ਦੇਸ਼ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਪਾਉਂਦੀ ਹੈ। ਪਰ ਇਸ ਦੇ ਬਾਵਜੂਦ ਪਾਕਿਸਤਾਨੀ ਔਕਾਫ਼ ਬੋਰਡ ਵੱਲੋਂ ਸਿੱਖ ਧਰਮ-ਅਸਥਾਨਾਂ ਦੀ ਸਾਂਭ-ਸੰਭਾਲ ਅਤੇ ਸੁਰੱਖਿਆ ਵੱਲ ਧਿਆਨ ਨਾ ਦੇਣਾ ਅਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਾ ਕਰਨਾ ਸਰਕਾਰ ਦੀ ਅਣਗਹਿਲੀ ਨੂੰ ਉਜਾਗਰ ਕਰਦਾ ਹੈ।

***

### ਅਮਰੀਕਾ ਤੋਂ ਕਿਉਂ ਮੋਹ ਭੰਗ ਹੋ ਰਿਹੈ

ਅਮਰੀਕਾ ਦੇ ਮੁਕਾਬਲੇ ਯੂਰਪ ਵਿੱਚ ਵਰਕ ਪਰਮਿਟ ਅਤੇ ਪੀਆਰ (ਪੱਕੇ ਹੋਣ) ਦੀ ਪ੍ਰਕਿਰਿਆ ਬਹੁਤ ਆਸਾਨ ਹੈ।

ਅਮਰੀਕਾ ਦੇ ਮੁਕਾਬਲੇ ਯੂਰਪ ਵਿੱਚ ਰਹਿਣ ਅਤੇ ਪੜ੍ਹਨ ਦਾ ਖ਼ਰਚਾ ਬਹੁਤ ਘੱਟ ਹੈ। ਇਸ ਤੋਂ ਇਲਾਵਾ ਸਿਹਤ ਬੀਮਾ, ਟ੍ਰਾਂਸਪੋਰਟ ਸਹੂਲਤਾਂ ਅਤੇ ਪਾਰਟ-ਟਾਈਮ ਕੰਮ ਦੇ ਵਧੀਆ ਮੌਕੇ ਮਿਲਣ ਕਾਰਨ ਵਿਦਿਆਰਥੀ ਆਪਣਾ ਖ਼ਰਚਾ ਆਸਾਨੀ ਨਾਲ ਕੱਢ ਲੈਂਦੇ ਹਨ।

**ਅਮਰੀਕੀ ਯੂਨੀਵਰਸਿਟੀਆਂ ਦੀ ਵਧੀ ਚਿੰਤਾ**

ਭਾਰਤੀ ਵਿਦਿਆਰਥੀ ਅਮਰੀਕੀ ਯੂਨੀਵਰਸਿਟੀਆਂ ਦੀ ਆਰਥਿਕਤਾ ਵਿਚ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ। ਹਰ ਸਾਲ ਅਰਬਾਂ ਡਾਲਰ ਦੀ ਫੀਸ ਰਾਹੀਂ ਉਹ ਅਮਰੀਕੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਦੇ ਹਨ। ਪਰ ਹੁਣ ਵਿਦਿਆਰਥੀਆਂ ਦੀ ਗਿਣਤੀ ਘਟਣ ਕਾਰਨ ਕਈ ਯੂਨੀਵਰਸਿਟੀਆਂ ਨੂੰ ਭਾਰੀ ਵਿੱਤੀ ਨੁਕਸਾਨ ਝੱਲਣਾ ਪੈ ਰਿਹਾ ਹੈ। ਸਿੱਖਿਆ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਅਮਰੀਕਾ ਨੇ ਵੀਜ਼ਾ ਨਿਯਮ ਨਾ ਸੁਧਾਰੇ, ਤਾਂ ਉਹ ਦੁਨੀਆ ਦੇ ਟੌਪ ਟੈਲੈਂਟ ਨੂੰ ਹਮੇਸ਼ਾ ਲਈ ਯੂਰਪ ਦੇ ਹੱਥੋਂ ਗੁਆ ਦੇਵੇਗਾ।

****

### ਕਥਿਤ ਫ਼ਰਜ਼ੀ ਮੁਕਾਬਲਿਆਂ ਦਾ ਮਾਮਲਾ:

ਟੀਮ ਗੁਰਦਾਸਪੁਰ ਵਿਖੇ ਹੋਏ ਕਥਿਤ ਪੁਲਿਸ ਮੁਕਾਬਲੇ ਦੇ ਹਰ ਪਹਿਲੂ ਦੀ ਬਾਰੀਕੀ ਨਾਲ ਜਾਂਚ ਕਰੇਗੀ ਅਤੇ ਕਮਿਸ਼ਨ ਦੇ ਸਾਹਮਣੇ ਅਸਲ ਸੱਚਾਈ ਪੇਸ਼ ਕਰੇਗੀ।

ਕੀ ਹੈ ਪੂਰਾ ਮਾਮਲਾ ?

ਇਹ ਪੂਰਾ ਵਿਵਾਦ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਪ੍ਰਧਾਨ ਰਣਜੀਤ ਸਿੰਘ ਵੱਲੋਂ ਦਾਇਰ ਕੀਤੀ ਗਈ ਇੱਕ ਸ਼ਿਕਾਇਤ ਤੋਂ ਬਾਅਦ ਗਰਮਾਇਆ ਹੈ।

35 ਕਥਿਤ ਮੁਕਾਬਲੇ: ਸ਼ਿਕਾਇਤ ਵਿੱਚ ਪਿਛਲੇ 4 ਸਾਲਾਂ ਦੌਰਾਨ ਪੰਜਾਬ ਪੁਲਿਸ ਵੱਲੋਂ ਕੀਤੇ ਗਏ 35 ਕਥਿਤ ਐਨਕਾਊਂਟਰਾਂ ’ਤੇ ਸਵਾਲ ਚੁੱਕੇ ਗਏ ਹਨ।

ਪ੍ਰਭਾਵਿਤ ਜ਼ਿਲ੍ਹੇ: ਇਸ ਸ਼ਿਕਾਇਤ ਵਿੱਚ ਮੁੱਖ ਤੌਰ ’ਤੇ ਅੰਮ੍ਰਿਤਸਰ, ਗੁਰਦਾਸਪੁਰ, ਫ਼ਤਹਿਗੜ੍ਹ ਸਾਹਿਬ ਅਤੇ ਬਰਨਾਲਾ ਸਮੇਤ ਸੂਬੇ ਦੇ ਕਈ ਹੋਰ ਹਿੱਸਿਆਂ ਵਿੱਚ ਹੋਏ ਮੁਕਾਬਲਿਆਂ ਨੂੰ ਸ਼ੱਕੀ ਦੱਸਿਆ ਗਿਆ ਹੈ।

ਪੰਜਾਬ ਪੁਲਿਸ ਵੱਲੋਂ ਜਵਾਬ ਦਾਖ਼ਲ ਕੀਤੇ ਜਾਣ ਅਤੇ ਸਿਟ ਦੇ ਗਠਨ ਦੀ ਜਾਣਕਾਰੀ ਦਿੱਤੇ ਜਾਣ ਤੋਂ ਬਾਅਦ ਹੁਣ ਗੇਂਦ ਮਨੁੱਖੀ ਅਧਿਕਾਰ ਕਮਿਸ਼ਨ ਦੇ ਪਾਲੇ ਵਿੱਚ ਹੈ। ਸ਼ਿਕਾਇਤਕਰਤਾ ਦੇ ਦੋਸ਼ਾਂ ਵਿੱਚ ਕਿੰਨੀ ਸੱਚਾਈ ਹੈ ਅਤੇ ਕੀ ਪੁਲਿਸ ਨੇ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਕਾਰਵਾਈ ਕੀਤੀ ਸੀ, ਇਸ ਦਾ ਅੰਤਿਮ ਫ਼ੈਸਲਾ ਸਿਟ ਦੀ ਜਾਂਚ ਰਿਪੋਰਟ ਅਤੇ ਕਮਿਸ਼ਨ ਦੀ ਅਗਲੀ ਸੁਣਵਾਈ ਤੋਂ ਬਾਅਦ ਹੀ ਸਾਫ਼ ਹੋਵੇਗਾ।

ਹਾਲੀਆ ਸਾਲਾਂ ਦੇ ਕੁੱਲ ਸਰਕਾਰੀ/ ਮੀਡੀਆ ਅੰਕੜੇ

ਜੇਕਰ ਪੰਜਾਬ ਵਿੱਚ ਪੁਲਿਸ ਅਤੇ ਅਪਰਾਧੀਆਂ (ਗੈਂਗਸਟਰਾਂ, ਨਸ਼ਾ ਤਸਕਰਾਂ) ਵਿਚਕਾਰ ਹੋਏ ਕੁੱਲ ਮੁਕਾਬਲਿਆਂ ਦੇ ਹਾਲੀਆ ਅੰਕੜਿਆਂ ’ਤੇ ਨਜ਼ਰ ਮਾਰੀਏ, ਤਾਂ ਇਹ ਗਿਣਤੀ ਕਾਫ਼ੀ ਜ਼ਿਆਦਾ ਹੈ:

ਸਾਲ 2025 ਵਿੱਚ: ਪੰਜਾਬ ਪੁਲਿਸ ਦੇ ਰਿਕਾਰਡ ਮੁਤਾਬਕ ਸੂਬੇ ਵਿੱਚ ਘੱਟੋ-ਘੱਟ 47 ਪੁਲਿਸ ਐਨਕਾਊਂਟਰ ਦਰਜ ਕੀਤੇ ਗਏ ਸਨ।

ਸਾਲ 2026 ਵਿੱਚ (ਜਨਵਰੀ ਤੋਂ ਜੂਨ ਤੱਕ): ਸਾਲ 2026 ਦੇ ਪਹਿਲੇ 6 ਮਹੀਨਿਆਂ ਦੇ ਅੰਦਰ ਹੀ 35 ਤੋਂ ਵੱਧ ਐਨਕਾਊਂਟਰ ਸਾਹਮਣੇ ਆ ਚੁੱਕੇ ਹਨ।

ਮੁੱਖ ਪ੍ਰਭਾਵਿਤ ਖੇਤਰ: ਇਹ ਮੁਕਾਬਲੇ ਜ਼ਿਆਦਾਤਰ ਗੁਰਦਾਸਪੁਰ, ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਬਰਨਾਲਾ, ਫ਼ਤਹਿਗੜ੍ਹ ਸਾਹਿਬ ਅਤੇ ਮੋਹਾਲੀ ਵਰਗੇ ਜ਼ਿਲ੍ਹਿਆਂ ਵਿੱਚ ਹੋਏ ਹਨ।

ਮਨੁੱਖੀ ਅਧਿਕਾਰ ਕਮਿਸ਼ਨ ਇਹਨਾਂ ਵਿੱਚੋਂ ਖ਼ਾਸ ਕਰਕੇ ਉਨ੍ਹਾਂ 35 ਮਾਮਲਿਆਂ ਦੀ ਜਾਂਚ ਕਰ ਰਿਹਾ ਹੈ ਜਿਨ੍ਹਾਂ ਨੂੰ ਸ਼ਿਕਾਇਤਕਰਤਾ ਵੱਲੋਂ ‘ਕਥਿਤ ਤੌਰ ’ਤੇ ਫ਼ਰਜ਼ੀ ਜਾਂ ਸ਼ੱਕੀ’ ਦੱਸਿਆ ਗਿਆ ਹੈ, ਜਿਸ ਵਿੱਚ ਗੁਰਦਾਸਪੁਰ ਦਾ ਹਾਲੀਆ ਰਣਜੀਤ ਸਿੰਘ ਵਾਲਾ ਮਾਮਲਾ ਵੀ ਸ਼ਾਮਿਲ ਹੈ।



### ਬੱਚਿਆਂ ਲਈ ਕਿੰਨੇ ਕੁ ਸਹੀ

ਵਿਚਲੇ ਛੋਟੇ-ਛੋਟੇ ਕੰਮਾਂ ਵਿਚ ਉਨ੍ਹਾਂ ਦੀ ਮਦਦ ਲੈਣੀ, ਇਕੱਠਿਆਂ ਬੈਠ ਕੇ ਵੱਖ-ਵੱਖ ਖੇਡਾਂ ਜਿਵੇਂ ਕੈਰਮ, ਲੂਡੋ, ਸ਼ਤਰੰਜ ਆਦਿ ਖੇਡਣਾ। ਆਪਣੇ ਖਿਡੌਣਿਆਂ ਵਿੱਚੋਂ ਟੁੱਟੀਆਂ ਚੀਜ਼ਾਂ ਅਲੱਗ ਕਰ ਕੇ ਉਨ੍ਹਾਂ ਤੋਂ ਕੁਝ ਵਧੀਆ ਬਣਾਉਣ ਵਿਚ ਬੱਚਿਆਂ ਦੀ ਮਦਦ ਕਰਨੀ। ਜੇ ਬੱਚੇ ਫੋਨ ਵਿਚ ਰੁਚੀ ਰੱਖਦੇ ਹਨ ਤਾਂ ਉਨ੍ਹਾਂ ਕੋਲ ਬੈਠੋ ਤੇ ਫੋਨ 'ਤੇ ਵੀ ਬੱਚਾ ਬਹੁਤ ਕੁਝ ਘਰ ਬੈਠਿਆਂ ਹੀ ਸਿੱਖ ਸਕਦਾ ਹੈ। ਘਰ ਵਿਚਲੇ ਬਜ਼ੁਰਗਾਂ ਨਾਲ ਕੁਝ ਸਮਾਂ ਬੈਠਣ ਲਈ ਕਹੋ, ਇਸ ਤਰ੍ਹਾਂ ਬੱਚੇ ਨੈਤਿਕ ਕਦਰਾਂ-ਕੀਮਤਾਂ ਨਾਲ ਭਰਪੂਰ ਹੋਣਗੇ। ਸ਼ਾਮ ਨੂੰ ਕੁਝ ਸਮਾਂ ਬੱਚਿਆਂ ਨਾਲ ਬਾਹਰ ਖੁੱਲ੍ਹੀ ਹਵਾ ਵਿਚ ਬਿਤਾਓ, ਜਿੱਥੇ ਬੱਚੇ ਸਾਈਕਲ ਚਲਾਉਣ ਜਾਂ ਆਪਣੇ ਸਾਥੀਆਂ ਨਾਲ ਖੇਡਣ। ਇਸ ਤਰ੍ਹਾਂ ਕਰ ਕੇ ਬੱਚਿਆਂ ਦਾ ਸਮਾਜਿਕ, ਬੌਧਿਕ, ਸਰੀਰਕ, ਮਾਨਸਿਕ ਤੇ ਭਾਵਨਾਤਮਿਕ ਵਿਕਾਸ ਹੋਵੇਗਾ। ਸਿਰਫ ਆਪਣਾ ਸਮਾਂ ਬਚਾਉਣ ਦੀ ਸੋਚ ਨਾਲ ਬੱਚਿਆਂ ਨੂੰ ਸਮਰ ਕੈਂਪ 'ਤੇ ਭੇਜਣਾ ਸਹੀ ਨਹੀਂ ਸਗੋਂ ਗਰਮੀਆਂ ਵਿਚ ਬੱਚਿਆਂ ਨਾਲ ਹੀ ਆਪਣਾ ਸਮਾਂ ਖ਼ਰਚ ਕਰੋ ਤਾਂ ਜੋ ਉਹ ਸਾਰੀਆਂ ਛੁੱਟੀਆਂ ਨੂੰ ਹੀ ਸਮਰ ਕੈਂਪ ਦੀ ਤਰ੍ਹਾਂ ਮਾਣ ਸਕਣ।

#### ਜ਼ਬਰਦਸਤੀ ਨਾ ਕੀਤੀ ਜਾਵੇ

ਕੁਝ ਬੱਚੇ ਖ਼ੁਦ ਹੀ ਬੜੇ ਸ਼ੌਕ ਨਾਲ ਕੈਂਪ ਲਗਾਉਂਦੇ ਹਨ ਤੇ ਕੁਝ ਬੱਚਿਆਂ ਦੇ ਮਾਤਾ-ਪਿਤਾ ਜ਼ੋਰ ਜ਼ਬਰਦਸਤੀ ਨਾਲ ਕੈਂਪ ਲਗਾਉਂਦੇ ਹਨ। ਸੋ ਜੇ ਬੱਚਾ ਸਮਰ ਕੈਂਪ ਲਗਾਉਣ ਦਾ ਇੱਛੁਕ ਹੋਵੇ, ਫਿਰ ਹੀ ਉਸ ਨੂੰ ਕੈਂਪ ਲਗਵਾਇਆ ਜਾਵੇ। ਜੋ ਨਹੀਂ ਲਗਾਉਣਾ ਚਾਹੁੰਦਾ, ਉਸ 'ਤੇ ਇਹ ਭਾਰ ਥੋਪਿਆ ਨਾ ਜਾਵੇ। ਇੱਛਾ ਸ਼ਕਤੀ ਨਾਲ ਕੀਤੇ ਕੰਮ ਸਾਰਥਿਕ ਨਤੀਜੇ ਦਿੰਦੇ ਹਨ।

***

### ਛੰਦ ਪਰਾਗੇ ਆਈਏ ਜਾਈਏ....

ਵਾਂਗ ਛੰਦ ਸੁਣਾਉਣ ਵਾਲਾ, ਫਿਰ ਸੱਸ ਸਹੁਰੇ ਨੂੰ ਸਿੱਠਦਾ ਹੈ ਭਾਵੇਂ ਸਾਲੀਆਂ ਦੀ ਮੰਗ ਵੀ ਹੋਵੇ, ਪਰ ਬਦਲਾਖੋਰੀ ਦੀ ਭਾਵਨਾ ਉਸ ਦੇ ਅੰਦਰ ਵੀ ਭਰੀ ਹੁੰਦੀ ਹੈ;

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਪੱਤੇ।
ਸਹੁਰਾ ਮੇਰਾ ਭੇਡਾਂ ਮੁੰਨੇ
ਸੱਸ ਮੇਰੀ ਉੱਨ ਕੱਤੇ।

ਲਾੜਾ ਵੀ ਆਪਣੀ ਹਾਰ ਮੰਨਣ ਵਾਲਾ ਨਹੀਂ ਹੁੰਦਾ, ਉਹ ਸਾਲੀਆਂ ਦੀ ਇੱਛਾ ਤੋਂ ਪਹਿਲਾਂ ਹੀ ਨਵਾਂ ਛੰਦ ਸੁਣਾਉਂਦਾ ਹੈ;

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਕਾਰ।
ਇੱਕ ਨੂੰ ਅਸੀਂ ਵਿਆਹ ਕੇ ਲੈ ਗਏ
ਦੂਜੀ ਰੱਖਿਓ ਤਿਆਰ।

ਅਜਿਹੇ ਮਾਹੌਲ ਵਿੱਚ ਸਭ ਦਾ ਕੰਨ ਰਸਦਾ ਹੈ, ਨਵੇਂ ਤੋਂ ਨਵੇਂ ਛੰਦ ਵੀ ਸੁਣਾਏ ਜਾਂਦੇ ਹਨ। ਛੰਦ ਸੁਣਾਉਣ ਵਾਲਾ ਵੀ ਕੋਈ ਮੌਕਾ ਹੱਥੋਂ ਖੁੰਝਣ ਨਹੀਂ ਦਿੰਦਾ ਅਤੇ ਤੁਰੰਤ ਨਵਾਂ ਛੰਦ ਸੁਣਾਉਂਦਾ ਹੈ;

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਝਾਵਾਂ।
ਜੇ ਤੁਹਾਡਾ ਕਿਤੇ ਵਿਆਹ ਨਹੀਂ ਹੁੰਦਾ
ਮੈਂ ਛੜਿਆਂ ਦੀ ਦੱਸ ਪਾਵਾਂ।

ਸਾਲੀਆਂ ਨਾਲ ਉੱਨੀ-ਇੱਕੀ ਕਰਨ ਵਿੱਚ ਲਾੜਾ ਕੋਈ ਕਸਰ ਨਹੀਂ ਰਹਿਣ ਦੇਣਾ ਚਾਹੁੰਦਾ। ਉਹ ਉਨ੍ਹਾਂ ਨੂੰ ਖਿਝਾਉਣ ਲਈ ਇਹ ਵੀ ਕਹਿ ਦਿੰਦਾ ਹੈ;

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਖੰਡ।
ਛੱਪੜੀ ਦੇ ਵਿੱਚ ਸੁੱਟ ਕੇ ਆਵਾਂ
ਬੰਨ੍ਹ ਕੇ ਸੋਡੀ ਪੰਡ।

ਕਈ ਵਾਰ ਆਰਥਿਕ ਮੰਦੀ ਕਾਰਨ ਲੋਕ ਕੁੜੀ ਦਾ ਵਿਆਹ ਕਰਨ ਲਈ ਉਸ ਦੇ ਸਹੁਰਿਆਂ ਕੋਲੋਂ ਪੈਸੇ ਵੀ ਲੈ ਲੈਂਦੇ ਸਨ। ਉਸ ਸਮੇਂ ਕਈ ਨਾਰਾਜ਼ ਲਾੜੇ ਆਪਣੀ ਨਾਰਾਜ਼ਗੀ ਦਾ ਪ੍ਰਗਟਾਵਾ ਵੀ ਕਰ ਦਿੰਦੇ ਹਨ। ਉਹ ਛੰਦ ਸੁਣਾਉਂਦੇਸਮੇਂ ਹੀ ਸ਼ਬਦਾਂ ਨੂੰ ਤੋੜ ਮਰੋੜ ਕੇ ਉਨ੍ਹਾਂ ਸਾਹਮਣੇ ਪੇਸ਼ ਕਰ ਦਿੰਦੇ ਸਨ;

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਗਰਨਾ।
ਪੈਸਾ ਟਕਾ ਵਿਆਹ 'ਤੇ ਲੱਗ ਗਿਆ
ਖੇਹ ਖਾ ਕੇ ਮਰਨਾ।

ਆਖਰ ਵਿੱਚ ਜਦੋਂ ਵਿਦਾਈ ਦਾ ਸਮਾਂ ਆ ਜਾਂਦਾ ਹੈ ਤਾਂ ਲਾੜਾ ਇਹ ਛੰਦ ਸੁਣਾ ਕੇ ਛੰਦ ਸੁਣਾਉਣਾ ਬੰਦ ਕਰ ਦਿੰਦਾ ਹੈ ਕਿ ਹੁਣ ਸਮਾਂ ਬਹੁਤ ਹੋ ਗਿਆ ਹੈ ਤੇ ਇਸ ਕੰਮ ਨੂੰ ਸਮਾਪਤ ਕਰਨਾ ਬਣਦਾ ਹੈ ਤਾਂ ਉਹ ਆਖਰੀ ਛੰਦ ਇਸ ਤਰ੍ਹਾਂ ਸੁਣਾਉਂਦਾ ਹੈ;

ਛੰਦ ਪਰਾਗੇ ਆਈਏ ਜਾਈਏ
ਛੰਦ ਪਰਾਗੇ ਗਹਿਣਾ।
ਛੇਤੀ ਛੇਤੀ ਤੋਰੋ ਕੁੜੀ ਨੂੰ
ਮੈਂ ਨਹੀਂ ਹੁਣ ਬਹਿਣਾ ?

ਇਸ ਤਰ੍ਹਾਂ ਛੰਦ ਵੀ ਸਿੱਠਣੀਆਂ ਦੀ ਹੀ ਇੱਕ ਸ਼ਾਖਾ ਹਨ, ਫ਼ਰਕ ਸਿਰਫ਼ ਇੰਨਾ ਹੀ ਹੈ ਕਿ ਇਸ ਨੂੰ ਲਾੜੇ ਵੱਲੋਂ ਬੋਲਿਆ ਜਾਂਦਾ ਹੈ ਅਤੇ ਸਿੱਠਣੀਆਂ ਸਾਲੀਆਂ ਕੁੜਮਣੀਆਂ ਆਦਿ ਵੱਲੋਂ ਦਿੱਤੀਆਂ ਜਾਂਦੀਆਂ ਹਨ। ਮਜ਼ਾਕ ਦੀ ਇਹ ਪਰੰਪਰਾ ਸਾਡੇ ਸੱਭਿਆਚਾਰ ਦੀ ਇੱਕ ਪੁਰਾਣੀ ਪਰੰਪਰਾ ਹੈ ਜੋ ਉਵੇਂ ਜਿਵੇਂ ਹੀ ਕਾਇਮ ਰਹਿਣੀ ਚਾਹੀਦੀ ਹੈ।

***

### ਵਿਸ਼ਵ ਚੈਂਪੀਅਨ ਮੁੱਕੇਬਾਜ਼

7 ਸਤੰਬਰ 1954 ਨੂੰ ਬੇਸ਼ੱਕ ਉਹ ਮਾਰਟੀ ਮਾਰਸ਼ਲ ਤੋਂ ਹਾਰਿਆ ਵੀ, ਪਰ 21 ਅਪ੍ਰੈਲ 1955 ਨੂੰ ਉਸ ਨੂੰ ਹਰਾਇਆ ਵੀ। ਉਨ੍ਹਾਂ ਵਿਚਕਾਰ ਤੀਜਾ ਮੁਕਾਬਲਾ 6 ਮਾਰਚ 1956 ਨੂੰ ਹੋਇਆ ਜੋ ਫਿਰ ਸੋਨੀ ਲਿਸਟਨ ਨੇ ਜਿੱਤਿਆ। ਜਨਵਰੀ 1962 ਵਿੱਚ ਪੈਟਰਸਨ ਸਲਾਹ ਲੈਣ ਲਈ ਅਮਰੀਕਾ ਦੇ ਪ੍ਰਧਾਨ ਜੌਹਨ ਐੱਫ ਕੈਨੇਡੀ ਨੂੰ ਮਿਲਿਆ। ਕੈਨੇਡੀ ਨੇ ਸਲਾਹ ਦਿੱਤੀ ਕਿ ਉਹ ਮੁਜਰਮ ਮੁੱਕੇਬਾਜ਼ ਨਾਲ ਨਾ ਲੜੇ, ਪਰ ਉਨ੍ਹਾਂ ਦਾ ਮੁਕਾਬਲਾ ਟਾਲਿਆ ਨਾ ਜਾ ਸਕਿਆ। ਇੰਞ ਸੋਨੀ ਲਿਸਟਨ 25 ਸਤੰਬਰ 1962 ਨੂੰ ਉਦੋਂ ਦੇ ਮਾਨਤਾ ਪ੍ਰਾਪਤ ਹੈਵੀਵੇਟ ਵਿਸ਼ਵ ਚੈਂਪੀਅਨ ਫਲੋਏਡ ਪੈਟਰਸਨ ਨੂੰ ਨਾਕ ਆਊਟ ਕਰ ਕੇ ਪਹਿਲੀ ਵਾਰ ਵਿਸ਼ਵ ਬੌਕਸਿੰਗ ਚੈਂਪੀਅਨ ਬਣਿਆ। ਰਹਿੰਦੀ ਕਸਰ ਉਸ ਨੇ 1963 'ਚ ਦੂਜੀ ਵਾਰ ਵਿਸ਼ਵ ਚੈਂਪੀਅਨ ਬਣ ਕੇ ਕੱਢ ਦਿੱਤੀ। 1964 'ਚ ਜਦੋਂ ਮੁਹੰਮਦ ਅਲੀ ਨੇ ਉਸ ਨੂੰ ਹਰਾਇਆ ਤਾਂ ਚਰਚਾ ਚੱਲੀ ਕਿ ਮੁਕਾਬਲੇ ਤੋਂ ਪਹਿਲੀ ਰਾਤ ਸੋਨੀ ਨੇ ਰੱਜ ਕੇ ਸ਼ਰਾਬ ਪੀਤੀ ਸੀ ਜਿਸ ਕਾਰਨ ਉਹ ਨਿਢਾਲ ਜਿਹਾ ਸੀ। ਸੱਜਾ ਮੋਢਾ ਵੀ ਕੁਝ ਕਸਰਿਆ ਹੋਇਆ ਸੀ। 1965 'ਚ ਉਹ ਮੁਹੰਮਦ ਅਲੀ ਤੋਂ ਦੂਜੀ ਵਾਰ ਹਾਰਿਆ ਤਾਂ ਚਰਚਾ ਇਹ ਵੀ ਚੱਲੀ ਕਿ ਮੈਚ 'ਫਿਕਸ' ਸੀ। ਫਿਰ ਵੀ ਉਹ 1970 ਤੱਕ ਜਿੱਤਾਂ ਜਿੱਤਦਾ ਸਰਗਰਮ ਮੁੱਕੇਬਾਜ਼ ਰਿਹਾ।

***

### ਇਰਾਨ ਯੁੱਧ ਰਾਹੀਂ ਬਹੁ-ਧਰੁਵੀ ਸੰਸਾਰ

ਈਰਾਨ ਇਨ੍ਹਾਂ ਸਾਰੀਆਂ ਸੰਸਥਾਵਾਂ ਦਾ ਸਰਗਰਮ ਮੈਂਬਰ ਬਣ ਗਿਆ ਹੈ, ਅਤੇ ਬ੍ਰਿਕਸ ਫ਼ਿਊਚਰ ਨੈੱਟਵਰਕ ਫ਼ੋਰਮ ਵਿੱਚ ਚੀਨ ਦੀ ਅਗਵਾਈ ਹੇਠ ਡਿਜੀਟਲ ਬੁਨਿਆਦੀ ਢਾਂਚੇ ਦੀ ਰੂਪ-ਰੇਖਾ ਤਿਆਰ ਕਰਨਾ ਅਮਰੀਕੀ ਤਕਨੀਕੀ ਦਬਦਬੇ ਨੂੰ ਸਿੱਧੀ ਚੁਣੌਤੀ ਹੈ।

ਫ਼ੌਜੀ ਮੋਰਚੇ 'ਤੇ ਵੀ ਅਮਰੀਕੀ ਅਜਿੱਤ ਹੋਣ ਦਾ ਭੁਲੇਖਾ ਟੁੱਟ ਗਿਆ ਹੈ। ਈਰਾਨ ਨੇ ਡ੍ਰੋਨ ਅਤੇ ਮਿਜ਼ਾਈਲ ਹਮਲਿਆਂ ਦੁਆਰਾ ਇਜ਼ਰਾਈਲ ਦੀ ਹਵਾਈ ਰੱਖਿਆ ਪ੍ਰਣਾਲੀ ਨੂੰ ਭੇਦ ਦਿੱਤਾ, ਤਾਂ ਅਮਰੀਕੀ ਹਥਿਆਰਾਂ 'ਤੇ ਖੜ੍ਹੀ ਇਜ਼ਰਾਇਲ ਦੀ ਅਜਿੱਤਤਾ ਦਾ ਦਬਦਬਾ ਢਹਿ ਗਿਆ। ਪੱਛਮ ਦੀ ਤਕਨਾਲੋਜੀ ਆਖਰੀ ਨਹੀਂ ਹੈ, ਇਹ ਚੀਨ ਦੇ ਸਹਿਯੋਗ ਨਾਲ ਸਾਬਤ ਹੋਇਆ। ਜੰਗਬੰਦੀ ਸਮਝੌਤੇ ਵਿੱਚ ਅਮਰੀਕਾ ਨੂੰ ਇਜ਼ਰਾਇਲ ਨੂੰ ਲਿਬਨਾਨ 'ਤੇ ਹਮਲੇ ਰੋਕਣ ਲਈ ਮਜਬੂਰ ਕਰਨ ਦੀ ਇਰਾਨ ਦੀ ਸ਼ਰਤ ਮੰਨਣੀ ਪਈ, ਇਹ ਅਮਰੀਕੀ ਕੂਟਨੀਤੀ ਦੀਆਂ ਸੀਮਾਵਾਂ ਨੂੰ ਦਰਸਾਉਂਦਾ ਹੈ।

ਆਰਥਿਕ ਅਤੇ ਤਕਨੀਕੀ ਕੇਂਦਰ ਵੀ ਹੁਣ ਤਬਦੀਲ ਹੋ ਰਿਹਾ ਹੈ। ਦੁਨੀਆ ਦਾ ਸਭ ਤੋਂ ਵੱਡਾ ਉਤਪਾਦਨ ਕੇਂਦਰ ਚੀਨ ਹੈ ਅਤੇ ਏ.ਆਈ, ਇਲੈਕਟ੍ਰਿਕ ਵਾਹਨਾਂ, ਕੁਆਂਟਮ ਤਕਨਾਲੋਜੀ ਵਿੱਚ ਚੀਨ ਨੇ ਬੜ੍ਹਤ ਲੈ ਲਈ ਹੈ। ਇਰਾਨ ਵਰਗੇ ਦੇਸ਼ ਹੁਣ ਪੂੰਜੀ, ਤਕਨਾਲੋਜੀ ਅਤੇ ਭਵਿੱਖ ਦੇ ਰੁਜ਼ਗਾਰ ਲਈ ਅਮਰੀਕਾ ਵੱਲ ਨਹੀਂ, ਸਗੋਂ ਚੀਨ ਵੱਲ ਦੇਖ ਰਹੇ ਹਨ। ਲੇਖਾਂ ਤੋਂ ਪਤਾ ਲੱਗਾ ਹੈ ਕਿ, ਇਰਾਨ ਖੁਦ ਨੂੰ ਚੀਨ ਦੀ ਮੁੱਲ-ਲੜੀ ਵਿੱਚ ਸ਼ਾਮਲ ਕਰਨਾ ਚਾਹੁੰਦਾ ਹੈ ਅਤੇ ਦੂਜੇ ਪਾਸੇ ਬ੍ਰਿਕਸ ਪਲੱਸ ਦੇ ਮਾਧਿਅਮ ਰਾਹੀਂ ਡਿਜੀਟਲ ਭਵਿੱਖ ਦੀ ਰੂਪ-ਰੇਖਾ ਉਲੀਕ ਰਿਹਾ ਹੈ। ਇਹ ਅਮਰੀਕਾ ਦੇ ਵਿਸ਼ਵ ਆਰਥਿਕਤਾ ਦੇ ਕੇਂਦਰ ਵਿੱਚ ਹੋਣ ਦੀ ਸਥਿਤੀ ਲਈ ਇੱਕ ਵੱਡੀ ਚੁਣੌਤੀ ਹੈ।

ਇਸ ਤੋਂ ਵੀ ਮਹੱਤਵਪੂਰਨ ਗੱਲ ਗਲੋਬਲ ਸਾਊਥ ਦੀ ਵੱਧ ਰਹੀ ਆਵਾਜ਼ ਹੈ। ਚੀਨ ਨੇ ਸਪੱਸ਼ਟ ਤੌਰ 'ਤੇ ਰੱਖਿਆ ਹੈ ਕਿ ਸੰਯੁਕਤ ਰਾਸ਼ਟਰ ਵਿੱਚ ਉੱਭਰ ਰਹੀਆਂ ਮੰਡੀਆਂ ਦੀ ਨੁਮਾਇੰਦਗੀ ਅਧੂਰੀ ਹੈ ਅਤੇ ਗਲੋਬਲ ਸਾਊਥ ਦੀ ਆਵਾਜ਼ ਨੂੰ ਜ਼ਿਆਦਾ ਸੁਣਿਆ ਜਾਣਾ ਚਾਹੀਦਾ ਹੈ। ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਵਿਸ਼ਵ ਪ੍ਰਸ਼ਾਸਨ ਨੂੰ ਹੋਰ ਨਿਆਂਪੂਰਨ ਅਤੇ ਸੰਤੁਲਿਤ ਬਣਾਉਣ ਲਈ ਇੱਕ ਸਫ਼ੈਦ-ਪੱਤਰ ਜਾਰੀ ਕਰਦਿਆਂ ਕਿਹਾ, 'ਛੋਟਾ ਹੋਵੇ ਜਾਂ ਵੱਡਾ, ਸਾਰੇ ਦੇਸ਼ ਅੰਤਰਰਾਸ਼ਟਰੀ ਭਾਈਚਾਰੇ ਦੇ ਬਰਾਬਰ ਮੈਂਬਰ ਹਨ।' ਇਰਾਨ-ਚੀਨ ਭਾਈਵਾਲੀ ਇਸ ਬਦਲ ਰਹੀ ਵਿਸ਼ਵ ਵਿਵਸਥਾ ਦਾ ਇੱਕ ਮੂਰਤ ਆਧਾਰ-ਥੰਮ ਹੈ।

ਅਮਰੀਕੀ ਇੱਕ-ਧਰੁਵੀ ਕਾਰਜ-ਪ੍ਰਣਾਲੀ ਨੂੰ ਰੱਦ ਕਰਕੇ ਬਹੁ-ਧਰੁਵੀ, ਨਿਯਮ-ਆਧਾਰਿਤ ਪਰ ਪੱਛਮ ਦੀ ਮਨਾਪਲੀ ਤੋਂ ਰਹਿਤ ਵਿਸ਼ਵ ਵਿਵਸਥਾ ਦੀ ਨੀਂਹ ਰੱਖੀ ਜਾ ਰਹੀ ਹੈ। ਬੇਸ਼ੱਕ, ਅਮਰੀਕੀ ਦਬਦਬਾ ਇੱਕ ਰਾਤ ਵਿੱਚ ਪੂਰੀ ਤਰ੍ਹਾਂ ਇਤਿਹਾਸ ਨਹੀਂ ਬਣ ਜਾਵੇਗਾ। ਅਮਰੀਕਾ ਕੋਲ ਅਜੇ ਵੀ ਵਿਸ਼ਾਲ ਫ਼ੌਜੀ ਅੱਡੇ, ਤਕਨੀਕੀ ਸਮਰੱਥਾ ਅਤੇ ਡਾਲਰ ਦਾ ਰਿਜ਼ਰਵ ਮੁਦਰਾ ਵਜੋਂ ਸਥਾਨ ਹੈ। ਪਰੰਤੂ ਇੱਕ-ਧਰੁਵੀ ਦੁਨੀਆ ਦਾ ਦੌਰ ਨਿਸ਼ਚਿਤ ਰੂਪ ਵਿੱਚ ਖਤਮ ਹੋ ਰਿਹਾ ਹੈ, ਅਤੇ ਕਈ ਧਰੁਵਾਂ ਵਾਲੀ ਇੱਕ ਨਵੀਂ ਵਿਵਸਥਾ ਉਭਰ ਕੇ ਸਾਹਮਣੇ ਆ ਰਹੀ ਹੈ, ਇਹ ਇਨ੍ਹਾਂ ਘਟਨਾਵਾਂ ਤੋਂ ਸਾਬਤ ਹੁੰਦਾ ਹੈ। ਖੁਦ ਅਮਰੀਕਾ ਨੂੰ ਵੀ ਹੁਣ ਪਾਕਿਸਤਾਨ ਦੀ ਵਿਚੋਲਗੀ ਰਾਹੀਂ ਸਮਝੌਤਾ ਕਰਨਾ ਪੈਂਦਾ ਹੈ ਅਤੇ ਜੰਗਬੰਦੀ ਤੋਂ ਬਾਅਦ 60 ਦਿਨਾਂ ਦੇ ਅੰਦਰ ਸਰਬਪੱਖੀ ਅੰਤਿਮ ਹੱਲ ਕੱਢਣ ਦੀ ਵਚਨਬੱਧਤਾ ਜ਼ਾਹਰ ਕਰਨੀ ਪੈਂਦੀ ਹੈ, ਇਹ ਸੱਚਾਈ ਅਮਰੀਕੀ ਦਬਦਬੇ ਦੀ ਅਪੇਖਿਕ ਗਿਰਾਵਟ ਦੀ ਸਪੱਸ਼ਟ ਨਿਸ਼ਾਨਦੇਹੀ ਹੈ।

ਅੰਤ ਵਿੱਚ, ਅਮਰੀਕਾ-ਇਜ਼ਰਾਇਲ ਦੇ ਵਿਰੁੱਧ ਜੰਗ ਵਿੱਚ ਇਰਾਨ ਨੂੰ ਮਿਲੀ ਸਫ਼ਲਤਾ ਅਤੇ ਉਸ ਤੋਂ ਬਾਅਦ ਇਸਲਾਮਾਬਾਦ ਸਮਝੌਤੇ ਰਾਹੀਂ ਹਾਸਲ ਕੀਤਾ ਗਿਆ ਰਾਜਨੀਤਿਕ ਲਾਭ ਚੀਨ ਦੇ ਦ੍ਰਿੜ੍ਹ ਅਤੇ ਬਹੁ-ਪਸਾਰੀ ਸਮਰਥਨ ਤੋਂ ਬਿਨਾਂ ਸੰਭਵ ਨਹੀਂ ਸੀ। ਚੀਨ ਨੇ ਆਰਥਿਕ ਜੀਵਨ-ਰੇਖਾ, ਰਾਜਨੀਤਿਕ ਸੁਰੱਖਿਆ, ਤਕਨੀਕੀ ਸਹਿਯੋਗ, ਜੰਗ ਤੋਂ ਬਾਅਦ ਪੁਨਰ-ਨਿਰਮਾਣ ਦੀ ਗਾਰੰਟੀ ਅਤੇ ਬ੍ਰਿਕਸ ਵਰਗੇ ਮੰਚਾਂ 'ਤੇ ਸਾਂਝੇ ਡਿਜੀਟਲ ਭਵਿੱਖ ਦੀ ਰੂਪ-ਰੇਖਾ ਉਲੀਕ ਕੇ ਈਰਾਨ ਨੂੰ ਇੱਕ ਸਰਵਪੱਖੀ ਰਣਨੀਤਿਕ ਭਾਈਵਾਲ ਬਣਾ ਦਿੱਤਾ ਹੈ। ਕਾਲੀਬਾਫ਼ ਦੇ ਸ਼ਬਦਾਂ ਵਿੱਚ ਕਹੀਏ ਤਾਂ, 'ਚੀਨ ਅਤੇ ਇਰਾਨ ਕਿਸੇ ਵੀ ਭਵਿੱਖ ਦੇ ਖੇਤਰੀ ਗਰੁੱਪ ਦੇ ਨਿਸ਼ਚਿਤ ਅਤੇ ਲਾਜ਼ਮੀ ਮੈਂਬਰ' ਬਣ ਗਏ ਹਨ। ਭਾਵੇਂ ਅਮਰੀਕੀ ਦਬਦਬਾ ਅਜੇ ਪੂਰੀ ਤਰ੍ਹਾਂ ਇਤਿਹਾਸ ਨਹੀਂ ਬਣਿਆ, ਪਰ ਈਰਾਨ-ਚੀਨ-ਰੂਸ ਦਾ ਇਹ ਨਵਾਂ ਰਣਨੀਤਿਕ ਗਠਜੋੜ, ਗਲੋਬਲ ਸਾਊਥ ਦੀ ਵੱਧ ਰਹੀ ਆਵਾਜ਼ ਅਤੇ ਬਹੁ-ਧਰੁਵੀ ਸੰਸਥਾਵਾਂ ਦਾ ਮਜ਼ਬੂਤ ਹੋਣਾ, ਇਹ ਨਿਰਵਿਵਾਦ ਤੌਰ 'ਤੇ ਉਸ ਦਬਦਬੇ ਦੀ ਨੀਂਹ ਪੁੱਟ ਰਹੇ ਹਨ।

****

### ਕੀ ਅਮਰੀਕਾ ਦਾ ਹਮਲਾਵਰ

ਤਾਈਵਾਨ ਅਮਰੀਕਾ ਤੋਂ ਹਥਿਆਰ ਖਰੀਦਦਾ। ਇਹ ਨੀਤੀ ਕਿਸੇ ਵੱਡੇ ਫ਼ੌਜੀ ਟਕਰਾਅ ਦੀਆਂ ਸੰਭਾਵਨਾਵਾਂ ਵਾਲੀ ਹੈ। ਉੱਤਰੀ ਕੋਰੀਆ ਨਾਲ ਅਮਰੀਕਾ ਦੀ 1950 ਵਿੱਚ ਸ਼ੁਰੂ ਹੋ ਕੇ ਤਿੰਨ ਸਾਲ ਜੰਗ ਚੱਲੀ। ਅਜੇ ਤੱਕ ਉਸ ਉੱਤੇ ਸਖ਼ਤ ਅਮਰੀਕੀ ਪਾਬੰਦੀਆਂ ਅਤੇ ਤਣਾਅ ਬਰਕਰਾਰ ਹੈ।

ਅਫ਼ਗਾਨਿਸਤਾਨ ਤੇ ਪਾਕਿਸਤਾਨ ਦਰਮਿਆਨ ਮੌਜੂਦਾ ਜੰਗੀ ਟਕਰਾਅ ਅਤੇ ਕੱਟੜ ਅੱਤਵਾਦ ਵਾਲਾ ਮਾਹੌਲ ਮੁੱਖ ਰੂਪ ਵਿੱਚ ਅਮਰੀਕਾ ਨਾਲ ਦੋਸਤੀ ਦਾ ਨਤੀਜਾ ਹੈ। ਇਹ ਸਬਕ ਸਾਡੀ ਭਾਰਤ ਸਰਕਾਰ ਲਈ ਕੀਮਤੀ ਹੈ, ਜਿਸਨੂੰ ਅਮਰੀਕੀ ਇਜ਼ਰਾਇਲੀ ਦੋਸਤੀ ਦਾ ਨਵਾਂ ਨਵਾਂ ਚਾਅ ਹੈ। ਸਾਡੇ ਚਾਅ ਦੇ ਬਾਵਜੂਦ ਭਾਰਤੀਆਂ ਵੱਲੋਂ ਚਲਾਏ ਜਾ ਰਹੇ ਤਿੰਨ ਜਹਾਜ਼ਾਂ ਉੱਤੇ ਅਮਰੀਕਾ ਨੇ ਹਮਲਾ ਕਰਕੇ ਤਿੰਨ ਚਾਲਕ ਮਾਰ ਦਿੱਤੇ, ਜਹਾਜ਼ ਡੁਬੋ ਦਿੱਤਾ, ਭਾਰਤ ਉੱਤੇ ਇਕਪਾਸੜ ਹੋਰ ਟੈਰਿਫ਼ ਵੀ ਲਾਏ। ਜਿਵੇਂ ਇਰਾਨ ਤੋਂ ਮਿਲੀ ਹਾਰ ਦੀ ਖਿੱਝ ਸਾਡੇ 'ਤੇ ਕੱਢ ਰਹੇ ਹੋਣ ਕਿ ਇਨ੍ਹਾਂ ਨੇ ਕਿਹੜਾ ਅੱਗੋਂ ਬੋਲਣਾ!

ਸਭ ਦੇ ਮਨ ਵਿੱਚ ਇਹ ਸਵਾਲ ਹੈ ਕਿ ਕੀ ਇਰਾਨ ਵਾਲਾ ਤਜਰਬਾ ਨਾਕਾਮ ਰਹਿਣ ਉਪਰੰਤ ਅਮਰੀਕਾ ਦੇ ਹਮਲਾਵਰ ਰੁਖ਼ ਵਿੱਚ ਕੋਈ ਹਾਂ-ਪੱਖੀ ਬਦਲਾਅ ਆਵੇਗਾ? ਕਿਉਂਕਿ ਅਮਰੀਕਾ ਨੇ ਪਹਿਲਾਂ ਵਾਲੇ ਨਾਕਾਮ ਤਜਰਬਿਆਂ (ਵੀਅਤਨਾਮ, ਇਰਾਕ, ਅਫ਼ਗਾਨਿਸਤਾਨ) ਤੋਂ ਤਾਂ ਕੋਈ ਸਬਕ ਨਹੀਂ ਸਿੱਖਿਆ।

ਜ਼ਮੀਨੀ ਸੱਚ ਇਹੀ ਹੈ ਕਿ ਹਥਿਆਰਾਂ ਦੀ ਮੰਡੀ ਦੇ ਸਭ ਤੋਂ ਵੱਡੇ ਨਿਰਮਾਤਾ ਅਤੇ ਵਪਾਰੀ ਅਮਰੀਕਾ ਦਾ ਹਿੱਤ ਤਾਂ ਇਹੀ ਹੈ ਕਿ ਝਗੜੇ ਸੁਲਘਦੇ ਮੱਚਦੇ ਰਹਿਣ ਅਤੇ ਮੁਲਕਾਂ ਦੀ ਹਥਿਆਰ ਖਰੀਦਣ ਦੀ ਲੋੜ ਤਲਬ ਬਣੀ ਰਵ੍ਹੇ। ਨਾਲੇ ਗਾਹਕ ਵੀ ਮੈਥੋਂ ਦਹਿਸ਼ਤ ਦੇ ਮਾਰੇ ਮੇਰੀ ਦੁਕਾਨ ਉੱਤੇ ਹੀ ਆਉਣ। ਹਮੇਸ਼ਾਂ ਵੇਖਿਆ ਗਿਆ ਕਿ ਕਿਸੇ 'ਤੇ ਹਮਲਾ ਕਰਕੇ ਸਫ਼ਲ ਹੋਣ ਉੱਤੇ ਅਮਰੀਕੀ ਲੋਕ ਲੀਡਰ ਉੱਤੇ ਖੁਸ਼ ਹੁੰਦੇ ਹਨ। ਜਦਕਿ ਇਰਾਨ ਵਾਂਗ ਹਮਲਾਵਰ ਕਾਰਵਾਈ ਨਾਕਾਮ ਰਹੇ ਤਾਂ ਆਗੂ ਦਾ ਸਮਰਥਨ ਘਟਦਾ ਹੈ। ਜੇ ਐਸਾ ਹੈ ਤਾਂ ਫਿਰ ਕਿਸੇ ਆਸਾਨ ਸ਼ਿਕਾਰ (ਦੇਸ਼) ਵੱਲ ਮੂੰਹ ਕਰਕੇ ਭਰਪਾਈ ਕਰਨ ਵਾਲੀ ਨੀਤੀ ਚਲਦੀ ਰਹੇਗੀ।

ਵੇਖੋ ਕਿਵੇਂ ਦੂਜੀ ਸੰਸਾਰ ਜੰਗ ਤੋਂ ਬਾਅਦ ਆਪਸ ਵਿਚ ਲੜਦੇ ਰਹੇ ਸਾਰੇ ਤਕੜੇ ਪੂੰਜੀਵਾਦੀ ਸਾਮਰਾਜੀ ਮੁਲਕ ਸਭ ਕੁਝ ਭੁਲਾ ਕੇ ਫਿਰ ਇਕ ਢਾਣੀ ਵਾਂਗ ਇਕੱਠੇ ਹੋ ਗਏ ਹਨ। ਮਕਸਦ ਮਾੜੇ ਦੇਸ਼ਾਂ ਉੱਤੇ ਗਲਬਾ ਅਤੇ ਆਰਥਕ ਲੁੱਟ ਹੈ। ਆਪਣੇ ਤੋਂ ਸਿਵਾ ਇਹ ਕਿਸੇ ਦੀ ਜਾਨ ਮਾਲ ਜਜ਼ਬਾਤ ਦੀ ਕੋਈ ਕੀਮਤ ਨਹੀਂ ਸਮਝਦੇ। ਇਹਨਾਂ ਤੋਂ ਰਹਿਮ ਸਮਝਦਾਰੀ ਦੀ ਉਮੀਦ ਨਹੀਂ। ਇਹ ਸਿਰਫ਼ ਜ਼ੋਰ ਦੀ ਭਾਸ਼ਾ ਸਮਝਦੇ ਹਨ। ਬਾਕੀ ਸਾਰੇ ਦੇਸ਼ਾਂ ਲਈ ਇਹ ਗੰਭੀਰ ਵਿਚਾਰ ਦਾ ਮੁੱਦਾ ਹੈ। ਅਮਨ ਚੈਨ ਖ਼ਤਰੇ ਵਿਚ ਹੈ। ਭਾਰਤ ਸਰਕਾਰ ਨੂੰ ਆਪਣੀ ਵਿਦੇਸ਼ ਅਤੇ ਸਮਾਜਕ ਨੀਤੀ ਉੱਤੇ ਬੇਲਿਹਾਜੀ ਸਵੈ-ਪੜਚੋਲ ਦੀ ਲੋੜ ਹੈ। ਗਵਾਂਢੀ ਤੇ ਆਪਸੀ ਭਾਈਚਾਰੇ ਦੀ ਕੀਮਤ ਸਮਝੀਏ।

***

### ਮੋਦੀ-ਟਰੰਪ ਮੁਲਾਕਾਤ: ਨਿੱਘ ਗਾਇਬ, ਰਣਨੀਤਕ

ਭਾਵੇਂ ਟਰੰਪ ਕਹਿ ਰਿਹਾ ਹੋਵੇ ਕਿ ਦੋਹਾਂ ਨੇਤਾਵਾਂ ਵਿਚਕਾਰ ਸੰਬੰਧ ਇੰਨੇ ਚੰਗੇ ਹਨ ਕਿ ਇਸ ਤੋਂ ਬਿਹਤਰ ਨਹੀਂ ਹੋ ਸਕਦੇ। ਜ਼ਿਕਰਯੋਗ ਹੈ ਕਿ 2018 ਵਿੱਚ ਕਵਾਡ (ਅਮਰੀਕਾ, ਭਾਰਤ, ਜਪਾਨ ਤੇ ਆਸਟ੍ਰੇਲੀਆ) ਨੂੰ ਸੰਗਠਿਤ ਕਰਨ ਦੇ ਸਿਧਾਂਤ ਪਿੱਛੇ ਇੰਡੋ-ਪੈਸੀਫਿਕ ਦਾ ਵਿਚਾਰ ਇਹ ਸੀ ਕਿ ਚੀਨ ਦੇ ਪ੍ਰਭਾਵ ਨੂੰ ਸੰਤੁਲਿਤ ਕਰਨ ਲਈ ਭਾਰਤ ਕੇਂਦਰੀ ਥੰਮ ਹੋਵੇਗਾ, ਪਰ ਨਾਂਅ ਬਦਲਣ ਤੋਂ ਸਪੱਸ਼ਟ ਹੋ ਗਿਆ ਹੈ ਕਿ ਭਾਰਤ ਤੇ ਅਮਰੀਕਾ ਦੇ ਸਬੰਧ ਹੁਣ ਪਹਿਲਾਂ ਵਰਗੇ ਨਹੀਂ ਰਹੇ।

ਸਾਬਕਾ ਭਾਰਤੀ ਵਿਦੇਸ਼ ਸਕੱਤਰ ਕੰਵਲ ਸਿੱਬਲ ਨੇ ਐਕਸ 'ਤੇ ਲਿਖਿਆ ਹੈ 'ਤੱਥ ਇਹ ਹੈ ਕਿ ਸਬੰਧ ਖਰਾਬ ਹੋਣ ਦੇ ਸਭ ਕਾਰਨਾਂ ਦੇ ਲਈ ਟਰੰਪ ਤੇ ਉਨ੍ਹਾਂ ਦੀ ਟੀਮ ਜ਼ਿੰਮੇਵਾਰ ਹੈ ਅਤੇ ਉਹ ਅਜੇ ਵੀ ਇਸ ਤੋਂ ਪਿੱਛੇ ਨਹੀਂ ਹਟ ਰਹੇ, ਇਸੇ ਲਈ ਮੋਦੀ-ਟਰੰਪ ਦੀ ਮੁਲਾਕਾਤ ਤੋਂ ਪਹਿਲਾਂ ਯੂ.ਐੱਸ. ਇੰਡੋ-ਪੈਸੀਫਿਕ ਕਮਾਂਡ ਦਾ ਨਾਂਅ ਬਦਲ ਕੇ ਯੂ.ਐੱਸ. ਪੈਸੀਫਿਕ ਕਮਾਂਡ ਕਰ ਦਿੱਤਾ ਗਿਆ ਹੈ।' ਫਿਰ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮੋਦੀ ਤੇ ਟਰੰਪ ਵਿਚਕਾਰ ਦੁਵੱਲੀ ਮੁਲਾਕਾਤ ਨੇ ਨਵੀਂ ਦਿੱਲੀ ਤੇ ਵਾਸ਼ਿੰਗਟਨ ਵਿਚਕਾਰ ਵਪਾਰ ਤੇ ਟੈਰਿਫ ਸਮਝੌਤਿਆਂ, ਰੱਖਿਆ ਤੇ ਤਕਨਾਲੋਜੀ ਸਬੰਧਾਂ, ਖੇਤਰੀ ਸੁਰੱਖਿਆ ਤੇ ਊਰਜਾ ਦੇ ਖੇਤਰ ਵਿੱਚ ਸਹਿਯੋਗ ਦੀ ਸੰਭਾਵਨਾ ਨੂੰ ਵਧਾਇਆ ਹੈ। ਇਹ ਦੋਵੇਂ ਦੇਸ਼ਾਂ ਲਈ ਲਾਭ ਦਾ ਸੌਦਾ ਹੋ ਸਕਦਾ ਹੈ।

***

### ਕਾਰੋਬਾਰ ਬਣੀ ਦੇਸ਼ ਦੀ

ਅੱਜ ਸੋਸ਼ਲ ਮੀਡੀਆ ਪੀ.ਐਚ.ਡੀ. ਡਿਗਰੀ ਕਰਾਉਣ ਵਾਲਿਆਂ ਨਾਲ ਭਰਿਆ ਪਿਆ ਹੈ, ਜੋ ਸ਼ੁਰੂ ਤੋਂ ਲੈ ਕੇ ਪਾਸ ਕਰਾਉਣ ਤੱਕ ਸਾਰਾ ਕੰਮ ਕਰਕੇ ਦੇਣ ਦਾ ਠੇਕਾ ਕਰਦੇ ਹਨ।

ਹਾਲ ਹੀ ਵਿੱਚ ਨੀਟ ਦੇ ਪੇਪਰ ਲੀਕ ਤੋਂ ਲੈ ਕੇ ਜਾਅਲੀ ਡਿਗਰੀਆਂ ਦੇ ਇਸ ਸਫ਼ਰ ਨੇ ਕਿਤੇ ਨਾ ਕਿਤੇ ਸਿਸਟਮ ਨੂੰ ਚਲਾਉਣ ਵਾਲਿਆਂ 'ਤੇ ਸਵਾਲ ਖੜ੍ਹੇ ਕੀਤੇ ਹਨ। ਇਹ ਸਭ ਕੁਝ ਕੁਰਸੀ 'ਤੇ ਬੈਠੇ ਲੋਕਾਂ ਦੀ ਨਾਕਾਬਲੀਅਤ ਦਰਸਾਉਂਦਾਹੈ। ਇਸ ਸਿਸਟਮ ਵਿੱਚ ਸਿਰਫ਼ ਆਮ ਇਨਸਾਨ ਪਿਸ ਰਿਹਾ ਹੈ। ਸਿਸਟਮ ਦੇ ਪਹਿਰੇਦਾਰ ਜ਼ਰਾ ਸੋਚਣ ਕਿ ਜਿੰਨੀ ਰਾਸ਼ੀ ਉਹ ਮੁਫ਼ਤ ਦੀਆਂ ਸਹੂਲਤਾਂ 'ਤੇ ਖ਼ਰਚਦੇ ਹਨ, ਕੀ ਉਸ ਪੈਸੇ ਨਾਲ ਚੀਨ ਵਾਂਗ ਛੋਟੇ-ਛੋਟੇ ਘਰੇਲੂ ਕਾਰਖਾਨੇ ਨਹੀਂ ਖੋਲ੍ਹ ਸਕਦੇ? ਜੇ ਅਜਿਹਾ ਹੋ ਜਾਵੇ ਤਾਂ ਅਸੀਂ ਜ਼ਰੂਰਤ ਦੀਆਂ ਚੀਜ਼ਾਂ ਜੋ ਚੀਨ ਤੋਂ ਮੰਗਵਾਉਂਦੇ ਹਾਂ, ਦੇਸ਼ ਵਿੱਚ ਹੀ ਬਣਾਈਆਂ ਜਾ ਸਕਦੀਆਂ ਹਨ ਅਤੇ ਲੋਕਾਂ ਨੂੰ ਰੁਜ਼ਗਾਰ ਦੇ ਕੇ ਮੁਫ਼ਤ ਦੀਆਂ ਸਹੂਲਤਾਂ ਦੇਣ ਤੋਂ ਵੀ ਨਿਜਾਤ ਪਾਈ ਜਾ ਸਕਦੀ ਹੈ।

***

### ਪੰਜਾਬ ਦੇ ਪੇਂਡੂ ਅਰਥਚਾਰੇ ਦੇ

ਖੇਤੀ ਖੇਤਰ 'ਚ ਉੱਤਮ ਸਥਾਨ ਰੱਖਣ ਵਾਲੇ ਪੰਜਾਬ ਕੋਲ ਖੇਤੀ ਖੇਤਰ ਦੀ ਕੋਈ ਵੱਡੀ ਸਨਅਤ ਨਹੀਂ ਲਗਾਈ ਗਈ। ਕੋਈ ਵੱਡੀ ਸਨਅਤ ਵੀ ਪੰਜਾਬ 'ਚ ਲਗਾਉਣ ਦਾ ਯਤਨ ਨਹੀਂ ਹੋਇਆ। ਜੇਕਰ ਪੰਜਾਬ ਵਿੱਚ ਖੇਤੀ ਖੇਤਰ ਨਾਲ ਸਬੰਧਤ ਕਾਰਖਾਨੇ ਲਗਾਏ ਹੁੰਦੇ ਅਤੇ ਇੱਥੋਂ ਦੇ ਕੱਚੇ ਮਾਲ ਦੀ ਵਰਤੋਂ ਇੱਥੇ ਪੰਜਾਬ 'ਚ ਹੀ ਕੀਤੀ ਹੁੰਦੀ, ਤਾਂ ਪੰਜਾਬ ਦੇ ਅਰਥਚਾਰੇ ਨੂੰ ਫੈਲਾਅ ਮਿਲਣਾ ਸੀ।

ਪਿੰਡ ਦੀ ਖੇਤੀ ਦੇ ਉਜਾੜੇ ਦਾ ਕਾਰਨ ਪ੍ਰਤੀ ਸਾਲ ਹੜ੍ਹਾਂ ਦੀ ਲਪੇਟ ਵਿੱਚ ਆਉਣਾ ਹੈ, ਜਿਸ ਦਾ ਸੈਂਕੜੇ ਏਕੜ ਜ਼ਮੀਨ ਉਥੇ ਅਸਰ ਪੈਂਦਾ ਹੈ ਅਤੇ ਲੋਕਾਂ ਦੇ ਜਾਨ ਅਤੇ ਮਾਲ ਦਾ ਵੱਡਾ ਨੁਕਸਾਨ ਹੁੰਦਾ ਹੈ। ਉਪਰੋਂ ਬੇਮੌਸਮੀ ਬਰਸਾਤ ਕਈ ਵੇਰ ਪੱਕੀਆਂ ਫ਼ਸਲਾਂ ਦੇ ਵੱਡੀ ਤਬਾਹੀ ਦਾ ਕਾਰਨ ਬਣਦੀ ਹੈ।

ਪੰਜਾਬ, ਖ਼ਾਸ ਕਰਕੇ ਪੇਂਡੂ ਪੰਜਾਬ ਉੱਜੜ ਰਿਹਾ ਹੈ। ਇਸ ਦਾ ਕੋਈ ਵਾਲੀ-ਵਾਰਸ ਨਹੀਂ ਬਣ ਰਿਹਾ, ਨਾ ਸਰਕਾਰ ਨਾ ਹੀ ਕੋਈ ਸਿਆਸੀ ਧਿਰ ਅਤੇ ਇਥੋਂ ਤੱਕ ਕਿ ਨਾ ਹੀ ਕੋਈ ਕਥਿਤ ਪੰਜਾਬ ਹਿਤੈਸ਼ੀ। ਜੇਕਰ ਪੰਜਾਬ ਦੀ ਪੇਂਡੂ ਆਰਥਿਕਤਾ ਦੀ ਸਥਿਤੀ ਇਵੇਂ ਹੀ ਰਹੀ, ਤਾਂ ਪੰਜਾਬ ਦਾ ਇਹ ਆਰਥਿਕ ਅਤੇ ਸਮਾਜਿਕ ਉਜਾੜਾ ਪੂਰੇ ਪੰਜਾਬ ਨੂੰ ਲੇਖੇ ਲਾ ਦੇਵੇਗਾ (ਤਬਾਹ ਕਰ ਦੇਵੇਗਾ)।

***

### ਗੁਰਦੁਆਰਾ ਪ੍ਰਬੰਧ 'ਤੇ ਸਰਕਾਰੀ ਕਬਜ਼ਾ ਸਿੱਖਾਂ ਨੂੰ

ਇਸ ਲਈ ਸਰਬ ਹਿੰਦ ਗੁਰਦੁਆਰਾ ਐਕਟ ਦਾ ਨਵਾਂ ਖਰੜਾ ਸਹੀ ਅਰਥਾਂ ਵਿੱਚ ਸੰਘੀ (ਫ਼ੈਡਰਲ) ਹੋਣਾ ਚਾਹੀਦਾ ਹੈ।

ਨਵੇਂ ਸਰਬ ਹਿੰਦ ਗੁਰਦੁਆਰਾ ਐਕਟ ਦਾ ਸਰੂਪ ਕਿਹੋ ਜਿਹਾ ਹੋਵੇ ?

ਧਾਰਮਿਕ ਇੱਕਜੁਟਤਾ: ਇਹ ਐਕਟ ਪੂਰੇ ਦੇਸ਼ ਦੇ ਸਿੱਖਾਂ ਨੂੰ ਧਾਰਮਿਕ ਤੌਰ 'ਤੇ ਇੱਕ ਸੂਤਰ ਵਿੱਚ ਪਰੋਵੇ, ਤਾਂ ਜੋ ਪੂਰੇ ਵਿਸ਼ਵ ਵਿੱਚ ਇੱਕੋ 'ਰਹਿਤ ਮਰਿਆਦਾ' ਲਾਗੂ ਹੋ ਸਕੇ।

ਰਾਜਨੀਤਕ ਤੇ ਸਥਾਨਕ ਆਜ਼ਾਦੀ: ਵੱਖ-ਵੱਖ ਰਾਜਾਂ ਦੇ ਸਿੱਖਾਂ ਨੂੰ ਆਪਣੇ ਸਥਾਨਕ ਪ੍ਰਬੰਧ ਚਲਾਉਣ ਲਈ ਰਾਜਨੀਤਕ ਰੂਪ ਵਿੱਚ ਪੂਰੀ ਆਜ਼ਾਦੀ ਹੋਵੇ। ਇਸ ਦੇ ਤਹਿਤ ਸਾਰੇ ਪੰਜ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਉਨ੍ਹਾਂ ਨੂੰ ਹਟਾਉਣ ਦੀ ਪ੍ਰਕਿਰਿਆ ਅਤੇ ਉਨ੍ਹਾਂ ਦੇ ਅਧਿਕਾਰਾਂ ਤੇ ਫ਼ਰਜ਼ਾਂ ਸੰਬੰਧੀ ਇੱਕੋ ਜਿਹੇ ਨਿਯਮ ਨਿਰਧਾਰਿਤ ਕੀਤੇ ਜਾਣ।

ਸਮੂਹਿਕ ਪਲੇਟਫ਼ਾਰਮ: ਇੱਕ ਅਜਿਹਾ ਕੇਂਦਰੀ ਪਲੇਟਫ਼ਾਰਮ ਬਣੇ ਜਿੱਥੇ ਹਰ ਰਾਜ ਦੀ ਸਿੱਖ ਆਬਾਦੀ ਦੇ ਅਨੁਪਾਤ ਮੁਤਾਬਿਕ ਪ੍ਰਤੀਨਿਧ ਚੁਣੇ ਜਾਣ। ਜਦੋਂ ਵੀ ਕਿਸੇ ਲੋਕਲ ਪੱਧਰ 'ਤੇ ਕੋਈ ਸਮੱਸਿਆ ਆਵੇ, ਤਾਂ ਸਾਰੀ ਕੌਮ ਉਸ ਰਾਜ ਦੇ ਸਿੱਖਾਂ ਦੀ ਪਿੱਠ 'ਤੇ ਖੜ੍ਹੇ ਹੋਣ ਲਈ ਸਮੂਹਿਕ ਫ਼ੈਸਲਾ ਲੈ ਸਕੇ।

ਪੰਥਕ ਚਿੰਤਕ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਅਤੀਤ ਵੱਲ ਝਾਤ ਮਾਰੀਏ ਤਾਂ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਕਿਸੇ ਵੇਲੇ ਇਸ ਐਕਟ ਲਈ ਮੋਰਚੇ ਲਾਉਂਦੇ ਰਹੇ ਹਨ, ਪਰ ਬਦਕਿਸਮਤੀ ਨਾਲ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਵਰਗੇ ਆਗੂ ਬਾਅਦ ਵਿੱਚ ਇਸ ਤੋਂ ਪਿੱਛੇ ਹਟ ਗਏ। ਉਹਨਾਂ ਦਾ ਕਹਿਣਾ ਹੈ ਕਿ ਅਜਿਹਾ ਸ਼ਾਇਦ ਇਸ ਡਰ ਕਾਰਨ ਹੋਇਆ ਕਿ ਦੇਸ਼ ਵਿਆਪੀ ਐਕਟ ਬਣਨ ਨਾਲ ਗੁਰਦੁਆਰਾ ਪ੍ਰਬੰਧ ਤੋਂ ਉਨ੍ਹਾਂ ਦਾ ਆਪਣਾ ਏਕਾਧਿਕਾਰ (ਕਬਜ਼ਾ) ਖ਼ਤਮ ਨਾ ਹੋ ਜਾਵੇ। ਸਿੱਖੀ ਵਿੱਚ ਜਾਤ-ਪਾਤ ਦਾ ਕੋਈ ਸਥਾਨ ਨਹੀਂ ਹੈ, ਪਰ ਅਮਲੀ ਤੌਰ 'ਤੇ ਇਹ ਸਾਡੇ ਪ੍ਰਬੰਧਾਂ 'ਤੇ ਹਾਵੀ ਹੈ, ਜੋ ਕਿ ਇਸ ਐਕਟ ਦੇ ਪਿਛਾਂਹ ਖਿੱਚਣ ਦਾ ਇੱਕ ਵੱਡਾ ਕਾਰਨ ਰਿਹਾ। ਹੁਣ ਸਮਾਂ ਆ ਗਿਆ ਹੈ ਕਿ ਸਿੱਖ ਕੌਮ ਅਤੀਤ ਦੀਆਂ ਗ਼ਲਤੀਆਂ ਅਤੇ ਨਿੱਜੀ ਸਿਆਸੀ ਹਿੱਤਾਂ ਤੋਂ ਉੱਪਰ ਉੱਠੇ। ਜੇਕਰ ਅੱਜ ਅਸੀਂ ਇੱਕ ਮਜ਼ਬੂਤ ਅਤੇ ਫ਼ੈਡਰਲ ਸਰੂਪ ਵਾਲਾ 'ਸਰਬ ਹਿੰਦ ਗੁਰਦੁਆਰਾ ਐਕਟ' ਨਾ ਬਣਵਾ ਸਕੇ, ਤਾਂ ਹਰ ਰਾਜ ਦੀ ਸਰਕਾਰ ਸ੍ਰੀ ਹਜ਼ੂਰ ਸਾਹਿਬ ਵਾਂਗ ਹੌਲੀ-ਹੌਲੀ ਸਿੱਖ ਸੰਸਥਾਵਾਂ 'ਤੇ ਕਾਬਜ਼ ਹੁੰਦੀ ਜਾਵੇਗੀ। ਕੌਮ ਦੀ ਹੋਂਦ ਅਤੇ ਆਜ਼ਾਦੀ ਨੂੰ ਬਚਾਉਣ ਲਈ ਇਸ ਐਕਟ ਲਈ ਫ਼ਿਰ ਤੋਂ ਸੁਹਿਰਦ ਯਤਨ ਕਰਨਾ ਅੱਜ ਦੇ ਸਮੇਂ ਦੀ ਸਭ ਤੋਂ ਮੁੱਖ ਲੋੜ ਹੈ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

# ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
# ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

**ਮੁਫ਼ਤ ਉਪਲੱਬਧ ਹੈ**

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

**https://hokatv.com/guest/home**